# ਸਮਤਾ

ਜੁਲਾਈ1984 (ਅੰਕ 50)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਜੁਲਾਈ 1984

ਮੁੱਲ—ਦੋ ਰੁਪਏ

50

## ਅੰਦਰ ਪੜ੍ਹੋ

ਸੰਪਾਦਕੀ—ਆਓ ਇਸ ਧਰਤੀ ਤੇ ਨਵੇਂ ਕਾਂਡ ਦਾ ਆਰੰਭ ਕਰੀਏ

ਲੋਕ ਰਾਇ :

1. ਇਹ ਸਮਾਂ ਗ਼ੈਰ ਜ਼ਿੰਮੇਵਾਰ ਗੱਲਾਂ ਦਾ ਨਹੀਂ/ਸੰਪਾਦਕ ਇੰਡੀਅਨ ਐਕਸਪ੍ਰੈਸ
2. ਅਮ੍ਰਿਤ ਦਾ ਸਰੋਵਰ ਕਿ ਲਹੂ ਦਾ ਸਰੋਵਰ ?/ਖੁਸ਼ਵੰਤ ਸਿੰਘ
3. ਇਕ ਧਾਰਮਿਕ ਆਗੂ ਦਾ ਪ੍ਰਤੀਕਰਮ/ਸੰਤ ਨਿਹਾਲ ਸਿੰਘ ਹਰੀਆਂ ਵੇਲ੍ਹਾਂ ਵਾਲੇ
4. ਹਿੰਦੂਆਂ ਦਾ ਪ੍ਰਤੀਕਰਮ/ਇਕ ਸ਼ਹਿਰੀ ਮਦਨ ਲਾਲ ਦੀ ਚਿੱਠੀ
5. ਪੰਜਾਬ ਬਾਰੇ ਸੱਚਾਈ/ਹਰਕਿਸ਼ਨ ਸਿੰਘ ਸੁਰਜੀਤ
6. ਪਾਕਿਸਤਾਨ ਇਹਦਾ ਜ਼ਿੰਮੇਵਾਰ ਨਹੀਂ/ਜਨਰਲ ਜ਼ਿਆ ਉਲਹੱਕ
7. ਹਥਿਆਰਾਂ ਜ਼ਖੀਰੇ ਦੇ ਸਮਗਲਿੰਗ ਨਾਲ ਇਕੱਠੇ ਕੀਤੇ ਗਏ/ਬੀਰਬਲ ਨਾਥ
8. ਜ਼ਖਮਾਂ ਤੇ ਮਰਹਮ ਕਿ ਲੂਣ ?/ਸੰਪਾਦਕ ਇੰਡੀਅਨ ਐਕਸਪ੍ਰੈਸ
9. ਪੰਜਾਬ ਡਰਾਮਾ/ਆਰ.ਵੀ. ਪਰਤਾਪ
10. ਰਾਸ਼ਟਰ ਪੱਧਰ ਤੇ ਪੰਜਾਬ ਵਿਚ ਫ਼ੌਜੀ ਦਖਲਅੰਦਾਜ਼ੀ ਦੇ ਵਿਰੁੱਧ ਸੰਘਰਸ਼ ਕਰਨ ਲਈ ਤ੍ਰਿਆਰੀ ਕ੍ਰਮੇਟੀ ਦੀ ਸਥਾਪਨਾ/ਸਵੱਪਣ ਮੁਕਰਜੀ
11. ਕੁਝ ਸੋਚਣ ਦਾ ਸਮਾਂ/ਏ.ਪੀ. ਸਿੰਗਲਾ
12. ਸਿੱਖ ਭਰਾਵਾਂ ਦੇ ਸੋਚਣ ਲਈ/ਗਲੀ ਦੀ ਨੁੱਕਰ ਤੇ ਹੋਈ ਵਾਰਤਾਲਾਪ
13. ਇਕ ਫ਼ੌਜੀ ਜਵਾਨ ਦੀ ਚਿੱਠੀ
14. ਅਸੀਂ ਸਿਆਣੇ ਕਦੋਂ ਬਣਾਂਗੇ/ਮੁਹੱਲੇ ਦੇ ਇਕ ਇਕੱਠ ਵਿਚ ਵਾਪਰੀ ਘਟਨਾ
15. ਖੁਦੀਆ ਹੱਥ ਨੂੰ ਪਛਾਣੀਏ/ਡਾਕਟਰ ਗੁਰਚਰਨ ਸਿੰਘ
16. ਹਥਿਆਰਬੰਦ ਇਨਕਲਾਬ ਜਾਂ ਆਤੰਕਵਾਦ
17. ਪੰਜਾਬ ਵਿਚ ਫ਼ੌਜੀ ਕਾਰਵਾਈ ਬਾਰੇ ਕਮਿਊਨਿਸਟ ਇਨਕਲਾਬੀਆਂ ਦਾ ਨਜ਼ਰੀਆ

ਕਹਾਣੀਆਂ : ਸਮਝ ਤਾਂ ਮੈਨੂੰ ਵੀ ਨਹੀਂ/ਗੁਰਦਿਆਲ ਦਲਾਲ

ਇਹ ਤਾਂ ਸ਼ੁਰੂਆਤ ਹੈ/ਜਿੰਦਰ

ਵਿਚਾਰ ਚਰਚਾ/ਲੇਖ : ਪੰਜਾਬੀਅਤ ਦਾ ਸੰਕਟ/ਜਸਬੀਰ

ਕੈਨੇਡਾ ਤੋਂ : ਹਿੰਦੂ ਸਿੱਖ ਏਕਤਾ ਬਾਰੇ ਇਕ ਜਾਣਕਾਰੀ ਦਸਤਾਵੇਜ਼.

ਪਾਠਕ ਲੇਖਕ ਫੋਰਮ—ਲਖਵਿੰਦਰ ਲਿੱਟ, ਗੁਰਮੀਤ ਕੱਲਰ ਮਾਜਰੀ, ਸੁਰਜੀਤ ਗਾਮੀ, ਅਜਮੇਰ ਕੋਵੈਂਟਰੀ, ਅਮਰਜੀਤ ਸਿੰਘ

ਅਤੇ

ਦਰਬਾਰ ਸਾਹਿਬ ਅਮ੍ਰਿਤਸਰ 'ਚ ਹੋਈ ਫੌਜੀ ਕਾਰਵਾਈ 'ਨੀਲਾ ਤਾਰਾ' ਦਾ ਅੱਖੀਂ ਡਿੱਠਾ ਹਾਲ

# ਆਓ, 'ਇਸ ਧਰਤੀ ਤੇ ਇਕ ਨਵੇਂ ਕਾਂਡ ਦਾ ਆਰੰਭ ਕਰੀਏ

ਦਰਬਾਰ ਸਾਹਿਬ ਛਲਣੀ ਛਲਣੀ ਹੋ ਗਿਆ ਹੈ। ਪੰਜਾਬ ਛਲਣੀ ਛਲਣੀ ਹੋ ਗਿਆ ਹੈ। ਦੁਨੀਆ ਭਰਦੇ ਸਿਖਾਂ ਦੇ ਦਿਲ ਛਲਣੀ ਛਲਣੀ ਹੋ ਗਏ ਹਨ। ਕੁਝ ਹੱਦ ਤਕ ਅਸੀਂ ਸਾਰੇ ਇਸ ਇਲਜ਼ਾਮ ਦੇ ਭਾਗੀ ਹਾਂ, ਪਰ ਫੇਰ ਵੀ ਵਡੇ ਦੋਸ਼ੀਆਂ ਤੇ ਇਲਜ਼ਾਮ ਦੀ ਉਂਗਲ ਰਖਣੀ ਜ਼ਰੂਰੀ ਹੈ ਤਾਂ ਹੀ ਭਵਿੱਖ ਨੂੰ ਨਵੀਆਂ ਲੀਹਾਂ ਤੇ ਤੋਰਿਆ ਜਾ ਸਕੇਗਾ। ਆਓ ਇਲਜ਼ਾਮ ਦੀ ਉਂਗਲ ਰਖੀਏ :

**ਸੰਤ ਭਿੰਡਰਾਂ ਵਾਲੇ** ਤੇ, ਜੋ ਵੀਹਵੀਂ ਸੱਦੀ ਵਿਚ ਇਤਹਾਸ ਦਾ ਪਹੀਆ ਪੁੱਠਾ ਮੋੜਣ ਤੇ ਤੁੱਲਿਆ ਹੋਇਆ ਸੀ। ਉਹ ਇਕ ਧਾਰਮਿਕ ਜਨੂੰਨੀ ਸੀ, ਜਿਸਦੀ ਛੱਤਰ ਛਾਂ ਥੱਲੇ ਜੇਕਰ ਮਰ ਮਿਟਨ ਵਾਲੇ ਸੂਰਮੇ (ਜਨੂੰਨ ਦੀ ਹੱਦ ਤਕ) ਸਨ, ਤਾਂ ਕਾਤਲ, ਸੱਮਗਲਰ, ਚੋਰ, ਡਾਕੂ, ਲੁੱਚੇ, ਬਦਮਾਸ਼ ਵੀ ਸਨ, ਜਿਨ੍ਹਾਂ ਕੋਲੋਂ, ਹਰ ਨੀਚ ਤੋਂ ਨੀਚ ਕੰਮ ਦੀ ਉਮੀਦ ਕੀਤੀ ਜਾ ਸਕਦੀ ਸੀ।

**ਸੰਤ ਲੌਂਗੋਵਾਲ, ਟਹੁਰਾ** ਆਦਿਕ ਤੇ, ਜੋ ਸਭ ਕੁਝ ਅਪਣੇਸਾਹਮਣੇ ਦੇਖ ਰਹੇ ਸਨ ਪਰ ਸਵਾਰਥ ਨੇ ਉਨਾਂ ਦਾ ਮੂੰਹ ਬੰਦ ਰਖਿਆ। ਮੋਰਚੇ ਦੀ ਆੜ ਵਿਚ, ਜੋ ਕੁਝ ਦਰਬਾਰ ਸਾਹਿਬ ਤੋਂ ਰਿਹਾ ਸੀ ਉਹਨਾਂ ਕੋਲੋਂ ਭੁਲਿਆ ਨਹੀਂ ਸੀ ਪਰ ਨਾ ਹੀ ਉਹਨਾਂ ਨੇ ਕਦੀ ਉਹਦੀ ਨਖੇਧੀ ਕੀਤੀ ਤੇ ਨਾ ਹੀ ਲੋਕਾਂ ਨੂੰ ਕੁਝ ਦਸਿਆ ਸਗੋਂ ਇਹਨਾਂ ਕਾਰਵਾਈਆਂ ਨੂੰ 'ਸਰਕਾਰ ਦੀ ਸਾਜ਼ਿਸ਼' ਆਖਕੇ ਉਹਨਾਂ ਉਤੇ ਪਰਦਾ ਪਾਇਆ।

**ਇੰਦਰਾ ਗਾਂਧੀ** ਤੇ, ਇਕ ਨਾਕਸ ਭ੍ਰਿਸ਼ਟਾਚਾਰੀ ਪ੍ਰਬੰਧ ਦੀ ਮੁੱਖੀਆ, ਜਿਸ ਕੋਲ ਅੰਨ੍ਹੀ ਤਾਕਤ ਦੀ ਵਰਤੋਂ ਦੇ ਸਿਵਾ ਕਿਸੇ ਵੀ ਮੱਸਲੇ ਦਾ ਕੋਈ ਹੱਲ ਨਹੀਂ। ਇੰਦਰਾ ਗਾਂਧੀ ਨੂੰ ਸਾਰੀ ਖੇਡ ਦਾ ਪੂਰਾ ਪਤਾ ਸੀ, ਪਰ ਉਹ ਉਸ ਵੇਲੇ ਤਕ ਉਡਕਦੀ ਰਹੀ, ਜਦ ਤਕ ਉਹਨੂੰ ਯਕੀਨ ਨਾ ਹੋ ਗਿਆ ਕਿ ਉਹ ਇਸ ਐਕਸ਼ਨ ਤੋਂ ਵੱਧ ਤੋਂ ਵੱਧ ਰਾਜਨੀਤਕ ਲਾਭ ਨਹੀਂ ਲੈ ਸਕਦੀ। ਪਹਿਲੇ ਨਾਸੂਰ ਨੂੰ ਵੱਧਨ ਦਿਓ ਤੇ ਫੇਰ ਮਾਰੂ ਅਪ੍ਰੇਸ਼ਨ ਕਰਕੇ ਲੋਕਾਂ ਵਿਚ ਸੱਚੇ ਹੋ ਜਾਓ! ਹਿੰਦੋਸਤਾਨ ਦੇ ਇਕ ਮਹੱਤਵ ਪੂਰਬ ਘੱਟ ਗਿਣਤੀ ਦੇ ਲੋਕਾਂ ਦੇ ਸਮੂਹ ਦੇ ਦਿਲਾਂ ਵਿਚ ਇਕ ਡੂੰਘੀ ਤ੍ਰੇੜ ਪਾ ਕੇ ਉਹਨੇ ਦੇਸ਼ ਦੇ ਹਿੱਤਾਂ ਨੂੰ ਐਸਾ ਨੁਕਸਾਨ ਪੁਚਾਇਆ ਹੈ, ਜੋ ਕਦੀ ਵੀ ਪੂਰਾ ਨਹੀਂ ਕੀਤਾ ਜਾ ਸਕਦਾ। She has done the greatest disservice to the Nation.

ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਅਸੀਂ ਜੀਣਾ ਹੈ। ਜ਼ਿੰਦਗੀ ਵਲ ਅਪਣਾ ਫਰਜ਼ ਪੂਰਾ ਕਰਨਾ ਹੈ। ਸੰਘਰਸ਼ ਨੂੰ ਨਵੇਂ ਇਰਾਦੇ ਨਾਲ ਜਾਰੀ ਰਖਣਾ ਹੈ। ਇਕ ਐਸੇ ਪ੍ਰਬੰਧ ਦੀ ਕਾਇਮੀ ਲਈ ਜਦੋ ਜਹਿਦ ਕਰਨੀ ਹੈ

o ਜਿਸ ਵਿਚ ਜੱਬਰ ਅਤੇ ਲੁੱਟ ਦੀ ਕੋਈ ਥਾਂ ਨਾਂ ਹੋਵੇ।

o ਜਿਸ ਵਿਚ ਦਲੀਲ ਪ੍ਰਧਾਨ ਹੋਵੇ। ਅੰਧ-ਵਿਸ਼ਵਾਸ ਦੀ ਕੋਈ ਥਾਂ ਨਾ ਹੋਵੇ, ਰੱਬ ਦੇਵੀ ਦੇਵਤਿਆਂ ਦੀ ਕੱਲਪਿਤ ਹੋਂਦ ਇਸ ਅੰਧਵਿਸ਼ਵਾਸ਼ ਨੂੰ ਜਨਮ ਦੇਂਦੀ ਹੈ। ਇਸ ਅੰਧ-ਵਿਸ਼ਵਾਸ ਨੇ ਹੀ ਧਰਮਾਂ ਦੇ ਪੁਜਾਰੀਆਂ ਨੂੰ ਹੋਂਦ ਵਿਚ ਲਿਆਂਦਾ ਹੈ ਜਿਸਨੇ ਬੇ-ਇਨਤਹਾ ਮਨੁੱਖੀ ਖ਼ੂਨ ਡੋਲ੍ਹਿਆ ਹੈ। ਜੇਕਰ ਅੰਧ ਵਿਸ਼ਵਾਸ਼ ਦੀਆਂ ਜੜ੍ਹਾਂ ਮੁਕਾਈਆਂ ਜਾਣ ਤਾਂ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਮਨੁੱਖ ਇਕ ਵਿਗਿਆਨਿਕ ਜੀਵਨ ਫਲਸਫੇ ਜਾਂ ਜੀਵਨ ਜਾਚ ਦਾ ਮਾਲਕ ਹੋ ਸਕਦਾ ਹੈ, ਜਿਸ ਨਾਲ ਉਹ ਅਪਣੇ ਆਲੇਦੁਆਲੇ ਦਾ ਸਹੀ ਦ੍ਰਿਸ਼ਟੀ ਨਾਲ ਵਿਸ਼ਲੇਸ਼ਣ ਕਰਕੇ ਜੀਵਨ ਨੂੰ ਸਫਲ ਕਰ ਸਕਦਾ ਹੈ।

ਜੀਵਨ ਦੇ ਲੱਕਸ਼ ਨੂੰ ਸਹੀ ਸਮਝਦਿਆਂ ਹੋਇਆ ਉਸ ਮੂਰਖਤਾ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ, ਜਿਸਨੇ ਪੰਜਾਬ ਸਾਰੇ ਨੂੰ ਪਿਛਲੇ ਕੁਝ ਸਾਲਾਂ ਤੋਂ ਛਿੱਕੇ ਟੰਗਿਆ ਹੋਇਆ ਹੈ ਤੇ ਹਜ਼ਾਰਾਂ ਹੀ ਕੀਮਤੀ ਜਾਨਾਂ ਇਸ ਮੂਰਖਤਾ ਦੀ ਬੱਲੀ ਚੜ੍ਹ ਗਈਆਂ ਹਨ। ਆਓ ਇਕ ਨਵਾਂ ਕਾਂਡ ਅਪਣੀ ਧਰਤੀ ਤੇ ਅਰੰਭ ਕਰੀਏ / ਗੁਰਸ਼ਰਨ ਸਿੰਘ

o

ਨੋਟ : ਅਗਲੇ ਵਰਕਿਆਂ ਵਿਚ ਅਸੀਂ ਅਖਬਾਰਾਂ ਵਿਚੋਂ ਅਤੇ ਰੋਜ਼ ਵਾਪਰ ਰਹੀਆਂ ਘਟਨਾਵਾਂ ਵਿਚੋਂ ਕੁਝ 'ਰਾਵਾਂ 'ਲੋਕ ਰਾਇ' ਦੇ ਕਾਲਮ ਥੱਲੇ ਬਗੈਰ ਕਿਸੇ ਟਿਪਣੀ ਦੇ ਰਹੇ ਹਾਂ, ਤਾਂ ਜੋ ਪੰਜਾਬ ਵਿਚ ਜੋ ਕੁਝ ਵਾਪਰਿਆ ਹੈ, ਉਹਦੇ ਬਾਰੇ ਇਕ ਸਾਂਝੀ ਰਾਏ ਬਣਾਈ ਜਾ ਸਕੇ—ਸੰਪਾਦਕ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਤ ਕੀਤਾ। ਵਾਰਸ਼ਿਕ ਚੰਦਾ 15 ਰੁਪਏ; ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪੈ

## 1. ਇਹ ਸਮਾਂ ਗੈਰ ਜ਼ਿਮੇਵਾਰ ਗੱਲਾਂ ਦਾ ਨਹੀਂ

ਦਰਬਾਰ ਸਾਹਿਬ ਅਮ੍ਰਿਤਸਰ ਵਿਚ ਫੌਜੀ ਕਾਰ-ਵਾਈ ਤੋਂ ਬਾਅਦ ਸਰਕਾਰੀ ਬੁਲਾਰਿਆਂ ਵਲੋਂ ਪੰਜ ਗੱਲਾਂ ਵਾਰ ਵਾਰ ਦੁਹਰਾਈਆਂ ਜਾ ਰਹੀਆਂ ਹਨ।

ਪਹਿਲੀ ਗੱਲ ਇਹ ਕਿ ਦਰਬਾਰ ਸਾਹਿਬ ਇਕ ਧਾਰਮਕ ਅਸਥਾਨ ਨਹੀਂ ਸੀ ਰਹਿ ਗਿਆ, ਸਗੋਂ ਇਹ ਇਕ ਸਮਾਜ ਦੁਸ਼ਮਣ ਗਰੋਹ ਦਾ ਅੱਡਾ ਬਣ ਚੁੱਕਾ ਸੀ, ਜਿਸ ਕੋਲ ਹਰ ਕਿਸਮ ਦੇ ਆਧੁਨਿਕ ਹਥਿਆਰ ਸਨ। ਇਹ ਗਰੋਹ ਸੰਤ ਭਿੰਡਰਾਂਵਾਲਾ ਦੀ ਛਤਰ ਛਾਇਆ ਥੱਲੇ ਪਲ ਰਿਹਾ ਸੀ। ਕਤਲ ਕਰਨ ਦੇ, ਬੈਂਕ ਲੁੱਟਣ ਦੇ, ਅੱਗ ਲਗਾਉਣ ਦੇ ਤੇ ਹਰ ਕਿਸਮ ਦੀ ਗੜਬੜ ਕਰਨ ਦੇ ਆਦੇਸ਼ ਦਿਤੇ ਜਾਂਦੇ ਸਨ।

ਦੂਜੀ ਗੱਲ ਕਿ ਦਰਬਾਰ ਸਾਹਿਬ ਨੂੰ ਹੈਡ ਕਵਾਟਰ ਬਣਾਕੇ ਇਕ ਫੌਜੀ ਕਿਸਮ ਦੀ ਤਨਜ਼ੀਮ ਜਥੇਬੰਦ ਕੀਤੀ ਜਾ ਰਹੀ ਸੀ, ਜਿਸਦਾ ਅਸਲੀ ਨਿਸ਼ਾਨਾ ਇਕ ਆਜ਼ਾਦ ਦੇਸ਼ 'ਖਾਲਿਸਤਾਨ' ਬਨਾਉਣਾ ਸੀ। ਇਸ ਮਕਸਦ ਲਈ ਉਹਨਾਂ ਨੂੰ ਬਾਹਰਲੇ ਕੁਝ ਦੇਸ਼ਾਂ ਦੀ ਸ਼ਹਿ ਸੀ। ਆਤੰਕ-ਵਾਦ ਇਸੇ ਮਕਸਦ ਨੂੰ ਹਾਸਿਲ ਕਰਨ ਲਈ ਇਕ ਦਾਓ ਪੇਚ ਸੀ।

ਤੀਜੀ ਗੱਲ ਕਿ ਪੰਜਾਬ ਦਾ ਪ੍ਰਬੰਧਕੀ ਢਾਂਚਾ ਬਿਲਕੁਲ ਨਕਾਰਾ ਹੋ ਚੁਕਿਆ ਸੀ। ਉਹਦੇ ਵਿਚ ਨਾ ਹੌਸਲਾ ਸੀ, ਨਾਂ ਇਰਾਦਾ ਸੀ ਕਿ ਉਹ ਇਸ ਆਤੰਕਵਾਦ ਦਾ ਮੁਕਾਬਲਾ ਕਰ ਸਕੇ, ਇਸ ਲਈ ਫੌਜੀ ਕਾਰਵਾਈ ਕਰਨੀ ਬਹੁਤ ਜ਼ਰੂਰੀ ਹੋ ਗਈ ਸੀ।

ਚੌਥੀ ਗੱਲ ਕਿ ਸਰਕਾਰ ਅਕਾਲੀਆਂ ਨਾਲ ਹਰ ਵੇਲੇ ਗੱਲਬਾਤ ਕਰਨ ਲਈ ਤਿਆਰ ਸੀ, ਪਰ ਅਕਾਲੀ ਸਮੇਂ ਸਮੇਂ ਨਾਲ ਆਪਣਾ ਸਟੈਂਡ ਬਦਲਦੇ ਰਹੇ। ਉਹਨਾਂ ਉਤੇ ਜ਼ਾਹਰਾ ਤੌਰ ਤੇ ਅਤਿਵਾਦੀਆਂ ਦਾ ਦਬਾਅ ਸੀ ਅਤੇ ਉਹ ਇਸ਼ ਯੋਗ ਨਹੀਂ ਸਨ ਕਿ ਆਜ਼ਾਦਾਨਾ ਤੌਰ ਤੇ ਕੋਈ ਫੈਸਲਾ ਲੈ ਸਕਦੇ, ਇਸ ਲਈ ਸਰਕਾਰ ਨਹੀਂ ਸੀ ਜਾਣਦੀ ਕਿ ਉਹ ਗਲਬਾਤ ਕਿਸ ਨਾਲ ਕਰੇ?

ਪੰਜਵੀਂ ਗੱਲ ਇਹ ਕਿ ਸਰਕਾਰ ਨੂੰ ਇਹ ਦੁਖ-ਦਾਈ ਕਦਮ ਦੇਸ਼ ਦੀ ਅਖੰਡਤਾ ਦੇ ਹਿੱਤ ਵਿਚ ਕਰਨਾ ਪਿਆ। ਇਹ ਕਿਸੇ ਇਕ ਫਿਰਕੇ ਦੇ ਵਿਰੁੱਧ ਨਹੀਂ।

ਇਸ ਗੱਲ ਨੂੰ ਮੰਨਦੇ ਹੋਏ ਕਿ ਪੰਜਾਬ ਦੇ ਹਾਲਾਤ ਇਸ ਹੱਦ ਤੱਕ ਵਿਗੜ ਚੁੱਕੇ ਸਨ ਕਿ ਫੌਜੀ ਕਾਰਵਾਈ ਇਕ ਜ਼ਰੂਰੀ ਕਦਮ ਸੀ, ਅਸੀਂ ਇਹ ਪੁੱਛਣ ਦਾ ਹੱਕ ਰਖਦੇ ਹਾਂ ਕਿ ਸਰਕਾਰ ਜਿਹੜੀਆਂ : ਪੰਜ ਗੱਲਾਂ ਦੁਹਰਾ ਰਹੀ ਹੈ। ਇਹਦੀ ਜ਼ਿਮੇਵਾਰੀ ਕਿਸ ਉਤੇ ਹੈ? ਹਥਿਆਰ ਦਰਬਾਰ ਸਾਹਿਬ ਵਿਚ ਆਏ ਤਾਂ ਕਿਥੋਂ ਆਏ ਤੇ ਕਿਉਂ ਆਉਣ ਦਿਤੇ ਗਏ? ਪ੍ਰਬੰਧਕੀ ਢਾਂਚੇ ਦੇ ਹੌਸਲੇ ਡਿੱਗ ਪਏ ਤੇ ਉਹ ਕੁਝ ਵੀ ਕਰਨ ਦੇ ਯੋਗ ਨਾਂ ਰਹੇ—ਇਹ ਕਿਉਂ ਹੋਇਆ? ਇਕ ਫੌਜੀ ਤਨਜ਼ੀਮ ਬਣਾਈ ਜਾ ਰਹੀ ਹੈ, ਕੀ ਇਸ ਦੀ ਪਹਿਲੇ ਖਬਰ ਨਹੀਂ ਸੀ? ਅਕਾਲੀ ਲੀਡਰਸ਼ਿਪ ਅਤਿਵਾਦੀਆਂ ਦੇ ਦਬਾਅ ਥੱਲੇ ਹੈ ਤਾਂ ਕੀ ਸਰਕਾਰ ਆਪਣੀ ਪੱਧਰ ਤੇ ਕੋਈ ਫੈਸਲਾ ਲੈ ਕੇ ਮੰਗਾਂ ਬਾਰੇ ਏਲਾਨ ਨਹੀਂ ਕਰ ਸਕਦੀ ਸੀ? ਇਹ ਸਾਫ਼ ਸੀ ਕਿ ਇਹ ਦੇਰ ਹੀ ਇਕ ਐਸਾ ਕਾਰਨ ਸੀ ਜੋ ਆਤੰਕਵਾਦ ਨੂੰ ਵਧਾ ਰਿਹਾ ਸੀ। ਭਿੰਡਰਾਂਵਾਲਾ ਬਾਰੇ ਹਾਲੇ ਪੰਦਰਾਂ ਦਿਨ ਪਹਿਲੇ ਕਾਂਗਰਸ ਦਾ ਜਨਰਲ ਸਕੱਤ੍ਰ ਰਾਜੀਵ ਗਾਂਧੀ ਵੱਖ ਕਿਸਮ ਦਾ ਸਰਟੀਫੀਕੇਟ 'ਇਕ ਧਾਰਮਕ ਆਗੂ' ਦਾ ਦੇ ਰਿਹਾ ਸੀ। ਸਮਾਂ ਹੈ ਕਿ ਸਰਕਾਰ ਆਪਣੀਆਂ ਪਾਲਸੀਆਂ ਬਾਰੇ ਆਪਣੀ ਬੁੱਕਲ ਵਿਚ ਦੇਖੇ ਤੇ ਸਵੈਆਲੋਚਨਾ ਦੇ ਅਸੂਲ ਨੂੰ ਅਪਣਾਉਂਦੇ ਹੋਏ ਅਗੇ ਵਾਸਤੇ ਐਸੇ ਕਦਮ ਚੁਕੇ ਕਿ ਇਹੋ ਜਿਹੇ ਹਾਲਾਤ ਪੈਦਾ ਹੀ ਨਾ ਹੋ ਸਕਣ।

**(ਇੰਡੀਅਨ ਐਕਸਪ੍ਰੈਸ, ਸੰਪਾਦਕੀ 14 ਜੂਨ)**

## 2. ਅਮ੍ਰਿਤ ਦਾ ਸਰੋਵਰ ਕਿ ਲਹੂ ਦਾ ਸਰੋਵਰ?

ਸਨੀਚਰਵਾਰ ਦੋ ਜੂਨ ਦਰਬਾਰ ਸਾਹਿਬ ਵਿਚ ਫੌਜ ਭੇਜਣ ਦਾ ਏਲਾਨ ਕੀਤਾ ਗਿਆ। ਦੋ ਦਿਨ ਪਹਿਲੇ ਭਾਰਤ ਸਰਕਾਰ ਦਾ ਗ੍ਰਿਹਿ ਮੰਤਰੀ ਸੇਠੀ ਏਲਾਨ ਕਰਦਾ ਹੈ ਕਿ ਭਾਰਤ ਸਰਕਾਰ ਦਰਬਾਰ ਸਾਹਿਬ ਵਿਚ ਫੌਜ ਭੇਜਣ ਦਾ ਕੋਈ ਇਰਾਦਾ ਨਹੀਂ ਰਖਦੀ। ਸੇਠੀ ਜਾਂ ਤਾਂ ਲੋਕਾਂ ਨੂੰ ਜਾਣ ਬੁਝ ਕੇ ਧੋਖਾ ਦੇ ਰਿਹਾ ਸੀ ਤੇ ਜਾਂ ਇਕ ਉੱਚ ਪਦਵੀ ਤੇ ਬੈਠਾ ਵੀ ਸਰਕਾਰੀ ਪਾਲਸੀਆਂ ਤੋਂ ਅਣਜਾਣ ਸੀ। ਮੈਂ ਉਹਨਾਂ ਲੋਕਾਂ ਵਿਚੋਂ ਇਕ ਹਾਂ, ਜਿਹੜੇ ਬੜੀ ਦੇਰ ਤੋਂ ਪੰਜਾਬ ਵਿਚ ਅਤਿਵਾਦੀਆਂ ਦੀਆਂ ਸਰਗਰਮੀਆਂ ਨੂੰ ਨਿਖੇਧਦੇ ਹੋਏ ਭਾਰਤ ਸਰਕਾਰ ਨੂੰ ਇਹਦੇ ਬਾਰੇ ਕੋਈ ਕਾਰਵਾਈ ਕਰਨ ਲਈ ਆਖਦੇ ਰਹੇ। ਅਤਿਵਾਦੀਆਂ ਦੀਆਂ ਸਰਗਰਮੀਆਂ ਰੋਕਣ ਦੇ ਦੋ ਪਹਿਲੂ ਸਨ, ਇਕ ਪੰਜਾਬ ਦੇ ਮਸਲੇ ਦਾ ਸਿਆਸੀ ਹੱਲ ਤੇ ਦੂਜਾ ਅਤਿਵਾਦੀਆਂ ਵਿਰੁਧ ਸਖਤ ਪ੍ਰਬੰਧਕੀ ਕਦਮ। ਭਾਰਤ ਸਰਕਾਰ ਦੋਨਾਂ ਫਰੰਟਾਂ ਤੇ ਬੁਰੀ ਤਰ੍ਹਾਂ ਫੇਲ ਹੋਈ। ਨਤੀਜੇ ਦੇ ਤੌਰ ਤੇ ਉਹਨੇ ਜਿਹੜਾ ਕਦਮ ਚੁਕਿਆ ਹੈ, ਉਹ ਕਦੀ ਵੀ ਸਮੁੱਚੇ ਭਾਰਤ ਦੀ ਏਕਤਾ ਲਈ ਸਹਾਈ ਨਹੀਂ ਕਿਹਾ ਜਾ ਸਕਦਾ। ਅਮ੍ਰਿਤ ਦਾ ਸਰੋਵਰ, ਲਹੂ ਦਾ ਸਰੋਵਰ ਹੋ ਨਿਬੜਿਆ ਹੈ। ਮੈਂ

ਖਾਲਿਸਤਾਨ ਦੇ ਵਿਰੁਧ ਰਿਹਾ ਹਾਂ ਤੇ ਹੁਣ ਵੀ ਹਾਂ, ਪਰ ਮੈਂ ਸਮਝਦਾ ਹਾਂ ਕਿ ਖਾਲਿਸਤਾਨੀ ਆਪ ਜੋ ਕੁਝ ਨਹੀਂ ਸਨ ਕਰ ਸਕੇ ਜਾਂ ਨਹੀਂ ਕਰ ਸਕਦੇ ਭਾਰਤ ਸਰਕਾਰ ਨੇ ਇਕ ਕਦਮ ਨਾਲ ਉਹਨਾਂ ਦੇ ਕੰਮ ਨੂੰ ਸੌਖਿਆਂ ਕਰ ਦਿਤਾ ਹੈ। ਆਉਣ ਵਾਲੀਆਂ ਪੀੜੀਆਂ ਭਾਰਤ ਸਰਕਾਰ ਦੀ ਇਸ ਨਾਲਾਇਕੀ ਬਾਰੇ ਕਦੀ ਵੀ ਇਸਨੂੰ ਮੁਆਫ ਨਹੀਂ ਕਰ ਸਕਣਗੀਆਂ। ਅਤਿਵਾਦੀਆਂ ਨੇ ਜੋ ਕੁਝ ਕਰਨਾ ਸੀ, ਕਰ ਲਿਆ, ਸਰਕਾਰ ਨੇ ਜੋ ਕੁਝ ਕਰਨਾ ਸੀ ਕਰ ਲਿਆ, ਇਸਦੇ ਨਤੀਜੇ ਲੋਕਾਂ ਨੇ ਭੁਗਤਨੇ ਹਨ। ਹਾਲੀ ਵੀ ਸਮਾਂ ਹੈ ਕਿ ਸੂਝ ਵਾਲੇ ਲੋਕ, ਹਿੰਦੂ ਵੀ, ਸਿੱਖ ਵੀ ਹੌਸਲਾ ਕਰਕੇ ਅਗੇ ਆਉਣ। ਸਾਂਝੀਆਂ ਕਾਰਵਾਈਆਂ ਕਰਕੇ ਜਿਨ੍ਹਾਂ ਵਿਚ ਦਰਬਾਰ ਸਾਹਿਬ ਦੀ ਕਾਰ ਸੇਵਾ ਵੀ ਸ਼ਾਮਿਲ ਹੈ, ਜੋ ਕੁਝ ਸਦਭਾਵਨਾ ਬੱਚੀ ਹੈ, ਉਹਦੀ ਰਖਵਾਲੀ ਕਰਨ।

**ਖੁਸ਼ਵੰਤ ਸਿੰਘ (ਪ੍ਰਸਿਧ ਪੱਤਰਕਾਰ)**
(ਇੰਡੀਅਨ ਐਕਸਪ੍ਰੈਸ, 17 ਜੂਨ 1984)

## 3. ਇਕ ਧਾਰਮਕ ਆਗੂ ਦਾ ਪ੍ਰਤੀਕਰਮ

—ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਅਗੇ ਹਰਮੰਦਰ ਸਾਹਿਬ ਦਰਸ਼ਨ ਲਈ ਆਂਦੇ ਸਾਂ ਤਾਂ ਮਨ ਨੂੰ ਇਕ ਸ਼ਾਂਤੀ ਮਿਲਦੀ ਸੀ। ਅੱਜ ਇਹ ਦਰਸ਼ਨ ਕਰਕੇ ਦਿਲ ਦੁੱਖੀ ਹੋਇਆ ਹੈ। ਕੁਝ ਚਿਰ ਪਹਿਲਾਂ ਪੰਜੇ ਤਖਤਾਂ ਦੇ ਜਥੇਦਾਰਾਂ ਨੇ ਇਕ ਅਪੀਲ ਕੀਤੀ ਸੀ ਕਿ ਹਰਮੰਦਰ ਸਾਹਿਬ ਦੀ ਪਵਿਤ੍ਰਤਾ ਨੂੰ ਮੁੱਖ ਰੱਖਕੇ ਇਥੇ ਐਸੀ ਕੋਈ ਵੀ ਕਾਰਵਾਈ ਨਹੀਂ ਕਰਨੀ ਚਾਹੀਦੀ ਜਿਹੜੀ ਇਸ ਮਹਾਨ ਥਾਂ ਦੀ ਮਰਿਯਾਦਾ ਨੂੰ ਭੰਗ ਕਰੇ। ਜੇਕਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਇਸ ਅਪੀਲ ਨੂੰ ਮੰਨ ਲੈਂਦੇ ਤਾਂ ਦਰਬਾਰ ਸਾਹਿਬ ਦੀ ਉਹ ਤਬਾਹੀ ਨਾਂ ਹੁੰਦੀ, ਜੋ ਹੁਣ ਹੋਈ ਹੈ। ਹੁਣ ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਸਾਨੂੰ ਸਾਰਿਆਂ ਨੂੰ ਸੁਮੱਤ ਬਖਸ਼ੇ। ਫੌਜ ਹਰਮੰਦਰ ਸਾਹਿਬ ਤੋਂ ਚਲੀ ਜਾਏ। ਲਖਾਂ ਸੰਗਤਾਂ ਕਾਰ ਸੇਵਾ ਕਰਕੇ ਇਹਦੀ ਪਹਿਲੀ ਵਾਲੀ ਸ਼ਾਨ ਨੂੰ ਬਹਾਲ ਕਰਨ।

**ਸੰਤ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ**
(ਟੈਲੀਵੀਜ਼ਨ ਉਤੇ ਸੁਨਿਹਾ 20 ਜੂਨ 1984)

## 4. ਹਿੰਦੂਆਂ ਦਾ ਪ੍ਰਤੀਕਰਮ

ਇਹ ਕਿਹਾ ਗਿਆ ਹੈ ਕਿ ਭਿੰਡਰਾਂਵਾਲਿਆਂ ਦੀ ਮੌਤ ਦੀ ਖ਼ਬਰ ਆਉਣ ਤੇ ਸਾਡੇ ਕੁਝ ਹਿੰਦੂ ਭਰਾਵਾਂ ਨੇ ਲੱਡੂ ਵੰਡੇ ਹਨ। ਇਹ ਕੋਈ ਚੰਗੀ ਗੱਲ ਨਹੀਂ, ਕਿਉਂਕਿ ਜੋ ਕੁਝ ਪਿਛਲੇ ਦਿਨਾਂ ਵਿਚ ਦਰਬਾਰ ਸਾਹਿਬ ਵਾਪਰਿਆ ਹੈ, ਉਹ ਕੋਈ ਖੁਸ਼ੀ ਦਾ ਮੌਕਾ ਨਹੀਂ। ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਿੰਡਰਾਂਵਾਲੇ ਦੀ ਮੌਤ ਨਾਲ ਸਾਰੇ ਹਿੰਦੂਆਂ ਨੂੰ ਇਕ ਤਸੱਲੀ ਤੇ ਖੁਸ਼ੀ ਹੋਈ ਹੈ। ਪਿਛਲੇ ਸਾਲ, 6 ਅਕਤੂਬਰ ਤੋਂ ਜਦੋਂ ਢਿਲਵਾਂ ਬੱਸ ਵਿਚੋਂ ਛੇ ਹਿੰਦੂਆਂ ਨੂੰ ਕੱਢ ਕੇ ਮਾਰਿਆ ਗਿਆ, ਅਸੀਂ ਸਾਰੇ ਹਿੰਦੂ ਇਕ ਡਰ ਅਤੇ ਸਹਿਮ ਵਿਚ ਜੀ ਰਹੇ ਸਾਂ। ਸਰਕਾਰ ਵਲੋਂ ਕਿਸੇ ਕਿਸੂਮ ਦੀ ਰਾਖੀ ਦੀ ਉਮੀਦ ਨਹੀਂ ਸੀ। ਭਿੰਡਰਾਂਵਾਲੇ ਵਲੋਂ ਖੁਲ੍ਹੇਆਮ ਹਿੰਦੂਆਂ ਨੂੰ ਕਤਲ ਕਰਨ ਦਾ ਸੱਦਾ ਦਿਤਾ ਜਾਂਦਾ ਸੀ। ਉਹਦੀ ਮੌਤ ਤੇ ਸਾਡਾ ਖੁਸ਼ ਹੋਣਾ ਗ਼ੈਰਕੁਦਰਤੀ ਨਹੀਂ ਹੈ। ਦਰਬਾਰ ਸਾਹਿਬ ਹੋਏ ਨੁਕਸਾਨ ਤੇ ਅਸੀਂ ਵੀ ਇਤਨੇ ਦੁਖੀ ਹਾਂ, ਜਿਤਨੇ ਸਾਡੇ ਸਿੱਖ ਭਰਾ ਹਨ। ਇਸ ਵਾਦਵਿਵਾਦ ਵਿਚ ਨਾ ਪੈਂਦੇ ਹੋਏ ਕਿ ਇਸ ਨੁਕਸਾਨ ਦੀ ਜ਼ਿਮੇਵਾਰੀ ਕਿਸ ਉਤੇ ਹੈ, ਅਸੀਂ ਇਸਦੀ ਮੁੜ ਪਹਿਲੇ ਵਾਲੀ ਸ਼ਾਨ ਵਖਣਾ ਚਾਹੁੰਦੇ ਹਾਂ ਤੇ ਕਾਰ ਸੇਵਾ ਵਾਲੇ ਮਹਾਨ ਯੱਗ ਵਿਚ ਪੂਰਾ ਹਿੱਸਾ ਪਾਉਣਾ ਚਾਹਵਾਂਗੇ।

**ਇਕ ਸ਼ਹਿਰੀ ਮਦਨ ਲਾਲ**
ਅੰਮ੍ਰਿਤਸਰ ਵਲੋਂ ਚਿੱਠੀ ਦੇ ਰੂਪ ਵਿਚ 17 ਜੂਨ

## 5. ਪੰਜਾਬ ਬਾਰੇ ਸਚਾਈ

ਦਰਬਾਰ ਸਾਹਿਬ ਦੇ ਕੰਪਲੈਕਸ 'ਚ ਹੋਈ ਕਾਰਵਾਈ ਨੇ ਦੁਨੀਆਂ ਭਰ ਦੇ ਸਿੱਖਾਂ ਦੇ ਦਿਲਾਂ ਤੇ ਠੇਸ ਪੁਚਾਈ ਹੈ। ਕੀ ਇਸ ਹੋਣੀ ਤੋਂ ਬਚਿਆ ਨਹੀਂ ਜਾ ਸਕਦਾ ਸੀ? ਇਸ ਦਾ ਜਵਾਬ ਹੈ ਕਿ ਬਚਿਆ ਜਾ ਸਕਦਾ ਸੀ ਜੇਕਰ ਪ੍ਰਧਾਨ ਮੰਤਰੀ ਅਤੇ ਉਹਦੀ ਸਰਕਾਰ ਅਕਾਲੀਆਂ ਨਾਲ ਕੀਤੇ ਸਮਝੌਤਿਆਂ ਤੇ ਕਾਇਮ ਰਹਿੰਦੀ ਤੇ ਅਤਿਵਾਦੀਆਂ ਨੂੰ ਸ਼ਹਿ ਦੇਣ ਦੇ ਹਾਲਾਤ ਨਾ ਪੈਦਾ ਕਰਦੀ। ਪ੍ਰਧਾਨ ਮੰਤਰੀ ਵਲੋਂ ਪ੍ਰਭਾਵ ਇਹ ਦਿੱਤਾ ਜਾਂਦਾ ਹੈ ਕਿ ਅਕਾਲੀ ਆਪਣੀਆਂ ਮੰਗਾਂ ਤੇ ਕਾਇਮ ਨਹੀਂ ਰਹੇ, ਪਰ ਸਚਾਈ ਇਸਦੇ ਉਲਟ ਹੈ। ਅਕਤੂਬਰ 1982 ਦੀ ਗੱਲਬਾਤ (ਜਿਸ ਵਿਚ ਸ. ਸਵਰਨ ਸਿੰਘ ਨੇ ਮੁੱਖ ਭੂਮਿਕਾ ਨਿਭਾਈ ਅਤੇ ਕੁਝ ਹੱਦ ਤੱਕ ਮੈਂ ਵੀ ਆਪਣਾ ਹਿੱਸਾ ਪਾਇਆ) ਸਿਰੇ ਚੜ੍ਹ ਗਈ ਸੀ। ਅਸੀਂ ਇਸਦੇ ਏਲਾਨ ਦੀ ਉਡੀਕ ਕਰ ਰਹੇ ਸਾਂ, ਪਰ ਪ੍ਰਧਾਨ ਮੰਤਰੀ ਨੇ ਰਾਤੋ ਰਾਤ ਆਪਣਾ ਸਟੈਂਡ ਬਦਲ ਲਿਆ। ਉਸ ਤੋਂ ਬਾਅਦ ਪਿਛਲੇ ਸਾਲ ਤਿੰਨ ਧਿਰੀ ਗੱਲਬਾਤ ਵਿਚ ਵੀ ਬਦਲ ਹੋਰਾਂ ਨੇ ਅਨੰਦਪੁਰ ਰੈਜ਼ੂਲੇਸ਼ਨ ਦੀਆਂ 46 ਮੰਗਾਂ ਨੂੰ ਸਿਰਫ 10 ਮੰਗਾਂ ਤਕ ਘਟਾ ਲਿਆ। ਵਿਚੋਂ ਛੇ ਧਾਰਮਕ ਪਹਿਲੇ ਹੀ ਸਰਕਾਰ ਮੰਨ ਚੁੱਕੀ ਸੀ, ਬਾਕੀ ਚਾਰ ਬਾਰੇ ਵੀ ਬਾਵਕਾਰ ਸਮਝੌਤਾ ਹੋਣ ਦਾ ਅਮਕਾਨ ਸੀ, ਪਰ ਪ੍ਰਧਾਨ ਮੰਤਰੀ ਨਹੀਂ ਚਾਹੁੰਦੀ ਸੀ ਕਿ ਵਿਰੋਧੀ ਪਾਰਟੀਆਂ ਨੂੰ ਕਿਸੇ ਕਿਸਮ ਦਾ ਕਰੈਡਿਟ ਮਿਲੇ। ਉਹ ਇਸ ਗਲਬਾਤ

ਤੋਂ ਪਿਛਾਂਹ ਹਟ ਗਈ। ਅਸਲ ਵਿਚ ਪ੍ਰਧਾਨ ਮੰਤਰੀ ਹੀ ਇਸ ਗੱਲ ਦੀ ਜ਼ਿਮੇਂਵਾਰ ਹੈ ਕਿ ਅਤਿਵਾਦੀਆਂ ਨੇ ਪੰਜਾਬ ਵਿਚ ਜ਼ੋਰ ਪਕੜਿਆ। ਦਿੱਲੀ ਤੋਂ ਪੀ. ਐਸ. ਭਿੰਡਰ ਨੂੰ ਪੁਲਸ ਮੁਖੀ ਬਣਾਕੇ ਇਸ ਲਈ ਲਿਆਂਦਾ ਗਿਆ ਕਿ ਉਹ ਭਿੰਡਰਾਂਵਾਲਿਆਂ ਨਾਲ ਸਬੰਧ ਕਾਇਮ ਕਰੇ। ਭਿੰਡਰਾਂਵਾਲਾ ਜਦੋਂ ਬੰਬਈ ਅਤੇ ਦਿਲੀ ਗਿਆ ਤਾਂ ਉਸਦੇ ਸੰਨਮਾਨ ਵਿਚ ਵੱਡੇ ਸਮਾਗਮ ਕਿਸਨੇ ਜਥੇਬੰਦ ਕੀਤੇ। ਉਹ ਕਾਂਗਰਸ ਵਾਲੇ ਸਨ ਹੋਰ ਕੋਈ ਨਹੀਂ ਸੀ। ਅਤਿਵਾਦੀਆਂ ਵਿਰੁਧ ਪ੍ਰਬੰਧਕੀ ਢਾਂਚੇ ਦੇ ਤਹਿਸ਼ ਨਹਿਸ਼ ਹੋਣ ਦੀ ਜ਼ਿਮੇਂਵਾਰੀ ਸਿੱਧੀ ਕੇਂਦਰੀ ਸਰਕਾਰ ਤੇ ਆਂਦੀ ਹੈ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਟੋਹਰਾ ਹੋਰੀਂ ਵੀ ਇਲਜ਼ਾਮ ਤੋਂ ਬਰੀ ਨਹੀਂ ਕਿ ਉਹਨਾਂ ਨੇ ਦਰਬਾਰ ਸਾਹਿਬ ਕੰਪਲੈਕਸ ਦੀ ਭਿੰਡਰਾਂਵਾਲਿਆਂ ਵਲੋਂ ਦੁਰਵਰਤੋਂ ਕਿਉਂ ਹੋਣ ਦਿੱਤੀ? ਸਾਨੂੰ ਪਤਾ ਹੈ ਕਿ ਲੌਂਗੋਵਾਲ ਹੋਰਾਂ ਦੀ ਅਤੇ ਬਾਦਲ ਹੋਰਾਂ ਦੀ ਭਿੰਡਰਾਂਵਾਲੇ ਨਾਲ ਕੋਈ ਸਹਿਮਤੀ ਨਹੀਂ ਸੀ, ਪਰ ਉਹਨਾਂ ਨੇ ਹੌਸਲਾ ਕਰਕੇ ਕਿਉਂ ਆਵਾਜ਼ ਨਾਂ ਉਠਾਈ ਅਤੇ ਦਰਬਾਰ ਸਾਹਿਬ ਦੀ ਪਵਿਤ੍ਰਤਾ ਕਿਉਂ ਭੰਗ ਹੋਣ ਦਿੱਤੀ? ਅਸਲ ਵਿਚੋਂ ਉਹ ਥਿੜਕ ਗਏ ਅਤੇ ਮੋਰਚੇ ਦੀ ਵਾਗਡੋਰ ਇਕ ਕਿਸਮ ਦੀ ਅਤਿਵਾਦੀਆਂ ਦੇ ਰਹਿਮੋਕਰਮ ਤੇ ਛੱਡ ਦਿੱਤੀ। ਧਾਰਾ 25 ਦਾ ਫਾੜਿਆ ਜਾਣਾ ਇਹਦੇ ਵਿਚੋਂ ਇਕ ਕਦਮ ਕਿਹਾ ਜਾ ਸਕਦਾ ਹੈ, ਜਿਸਨੇ ਅਕਾਲੀ ਦਲ ਨੂੰ ਬਾਕੀ ਵਿਰੋਧੀ ਪਾਰਟੀਆਂ ਦੀ ਹਮਦਰਦੀ ਤੋਂ ਵੱਖ ਕੀਤਾ। ਮੋਰਚਾ ਹੌਲੇ ਹੌਲੇ ਖਾਲਿਸਤਾਨ ਵਲ ਵਧ ਰਿਹਾ ਸੀ ਹਾਲਾਂਕਿ ਲੌਂਗੋਵਾਲ ਹੋਰੀਂ ਏਲਾਨੀਆ ਇਸ ਦੇ ਵਿਰੁਧ ਸਨ।

ਹਿੰਦੁਸਤਾਨ ਦਾ ਸਮਾਜ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਹੈ। ਇਥੋਂ ਦਾ ਇਨਸਾਫ, ਲੁੱਟ ਖਸੁੱਟ ਦਾ ਪ੍ਰਬੰਧ ਸ਼ਰੇਣੀਆਂ ਅਨੁਸਾਰ ਹੈ। ਸਿੱਖ ਅਤੇ ਹਿੰਦੂ ਮਜ਼ਦੂਰ ਦੀ ਲੁੱਟ ਖਸੁੱਟ ਸਿੱਖ ਅਤੇ ਹਿੰਦੂ ਸਰਮਾਏਦਾਰ ਦੇ ਹੱਥੋਂ ਬਰਾਬਰ ਦੀ ਹੈ ਪਰ ਸ਼੍ਰੇਣੀ ਸੰਘਰਸ਼ ਧਾਰਮਕ ਜਨੂੰਨ ਦੇ ਮੁਕਾਬਲੇ ਪਿਛੇ ਪੈ ਗਿਆ ਹੈ। ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਨੇਂ ਹਿੰਦੂ ਸਿਖਾਂ ਦੇ ਦਰਮਿਆਨ ਤਰੇੜ ਨੂੰ ਵਧਾਇਆ ਹੈ। ਇਸ ਵਿਚ ਸਿਖ ਅਤੇ ਹਿੰਦੂ ਫਿਰਕੂ ਜਨੂੰਨੀ ਆਪਣੀ ਖਤਰਨਾਕ ਖੇਡ ਖੇਡ ਰਹੇ ਹਨ। ਧਰਮ ਨਿਰਪੱਖ ਅਤੇ ਜਮਹੂਰੀ ਤਾਕਤਾਂ ਦਾ ਇਹ ਫਰਜ਼ ਹੈ ਕਿ ਉਹ ਸਾਧਾਰਨ ਲੋਕਾਂ ਦੇ ਹਿਤਾਂ ਦੀ ਰਖਵਾਲੀ ਕਰਨ। ਇੱਕ ਪਾਸੇ ਉਹਨਾਂ ਨੂੰ ਸਰਕਾਰ ਦੇ ਝੂਠ ਤੋਂ ਜਾਣੂ ਕਰਵਾਉਣ ਜੋ ਇਕ ਤਬਕੇ ਵਿੱਚ ਸਾਰੀਆਂ ਆਪਣੀਆਂ ਨਾਲਾਇਕੀਆਂ ਤੋਂ ਸੁਰਖ਼ਰੂ ਹੋ ਕੇ 'ਹੀਰੋ' ਦਾ ਪ੍ਰਭਾਵ ਦੇ ਰਹੀ ਹੈ ਤੇ ਦੂਜੇ ਪਾਸੇ ਸਿੱਖ ਅਤੇ ਹਿੰਦੂ ਜਨੂੰਨੀਆਂ ਦੀ ਕਾਰਵਾਈਆਂ ਤੋਂ ਖਬਰਦਾਰ ਕਰਨ, ਜੋ ਮੌਕਾ ਮਿਲਣ ਤੇ ਹੀ ਪੰਜਾਬ ਨੂੰ ਫਿਰਕੂ ਅੱਗ ਵਿਚ ਝੋਕਣਾ ਚਾਹੁੰਦੇ ਹਨ।

**ਹਰਕਿਸ਼ਨ ਸਿੰਘ ਸੁਰਜੀਤ**

ਮੈਂਬਰ ਸੈਂਟਰਲ ਕਮੇਟੀ, ਸੀ. ਪੀ. ਆਈ. (ਐਮ)

(ਇੰਡੀਅਨ ਐਕਸਪ੍ਰੈਸ, 18 ਜੂਨ)

## 6. ਪਾਕਿਸਤਾਨ ਇਹਦਾ ਜ਼ਿਮੇਂਵਾਰ ਨਹੀਂ

ਮੈਂ ਭਾਰਤ ਸਰਕਾਰ ਨੂੰ ਅਪੀਲ ਕਰਾਂਗਾ ਕਿ ਉਹ ਪਾਕਿਸਤਾਨ ਹਕੂਮਤ ਉਤੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਅੰਦਾਜ਼ੀ ਦੇ ਬੇਬੁਨਿਆਦ ਇਲਜ਼ਾਮਾਂ ਤੋਂ ਗਰੇਜ਼ ਕਰੇ। ਪਾਕਿਸਤਾਨ ਨੂੰ ਅਪਣੇ ਕਈ ਮਾਮਲਿਆਂ ਦੀ ਸਿਰਦਰਦੀ ਹੈ। ਉਹ ਦੂਸਰੇ ਮੁਲਕਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਅੰਦਾਜ਼ੀ ਨੂੰ ਠੀਕ ਨਹੀਂ ਸਮਝਦਾ। ਪਾਕਿਸਤਾਨ ਇਕ ਇਸਲਾਮੀ ਮੁਲਕ ਹੈ ਅਤੇ ਇਹ ਕੁਦਰਤੀ ਹੈ ਕਿ ਭਾਰਤ ਵਿਚ ਮੁਸਲਮਾਨਾਂ ਨਾਲ ਹੋ ਰਹੇ ਸਲੂਕ ਬਾਰੇ ਉਸਨੂੰ ਤਸ਼ਵੀਸ਼ ਹੋਵੇ ਪਰ ਉਹ ਮੁਸਲਮਾਨਾਂ ਬਾਰੇ ਵੀ ਭਾਰਤ ਦਾ ਅੰਦਰੂਨੀ ਮਾਮਲਾ ਸਮਝਦੇ ਹੋਏ ਨਹੀਂ ਬੋਲਦਾ ਤਾਂ ਇਹ ਕਿਸ ਤਰ੍ਹਾਂ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਸਿੱਖਾਂ ਦੇ ਮਾਮਲੇ ਵਿਚ ਖਾਹਮਖਾਹ ਦਖਲ ਅੰਦਾਜ਼ੀ ਕਰੇ। ਸਿੱਖ ਯਾਤਰੀ ਪਾਕਿਸਤਾਨ ਆਂਦੇ ਹਨ। ਅਸੀਂ ਉਹਨਾਂ ਦੇ ਆਰਾਮ ਦਾ ਪੂਰਾ ਖਿਆਲ ਕਰਦੇ ਹਾਂ। ਉਹਨਾਂ ਦੀ ਖਾਤਿਰ ਕਰਦੇ ਹਾਂ, ਪਰ ਇਹਦਾ ਇਹ ਮਤਲਬ ਨਹੀਂ ਲਿਆ ਜਾਣਾ ਚਾਹੀਦਾ ਕਿ ਅਸੀਂ ਉਹਨਾਂ ਨੂੰ ਭਾਰਤ ਸਰਕਾਰ ਦੇ ਖਿਲਾਫ ਭੜਕਾਂਦੇ ਹਾਂ। ਅਸੀਂ ਇਹਨਾਂ ਯਾਤਰੀਆਂ ਵਲ ਆਪਣਾ ਫਰਜ਼ ਪੂਰਾ ਕਰਦੇ ਹਾਂ ਤੇ ਉਮੀਦ ਕਰਦੇ ਹਾਂ ਕਿ ਪਾਕਿਸਤਾਨੀ ਯਾਤਰੀ ਜਦੋਂ ਭਾਰਤ ਜਾਣਗੇ ਤਾਂ ਭਾਰਤ ਵਾਲੇ ਵੀ ਉਹਨਾਂ ਨਾਲ ਚੰਗਾ ਸਲੂਕ ਕਰਨਗੇ। ਬਾਰਡਰ ਦੇ ਆਰਪਾਰ ਸਮਾਜ ਦੁਸ਼ਮਣ ਅਨਸਰ ਦੀਆਂ ਸਰਗਰਮੀਆਂ ਦੋਵਾਂ ਮੁਲਕਾਂ ਲਈ ਤਸ਼ਵੀਸ਼ ਦਾ ਕਾਰਨ ਹਨ। ਹਥਿਆਰ, ਸੋਨਾ, ਅਫੀਮ ਇਕ ਦੂਜੇ ਮੁਲਕਾਂ ਵਿਚ ਸਮਗਲ ਕੀਤਾ ਜਾਂਦਾ ਹੈ। ਇਕਾ ਦੁੱਕਾ ਮੁਸਲਮਾਨ ਸਮਗਲਰ ਦਾ ਨਿਹੰਗ ਦੀ ਸ਼ਕਲ ਵਿਚ ਪਕੜਿਆ ਜਾਣਾ ਇਹ ਸਾਬਤ ਨਹੀਂ ਕਰਦਾ ਕਿ ਪਾਕਿਸਤਾਨ ਦੀ ਸਰਕਾਰ ਸਿਖਾਂ ਦੀ ਕਿਸੇ ਕਿਸਮ ਦੀ ਬਗਾਵਤ ਦੀ ਹਿੱਸੇਦਾਰ ਹੈ। ਭਾਰਤ ਸਰਕਾਰ ਦੇ ਜ਼ਿਮੇ-ਵਾਰ ਲੋਕਾਂ ਨੂੰ ਕੋਈ ਐਸੀ ਗ਼ੈਰ ਜ਼ਿਮੇਂਵਾਰ ਗੱਲ ਨਹੀਂ ਕਰਨੀ ਚਾਹੀਦੀ, ਜਿਸਦੇ ਨਾਲ ਦੋਵੇਂ ਮੁਲਕਾਂ ਦੀ ਦੋਸਤੀ ਦੇ ਰਿਸ਼ਤੇ ਵਿਚ ਕੁਝ ਫਰਕ ਪਏ।

**ਜਨਰਲ ਜ਼ਿਆ-ਉਲ-ਹੱਕ**

(ਪਾਕਿਸਤਾਨ ਟੀ. ਵੀ. ਤੇ ਇਕ ਇੰਟਰਵਿਊ 16 ਜੂਨ)

## 7. ਹਥਿਆਰਾਂ ਦੇ ਜ਼ਖੀਰੇ ਸਮਗਲਿੰਗ ਨਾਲ ਇਕੱਠੇ ਕੀਤੇ ਗਏ ।

ਕੁਝ ਮਹੀਨੇ ਪਹਿਲਾਂ ਸਾਨੂੰ ਇਹ ਪੂਰੀ ਤਰ੍ਹਾਂ ਪਤਾ ਲੱਗ ਚੁਕਿਆ ਸੀ ਕਿ ਵੱਡੀ ਗਿਣਤੀ ਵਿਚ ਹਥਿਆਰ ਦਰਬਾਰ ਸਾਹਿਬ ਵਿਚ ਜਾ ਰਹੇ ਹਨ । ਬਹੁਤ ਵਾਰ ਇਹ ਕਾਰਸੇਵਾ ਦੇ ਟਰੱਕਾਂ ਵਿਚ ਜਾਂਦੇ ਸਨ । ਜੇਕਰ ਅਸੀਂ ਤਲਾਸ਼ੀ ਲੈਂਦੇ ਸਾਂ ਤਾਂ ਗੁਰਦੁਆਰਾ ਕਮੇਟੀ ਦੇ ਪ੍ਰਬੰਧਕਾਂ ਵਲੋਂ ਵਾਵੇਲਾ ਪਾਇਆ ਜਾਂਦਾ ਸੀ ਕਿ ਧਾਰਮਕ ਕਾਰ ਸੇਵਾ ਵਿਚ ਅਧਿਕਾਰੀ ਦਖਲ ਅੰਦਾਜ਼ੀ ਕਰਦੇ ਹਨ । ਹਥਿਆਰ ਹਰ ਇਕ ਮੁਮਕਿਨ ਥਾਂ ਤੋਂ ਬਾਕਾਇਦਾ ਵੱਡੀ ਰਕਮ ਦੇ ਕੇ ਖ੍ਰੀਦੇ ਜਾਂਦੇ ਸਨ, ਇਹ ਪਾਕਿਸਤਾਨ ਤੋਂ ਵੀ ਚੋਰੀ ਛਿਪੇ ਤਰੀਕੇ ਨਾਲ ਨਕਦ ਪੈਸਾ ਦੇ ਕੇ ਜਾਂ ਸੋਨਾ ਦੇ ਕੇ ਖ੍ਰੀਦੇ ਜਾਂਦੇ ਸਨ । ਸਾਡੇ ਬੀ. ਐਸ. ਐਫ ਦੇ ਕਈ ਮੁਲਾਜ਼ਮ ਇਸ ਗ਼ੈਰ-ਕਾਨੂੰਨੀ ਖ੍ਰੀਦੋ ਫ਼ਰੋਖਤ ਵਿਚ ਹਿਸੇਦਾਰ ਹੁੰਦੇ ਹਨ । ਅਸੀਂ ਉਹਨਾਂ ਨੂੰ ਪਕੜਦੇ ਹਾਂ, ਨੌਕਰੀ ਤੋਂ ਬਰਖਾਸਤ ਕਰਦੇ ਹਾਂ । ਬਹੁਤੀ ਵਾਰੀ ਉਹ ਕਚੈਹਰੀਆਂ ਰਾਹੀਂ ਫੇਰ ਬਹਾਲ ਹੋ ਜਾਂਦੇ ਹਨ । ਉਂਝ ਉਹਨਾਂ ਨੇ ਏਨੀ ਦੌਲਤ ਇਕੱਠੀ ਕਰ ਲਈ ਹੁੰਦੀ ਹੈ ਕਿ ਉਹਨਾਂ ਨੂੰ ਨੌਕਰੀ ਦੇ ਚਲੇ ਜਾਣ ਦਾ ਕੋਈ ਅਫਸੋਸ ਨਹੀਂ ਹੁੰਦਾ । ਬਾਰਡਰ ਦੇ ਦੋਵੇਂ ਪਾਸੇ ਇਹ ਸਮਗਲਰ ਏਅਰ ਕੰਡੀਸ਼ਨ ਕੋਠੀਆਂ ਵਿਚ ਰਹਿੰਦੇ ਹਨ । ਸਿਨਮਿਆਂ ਦੇ ਮਾਲਕ ਹਨ । ਟਰਾਂਸਪੋਰਟ ਕੰਪਨੀਆਂ ਦੇ ਮਾਲਕ ਹਨ । ਉਹਨਾਂ ਦੇ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਹਨ । ਉਹਨਾਂ ਦੇ ਪੁੱਤਰ ਵੱਡੀਆਂ ਸਰਕਾਰੀ ਨੌਕਰੀਆਂ ਉਤੇ ਵੀ ਹਨ । ਸਾਡੇ ਕੋਲ ਇਹਨਾ ਦੀਆਂ ਪੂਰੀਆਂ ਲਿਸਟਾਂ ਹਨ, ਪਰ ਅਸੀਂ ਇਹਨਾਂ ਬਾਰੇ ਕੁਝ ਨਹੀਂ ਕਰ ਸਕਦੇ । ਕਾਨੂੰਨ ਨੇ ਸਾਡੇ ਹੱਥ ਬੰਨੇ ਹੋਏ ਹਨ । ਅਮ੍ਰਿਤਸਰ ਵਿਚ ਪਿੰਡ ਬੁਰਜ ਤੇ ਸ਼ਾਕਰੀ ਦੇ ਰਹਿਣ ਵਾਲੇ ਸਮਗਲਰ ਇਹਨਾਂ ਦੀਆਂ ਉਘੀਆਂ ਮਿਸਾਲਾਂ ਹਨ । ਅਤਿਵਾਦੀ ਤਹਿਰੀਕ ਦੇ ਸ਼ੁਰੂ ਹੋਣ ਤੋਂ ਬਾਅਦ ਹਥਿਆਰਾਂ ਦੀ ਸਮਗਲਿੰਗ ਸਾਰਿਆਂ ਨਾਲੋਂ ਮੁਨਾਫੇ ਵਾਲਾ ਧੰਦਾ ਹੋ ਗਿਆ ਸੀ । ਦੁਨੀਆਂ ਭਰ ਦੇ ਵਧੀਆ ਤੋਂ ਵਧੀਆ ਹਥਿਆਰ ਦਰਬਾਰ ਸਾਹਿਬ ਲਿਆਏ ਜਾਂਦੇ ਤੇ ਮੂੰਹ ਮੰਗੀ ਕੀਮਤ ਤੇ ਵੇਚੇ ਜਾਂਦੇ । ਸਾਡੇ ਕੋਲ ਇਹ ਸੰਕੇਤ ਹਨ ਕਿ ਪਾਕਿਸਤਾਨ ਹਕੂਮਤ ਇਹਨਾਂ ਹਥਿਆਰਾਂ ਦੀ ਸਮਗਲਿੰਗ ਨੂੰ ਰੋਕਣ ਵਿਚ ਕੋਈ ਦਿਲਚਸਪੀ ਨਹੀਂ ਰਖਦੀ ਸੀ । ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਸਮਗਲਿੰਗ ਸਰਗਰਮੀਆਂ ਦਾ ਦਰਬਾਰ ਸਾਹਿਬ ਵਿਚ ਹਥਿਆਰ ਜਮਾ ਕਰਨ ਵਿਚ ਵੱਡਾ ਹਿੱਸਾ ਹੈ । **ਬੀਰਬਲ ਨਾਥ,**

ਡਾਇਰੈਕਟਰ ਜਨਰਲ ਬੀ. ਐਸ. ਐਫ

(ਇੰਡੀਅਨ ਐਕਸਪ੍ਰੈਸ, 20 ਜੂਨ)

## 8. ਜ਼ਖਮਾਂ ਤੇ ਮਰਹਮ ਕਿ ਲੂਣ ?

—ਜੂਨ ਦੇ ਪਹਿਲੇ ਹਫਤੇ ਵਿਚ ਜੋ ਕੁਝ ਪੰਜਾਬ ਵਿਚ ਵਾਪਰਿਆ ਹੈ, ਉਹਨੇ ਗਹਿਰੇ ਜ਼ਖਮ ਪਾਏ ਹਨ । ਲੋੜ ਹੈ ਕਿ ਇਹਨਾਂ ਜ਼ਖਮਾਂ ਤੇ ਮਰਹਮ ਲਗਾਈ ਜਾਏ ਪਰ ਮਰਹਮ ਲਗਾਉਣ ਦਾ ਤਰੀਕਾ ਜਿਹੜਾ ਦੂਰਦਰਸ਼ਨ ਨੇ ਅਪਣਾਇਆ ਹੈ, ਉਹ ਸਗੋਂ ਜ਼ਖਮਾਂ ਉਤੇ ਲੂਣ ਛਿੜਕਦਾ ਹੈ । ਫੌਜੀ ਕਾਰਵਾਈ ਜ਼ਰੂਰੀ ਸੀ ਇਸਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਇਸ ਕਾਰਵਾਈ ਦੇ ਬਾਅਦ ਦੇ ਨਤੀਜਿਆਂ ਤੇ ਪਰਦਾ ਪਾਉਣ ਦੀ ਕੀ ਲੋੜ ਹੈ ? ਦੂਰਦਰਸ਼ਨ ਵਿਚ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਵਲੋਂ ਪੜ੍ਹਿਆ ਗਿਆ ਸੁਨਿਹਾ ਵਾਰ ਵਾਰ ਟੈਲੀਕਾਸਟ ਕੀਤਾ ਜਾਂਦਾ ਰਿਹਾ ਕਿ ਇਤਿਹਾਸਕ ਤੋਸ਼ਾਖਾਨਾ ਠੀਕ ਠਾਕ ਹੈ ਜਦ ਕਿ ਸੱਚਾਈ ਇਹ ਹੈ ਕਿ ਇਸਦਾ ਲੱਖਾਂ ਦੀ ਕੀਮਤ ਦਾ ਚੰਦੋਆ ਪੂਰਾ ਨਾਸ਼ ਹੋ ਗਿਆ ਹੈ । ਇਸੇ ਤਰ੍ਹਾਂ ਪਹਿਲੀ ਜੂਨ ਨੂੰ ਦੋਨਾਂ ਧਿਰਾਂ ਦਰਮਿਆਨ 7 ਘੰਟੇ ਗੋਲੀ ਚਲਣ ਕਰਕੇ ਕੁਝ ਗੋਲੀਆਂ ਹਰਿਮੰਦਰ ਸਾਹਿਬ ਦੇ ਗੁੰਬਦਾਂ ਤੇ ਵੀ ਲੱਗੀਆਂ ਤੇ 26 ਮੋਰੀਆਂ ਗਿਣੀਆਂ ਗਈਆਂ ਹਨ । ਇਹ ਅਮ੍ਰਿਤਸਰ ਦੇ ਸ਼ਹਿਰੀ ਜਾਣਦੇ ਹਨ । ਫੇਰ ਇਹ ਕਿਉਂ ਘੜੀ ਮੁੜੀ ਟੈਲੀਕਾਸਟ ਕੀਤਾ ਜਾ ਰਿਹਾ ਹੈ ਕਿ ਹਰਿਮੰਦਰ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਪੁੱਜਿਆ । ਇਸਤੋਂ ਚੰਗਾ ਹੈ ਕਿ ਨੁਕਸਾਨ ਦਾ ਜ਼ਿਕਰ ਕੀਤਾ ਜਾਏ । ਸੱਚ ਨਾਲ ਲੋਕਾਂ ਨੂੰ ਵਿਸ਼ਵਾਸ ਵਿਚ ਲਿਆ ਜਾਏ ਤਾਂ ਜ਼ਖਮਾਂ ਤੇ ਠੀਕ ਮਰਹਮ ਲੱਗ ਸਕਦੀ ਹੈ ।

**ਇੰਡੀਅਨ ਐਕਸਪ੍ਰੈਸ** (16 ਜੂਨ ਦੀ ਸੰਪਾਦਕੀ)

## 9. ਪੰਜਾਬ ਡ੍ਰਾਮਾ

ਸਵਰਨ ਮੰਦਰ ਵਿਚ (ਗੋਲਡਨ ਟੈਂਪਲ) ਫੌਜੀ ਕਾਰਵਾਈ ਮਹਾਜਨੀ ਜਮਹੂਰੀ ਚੋਣ ਪ੍ਰਣਾਲੀ (ਬੁਰਜੂਆ ਡੀਮਾਕ੍ਰੇਟਿਕ ਇਲੈਕਸ਼ਨ ਸਿਸਟਮ) ਡ੍ਰਾਮੇ ਦਾ ਆਖਰੀ ਐਕਟ ਪੇਸ਼ ਕਰਦੀ ਹੈ ।

ਅਣਗਿਣਤ ਪਾਰਟੀਆਂ ਦੀ ਹੋਂਦ ਇਸ ਪ੍ਰਣਾਲੀ ਦੀ ਦੇਨ ਹੈ । ਰਾਜਸੀ ਤਾਕਤ ਹਾਸਲ ਕਰਨ ਲਈ ਪੁਲੀਟੀਕਲ ਟੂਰਨਾਮੈਂਟ ਖੇਡੇ ਜਾਂਦੇ ਹਨ । ਚੋਣ ਸ਼ਤਰੰਜ ਦੀ ਬਾਜ਼ੀ ਹੈ । ਵਿਰੋਧੀ ਧਿਰ ਵਿਚ ਆਪਣਾ ਮੋਹਰਾ ਖੜਾ ਕਰਕੇ ਸ਼ਹਿ ਦੇ ਦਿਉ ਤੇ ਬਾਜ਼ੀ ਜਿਤ ਲਉ ।

ਪੰਜਾਬ ਦਾ ਡ੍ਰਾਮੇ ਦਾ ਲੇਖਕ ਤੇ ਡਾਇਰੈਕਟਰ ਮਹਾਜਨੀ ਵਰਗ ਦੀ ਹਾਕਮ ਪਾਰਟੀ ਹੈ । ਮਸਲੇ ਨੂੰ ਉਲਝਾਈ ਰੱਖਣਾ, ਫਿਰਕਾ ਪ੍ਰਸਤੀ ਦਾ ਮਾਹੌਲ ਬਣਾਈ ਰੱਖਣਾ, ਦਹਿਸ਼ਤ ਦਾ ਵਾਤਾਵਰਨ ਬਣਾਕੇ ਆਪਣੇ ਵਲ ਧਿਆਨ ਖਿੱਚਣਾ, ਇਕ ਸ਼ਖਸੀਅਤ ਨੂੰ ਖੜਾ ਕਰਕੇ ਉਸ ਦੀ ਗੁੱਡੀ ਉਚੀ ਚੜ੍ਹਾ ਦੇਣੀ, ਕੌਮਾਂਤਰੀ ਜਗਤ ਤੇ ਪ੍ਰੈਸ

ਵਿਚ ਉਸਨੂੰ ਚਰਚਾ ਦਾ ਵਿਸ਼ਾ ਬਣਾ ਦੇਣਾ, ਬਿੱਲੀ ਸ਼ੀਂਹ ਪੜਾਇਆ ਤੇ ਸ਼ੀਂਹ ਬਿੱਲੀ ਨੂੰ ਖਾਣ 'ਆਇਆ, ਇਹ ਡ੍ਰਾਮੇ ਦੇ ਪਲਾਟ ਹਨ।

ਦਹਿਸ਼ਤ ਦੇ ਵਾਤਾਵਰਨ ਵਿਚ ਅਗਾਂਹ ਵਧੂ ਪਾਰਟੀਆਂ ਨੇ ਆਰਥਿਕ ਮਸਲਿਆਂ ਉਤੇ ਸੰਘਰਸ਼ ਕਰਨਾ ਪਿਛੇ ਪਾ ਦਿੱਤਾ ਤੇ ਸਰਕਾਰ ਨੂੰ ਸਖਤ ਕਦਮ ਚੁਕ ਕੇ ਇਸ ਆਤੰਕ ਨੂੰ ਠੱਲ ਪਾਉਣ ਲਈ ਕਹਿਣਾ ਪਿਆ। ਆਪੋ ਵਿਚ ਦੀਆਂ ਲੜਦੀਆਂ ਮਹਾਜਨੀ ਪਾਰਟੀਆਂ ਨੂੰ ਸਮਝੌਤਾ ਕਰਨ ਲਈ ਤਜਵੀਜ਼ਾਂ ਪੇਸ਼ ਕਰਨ ਲੱਗੀਆ ਤਾਂ ਕਿ ਦੇਸ਼ ਦਾ ਅਮਨ ਬਹਾਲ ਹੋ ਸਕੇ। ਹਾਕਮ ਪਾਰਟੀ ਨੇ ਬੜੀ ਚੁਸਤੀ ਨਾਲ ਇਹਨਾਂ ਅਗਾਂਹ ਵਧੂ ਪਾਰਟੀਆਂ ਦਾ ਰੁਖ ਆਪਣੇ ਵਲੋਂ ਹਟਾ ਕੇ ਮੋਰਚੇ ਲਾਉਣ ਵਾਲੀ ਪਾਰਟੀ ਵਲ ਕਰਾ ਦਿੱਤਾ। ਇਹਨਾਂ ਦੇ ਆਗੂਆਂ ਨੂੰ ਵੀ ਆਪਣੀ ਜਾਨ ਦਾ ਖਤਰਾ ਪੈ ਗਿਆ ਤੇ ਬਾਡੀ ਗਾਰਡ ਰਖਣੇ ਪੈ ਗਏ। ਫੌਜੀ ਕਾਰਵਾਈ ਦਾ ਸਮਰਥਨ ਵੀ ਇਹਨਾਂ ਕਰ ਦਿੱਤਾ।

ਗੋਲਡਨ ਟੈਂਪਲ ਇਕ ਫੌਜੀ ਲੜਾਈ ਦਾ ਮੈਦਾਨ ਬਣਾ ਦਿਤਾ। ਇਸਦਾ ਸਿੱਟਾ ਕੀ ਨਿਕਲਦਾ ਹੈ, ਕੁੜੱਤਨ ਕਿਤਨੀ ਵਧਦੀ ਹੈ, ਗੈਰ ਸਿਆਸੀ ਸ਼ਰਧਾਲੂ ਇਸਨੂੰ ਕਿਵੇਂ ਲੈਂਦੇ ਹਨ। ਫਿਰਕਿਆਂ ਦੀ ਨਫਰਤ ਘਟੀ ਹੈ ਜਾਂ ਚੰਗਿਆੜੀ ਬਣਕੇ ਸੁਲਗਦੀ ਰਹੇਗੀ ਤੇ ਕਿਸੇ ਵੇਲੇ ਵੀ ਭਾਂਬੜ ਬਣਕੇ ਭੜਕ ਸਕਦੀ ਹੈ ਤੇ ਵੱਖਵਾਦ ਦੀ ਲਹਿਰ ਜ਼ੋਰ ਫੜ ਸਕਦੀ ਹੈ, ਕਿਉਂਕੇ ਇਸਨੂੰ ਬੀਜਕੇ ਸਿੰਜ ਦਿਤਾ ਲਗਦਾ ਹੈ, ਸਮਾ ਹੀ ਦਸੇਗਾ।

ਮਹਾਜਨੀ (ਬੁਰਜੂਆ) ਵਰਗ ਕਾਫੀ ਚਤੁਰ ਹੈ। ਸਮੱਸਿਆ ਖੜੀ ਕੀਤੀ, ਆਤੰਕੀ ਵਾਤਾਵਰਣ ਪੈਦਾ ਕੀਤਾ ਲੜਾਈ ਦਾ ਮੈਦਾਨ ਤਿਆਰ ਕੀਤਾ। ਲੜਾਈ ਕੀਤੀ ਤੇ ਹੁਣ ਸੁਲਾਹ ਦੀ ਗੱਲ ਤੋਰਨੀ। ਸਦਭਾਵਨਾ ਕਮੇਟੀਆਂ ਬਣਨਗੀਆਂ, ਦੁਬਾਰਾ ਅਮਨ ਮਾਰਚਾਂ ਦਾ ਸਿਲਸਿਲਾ ਸ਼ੁਰੂ ਹੋਵੇਗਾ। ਫਿਰਕਿਆਂ ਦੇ ਸਰਮਾਏਦਾਰ ਤੇ ਜਗੀਰ-ਦਾਰ ਕਮੇਟੀਆਂ ਦੇ ਚੌਧਰੀ ਬਣਨਗੇ। ਕਾਮੇ ਇਹਨਾਂ ਦੇ ਅਮਲੇ ਦਾ ਕੰਮ ਕਰਨਗੇ। ਇਸ ਤਰ੍ਹਾਂ ਮਹਾਜਨੀ ਵਰਗ ਦਾ ਡਰਾਮਾ ਜਾਰੀ ਰਹੇਗਾ। ਮਹਾਜਨੀ ਡਾਇਰੈਕਟਰ ਦੀ ਸਰਦਾਰੀ ਹੇਠ ਕਾਮੇ ਸਟੇਜ ਤੇ ਆਪਣਾ ਕਿਰਦਾਰ ਨਿਭਾਂਦੇ ਰਹਿਣਗੇ। ਮਹਾਜਨੀ ਸੰਦਿਆਂ ਦੇ ਭੇੜ ਵਿਚ ਕਾਮੇ ਪਿੰਜਦੇ ਰਹਿਣਗੇ, ਉਹਨਾਂ ਨੂੰ ਆਪਣਾ ਘੋਲ ਭੁੱਲ ਜਾਵੇਗਾ ਅਤੇ ਕਈ ਵਰ੍ਹੇ ਪਿਛੇ ਪੈ ਜਾਵੇਗਾ। ਫਿਰਕਿਆਂ ਵਿੱਚ ਵੰਡੀ ਸਿਆਸਤ ਅਤੇ ਆਪਣੇ ਇਸ਼ਟ ਧਰਮ ਦੇ ਸਹਾਰੇ ਫਿਰਕਾ-ਪਰਸਤੀ ਨੂੰ ਹੀ ਪੱਕਿਆਂ ਕਰਦੇ ਰਹਿਣਗੇ। ਭਲੇ ਹੀ 'ਫਿਰਕਾ ਪਰਸਤੀ ਮੁਰਦਾਬਾਦ' ਦੇ ਨਾਹਰੇ ਲਗੌਂਦੇ ਰਹਿਣ।

ਇਸ ਮਹਾਜਨੀ ਚੱਕਰ ਵਿਰਜੂ ਵਿਚੋਂ ਕਿਰਤੀ ਵਰਗ ਨੂੰ ਨਿਕਲਨਾ ਪਵੇਗਾ। ਮਹਾਜਨੀਆਂ ਦੀ ਇਸ ਚਾਲ ਨੂੰ ਸਮਝਣਾ ਪਵੇਗਾ, 'ਕਿਵੇਂ ਫਿਰਕੇ ਦੇ ਅਧਾਰ ਤੇ ਪਾੜੋ ਆਪਣੀ ਸਰਕਾਰੀ ਕਾਇਮ ਰਖਦਿਆਂ ਆਪਣੀ ਲੁਟ ਖਸੁਟ ਉਤੇ ਪੜਦਾ ਪਾਈ ਰਖਣ' ਇਸ ਦੋਗਲੀ ਪਾਲਸੀ ਨੂੰ ਨੰਗਿਆਂ ਕਰਨਾ ਪਵੇਗਾ।

ਕਿਰਤੀ ਵਰਗ ਦੀ ਸਰਦਾਰੀ ਹੇਠ ਕਿਰਤੀ ਪ੍ਰਬੰਧ ਰਾਹੀਂ ਹੀ (ਡਿਕਟੇਟਰਸ਼ਿਪ ਆਫ ਦੀ ਪ੍ਰੋਲੇਟਾਰੀਅਟ) ਸਰਬਤ ਦਾ ਭਲਾ ਹੋ ਸਕਦਾ। ਕਿਰਤੀ ਦਲੀਓ, ਇਸ ਸੱਚ ਨੂੰ ਨਾ ਭੁੱਲੋ। ਇਸ ਝੰਡ ਥੱਲੇ ਜਥੇਬੰਦ ਹੋਵੋ। ਮਹਾਜਨੀ ਵਰਗ ਵ੍ਹਿਚ ਅਣਗਿਣਤ ਦਲਾਂ ਵਿਚ ਆਪਾ ਵਿਰੋਧ ਹੈ (ਇੰਟਰਾਕੰਟ੍ਰਾਡਿਕਸ਼ਨ ਆਫ ਬੁਰਜੂਆਜ਼ੀ) ਇਹਨਾਂ ਦੇ ਮਿਲਵਰਤਣ ਦੀ ਵਕਾਲਤ ਤੋਂ ਪਰਹੇਜ਼ ਕਰੋ। 'ਕਿਰਤੀਆਂ ਦਾ ਬੋਲ ਬਾਲਾ, ਮਹਾਜਨੀਆਂ ਦਾ ਮੂੰਹ ਕਾਲਾ' ਇਹ ਤੁਹਾਡਾ ਨਾਹਰਾ ਹੋਵੇ। ਮਹਾਜਨੀ ਚਾਲਾਂ ਨੂੰ ਭਾਂਜ ਦੇਵੋ। ਸਦਭਾਵਨਾ ਕਾਇਮ ਹੋ ਜਾਵੇਗੀ ਸਰਬਤ ਦੇ ਭਲੇ ਦਾ ਸੰਸਾਰ ਸਿਰਜਿਆ ਜਾਵੇਗਾ।

**ਆਰ. ਵੀ. ਪਰਤਾਪ**

## 10. ਕੁਝ ਸੋਚਣ ਦਾ ਸਮਾਂ

ਪੰਜਾਬ ਵਿਚ ਹੋਏ ਘੱਲੂਘਾਰੇ ਦਾ ਜਦੋਂ ਵਿਸ਼ਲੇਸ਼ਣ ਕੀਤਾ ਜਾਏਗਾ ਤਾਂ ਹੋਰਨਾਂ ਸਵਾਲਾਂ ਦੇ ਨਾਲ ਨਾਲ ਇਕ ਸਵਾਲ ਇਹ ਵੀ ਉਠੇਗਾ ਕਿ ਨਿੱਕੀਆਂ ਨਿੱਕੀਆਂ ਗੱਲਾਂ ਬਾਰੇ ਹਿੰਦੂ ਸਿੱਖ ਤਫਰਕਾਤ ਕਿਉਂ ਉਪਰ ਆ ਜਾਂਦੇ ਹਨ? ਕਿਉਂ ਹਰ ਮਸਲੇ ਬਾਰੇ ਇਹਨਾਂ ਦੀ ਪਹੁੰਚ ਵੱਖਰੀ ਹੁੰਦੀ ਹੈ? ਅਕਾਲੀਆਂ ਦਾ ਜਦੋਂ ਮੋਰਚਾ ਸ਼ੁਰੂ ਹੋਇਆ ਤਾਂ ਉਸ ਵਿਚ ਕੋਈ ਵੀ ਐਸੀ ਮੰਗ ਨਹੀਂ, ਜੋ ਹਿੰਦੂਆਂ ਦੇ ਹਿੱਤਾਂ ਦੇ ਵਿਰੁੱਧ ਹੁੰਦੀ ਪਰ ਫਿਰ ਵੀ ਹਿੰਦੂਆਂ ਦਾ ਵੱਡਾ ਸਮੂਹ ਇਸ ਮੋਰਚੇ ਦੀ ਜਿੱਤ ਨਹੀਂ ਸੀ ਦੇਖਣਾ ਚਾਹੁੰਦਾ। ਇਸਦਾ ਵੱਡਾ ਕਾਰਨ ਸੀ ਕਿ ਉਹ ਅਕਾਲੀਆਂ ਦੀ ਰਾਜਸੀ ਚੜ੍ਹਤ ਨਹੀਂ ਸੀ ਚਾਹੁੰਦਾ। ਅਕਾਲੀ ਕਿਉਂਕਿ ਸਿਰਫ ਸਿੱਖਾਂ ਦੇ ਹਿੱਤ ਦੀ ਗੱਲ ਕਰਦੇ ਹਨ, ਇਸ ਲਈ ਉਹ ਅਪਣੇ ਆਪ ਹਿੰਦੂ ਵਿਰੋਧੀ ਹੋ ਨਿਬੜਦੇ ਹਨ। ਇਹਨਾਂ ਦਿਨਾਂ ਵਿਚ ਸਰਕਾਰੀ ਮੀਡੀਆ ਵੱਲੋਂ ਹਿੰਦੂ ਸਿੱਖ ਏਕਤਾ ਦਾ ਵੀ ਬੜਾ ਪਰਚਾਰ ਕੀਤਾ ਗਿਆ। ਕਦੀ ਗੁਰਬਾਣੀ ਤੋਂ ਤੇ ਕਦੀ ਗੀਤਾ ਤੋਂ ਸਲੋਕ ਕੱਢ ਕੱਢ ਕੇ ਸੁਣਾਏ ਜਾਂਦੇ ਹਨ। ਮਨੁੱਖ ਸਭ ਇਕ ਹਨ। ਇਕੋ ਪਿਤਾ ਦੇ ਬਾਰਕ ਹਨ। ਪਰ ਇਹ ਸਭ ਗੱਲਾਂ ਬਿਲਕੁਲ ਫੋਕੀਆਂ ਸਾਬਤ ਹੁੰਦੀਆਂ ਹਨ। ਪੰਜਾਬ ਵਿਚ ਰਹਿਣਾ ਇਹਨਾਂ ਦੋਨਾਂ ਫਿਰਕਿਆਂ ਨੇ ਇਕੱਠਾ ਹੈ, ਇਸ ਲਈ ਆਪਣੇ ਹਿੰਦੂ ਭਰਾਵਾਂ ਨੂੰ ਬੇਨਤੀ ਕਰਾਂਗਾ ਕਿ ਉਹ ਇਕ ਨਵੀਂ ਸ਼ੁਰੂਆਤ ਕਰਨ ਤੇ ਇਸ ਦਿਸ਼ਾ ਵਿਚ

## ਸ਼ੇਰ ਕੌਣ ? ਚੂਹਾ ਕੌਣ ?

ਹਿੰਦੂ ਫਿਰਕਾਪ੍ਰਸਤ ਨੌਜਵਾਨ : ਵੇਖਿਆ ਵੱੜ ਗਿਆ ਨਾ ਤੁਹਾਡਾ ਗਿਆਰਵਾਂ ਗੁਰੂ ।

ਸਿੱਖ ਫਿਰਕਾਪ੍ਰਸਤ ਨੌਜਵਾਨ : ਸਾਲਿਓ, ਹੁਣ ਤੁਹਾਨੂੰ ਵੀ ਖੰਭ ਲਗ ਗਏ ਨੇ, ਜਦੋਂ ਸ਼ੇਰ ਜੀਂਦਾ ਸੀ, ਸਾਰੇ ਖੁੱਡਾਂ ਵਿਚ ਵੜੇ ਹੋਏ ਸੀ ।

ਹਿੰਦੂ ਫ੍ਰਿਕਾਪ੍ਰਸਤ ਨੇ ਇਕ ਗੱਲ ਆਖੀ, ਸਿਖ ਫ੍ਰਿਕਾਪ੍ਰਸਤ ਨੇ ਉਸਤੋਂ ਵਡੀ ਗੱਲ ਆਖੀ । ਝਗੜਾ ਵੱਧ ਗਿਆ, ਇਕ ਦੂਜੇ ਦਾ ਸਿਰ ਪਾੜਣ ਤਕ ਨੌਬਤ ਚਲੀ ਗਈ । ਭੀੜ ਜਮਾਂ ਹੋ ਗਈ । ਮਿਲਟਰੀ ਦੀ ਜੀਪ ਆ ਗਈ । ਦੋਨਾਂ ਨੂੰ ਵਿਚ ਬਿਠਾ ਹਵਾਲਾਤ ਜਾ ਸੁੱਟਿਆ । ਦੋਨਾਂ ਦੇ ਮਾਪਿਆਂ ਨੂੰ ਖਬਰ ਹੋਈ । ਫ਼ਿਕਰ ਹੋਇਆ । ਮੁਹੱਲੇ ਦੇ ਸਿਆਣੇ ਲੋਕ ਇਕੱਠੇ ਹੋਏ । ਥਾਨੇ ਜਾ ਪਹੁੰਚੇ ਦੋਨੋਂ ਨੌਜਵਾਨ ਊਧੀ ਪਾਏ ਹਵਾਲਾਤ ਬੈਠੇ ਸਨ । ਜੋਸ਼ ਠੰਡਾ ਹੋ ਗਿਆ ਸੀ । ਸਿਆਣਿਆਂ ਨੇ ਐਸ. ਐਚ. ਓ. ਸਾਹਿਬ ਦਾ ਤਰਲਾ ਮਿੰਨਤ ਕੀਤਾ । ਉਹਨੇ ਨੌਜਵਾਨਾਂ ਦੀਆਂ ਲੀਕਾਂ ਕਢਵਾਈਆਂ । ਨੌਜਵਾਨ ਵਾਪਸ ਆਏ । ਸ਼ੇਰ ਕੌਣ ਸੀ, ਚੂਹਾ ਕੌਣ ਸੀ ਕੋਈ ਪਤਾ ਨਹੀਂ ਸੀ ਲਗ ਰਿਹਾ ।(ਰੋਜ਼ ਵਾਪਰ ਰਹੇ ਹਾਦਸਿਆਂ ਵਿਚੋਂ ਇਕ ਹਾਦਸਾ)

ਪਹਿਲਾ ਕਦਮ ਇਹ ਹੈ ਕਿ ਉਹ ਪੰਜਾਬੀ ਬੋਲੀ ਨੂੰ ਆਪਣੇ ਘਰਾਂ ਵਿਚ, ਆਪਣੀਆਂ ਲਿਖਤਾਂ ਵਿਚ, ਆਪਸ ਵਿਚ ਚਿੱਠੀ ਪੱਤ੍ਰ ਵਿਚ ਅਪਨਾਉਣ । ਸਿੱਖ ਸਮੂਹ ਦੀ ਇਹ ਵੱਡੀ ਸ਼ਕਾਇਤ ਕਿ ਹਿੰਦੂ ਸਮੂਹ ਪੰਜਾਬੀ ਸਭਿਆ-ਚਾਰ ਨੂੰ ਨਹੀਂ ਅਪਣਾਉਂਦੀ, ਜ਼ਰੂਰ ਦੂਰ ਹੋਣੀ ਚਾਹੀਦੀ ਹੈ । ਸਾਡੇ ਸਾਰੇ ਸੋਚਣ ਵਾਲਿਆਂ ਦਾ ਫਰਜ਼ ਹੈ ਕਿ ਅਸੀਂ ਐਸਾ ਵਰਤਾਰਾ ਅਪਣਾਈਏ, ਜਿਸਦੇ ਨਾਲ ਕੋਈ ਭਿੰਡਰਾਂਵਾਲਾ ਫੇਰ ਪੰਜਾਬ ਵਿਚ ਜਨਮ ਨਾ ਲੈ ਸਕੇ । ਭਿੰਡਰਾਂਵਾਲੇ ਦੇ ਸ਼ਰਧਾਲੂ ਭਾਵੇਂ ਉਹਦੀ ਸ਼ਖਸੀਅਤ ਬਾਰੇ ਕੁਝ ਗੱਲਾਂ ਕਹਿਣ, ਪਰ ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਉਹ ਹਿੰਦੂ ਨਫਰਤ ਦਾ ਮੁਜੱਸਮਾ ਸੀ ਤੇ ਪੰਜਾਬ ਦੇ ਸਾਂਝੇ ਸਭਿਆਚਾਰ ਦੇ ਵਿਰੁੱਧ ਸੀ ।

ਏ.ਪੀ ਸਿੰਗਲਾ

(ਟ੍ਰਿਬਿਊਨ 'ਚ ਛਪੀ ਇਕ ਚਿੱਠੀ)

## 11. ਰਾਸ਼ਟਰ ਪੱਧਰ ਤੇ ਪੰਜਾਬ ਵਿਚ ਫੌਜੀ ਦਖਲਅੰਦਾਜ਼ੀ ਵਿਰੁਧ ਸੰਘਰਸ਼ ਕਰਨ ਲਈ ਤਿਆਰੀ ਕਮੇਟੀ ਦੀ ਸਥਾਪਨਾ

12 ਜੂਨ 1984, 35 ਫੀਰੋਜ਼ਸ਼ਾਹ ਰੋਡ ਦਿੱਲੀ, ਹਿੰਦੋਸਤਾਨ ਭਰ ਦੇ ਜਮਹੂਰੀਅਤ ਪਸੰਦ ਲੋਕਾਂ ਦੀ ਪੰਜਾਬ ਦੇ ਹਾਲਾਤ ਬਾਰੇ ਇਕ ਮੀਟਿੰਗ ਹੋਈ । ਇਸ ਵਿਚ ਸੋਸ਼ਲਿਸਟ ਪਾਰਟੀ, ਇੰਡੀਅਨ ਪੀਪਲਜ਼ ਫਰੰਟ, ਛਾਤਰ ਯੁਵਾ ਸੰਘਰਸ਼ ਵਾਹਨੀ, ਸਮਤਾ ਸੰਘਠਨ, ਪੀ.ਸੀ. ਸੀ. (ਸੀ.ਪੀ.ਆਈ.ਐਮ.ਐਲ.), ਹਿੰਦ ਮਜ਼ਦੂਰ ਕਿਸਾਨ ਪੰਚਾਇਤ, ਨੀਪਾਲ ਪ੍ਰੋਲਤਾਰੀ ਸੰਸਥਾ ਅਤੇ ਆਲ ਇੰਡੀਆ ਲੀਗ ਫਾਰ ਰੈਵੂਲੂਸ਼ਨਰੀ ਕਲਚਰ ਦੇ ਨੁਮਾਇੰਦੇ ਸ਼ਾਮਿਲ ਸਨ । ਇਕ ਤਿਆਰੀ ਕਮੇਟੀ ਦੀ ਸਥਾਪਨਾ ਕੀਤੀ ਗਈ, ਜਿਸ ਦਾ ਮੁਖ ਕੰਮ ਪੰਜਾਬ ਵ੍ਰਿਚ ਫੌਜੀ ਦਖਲ ਅੰਦਾਜ਼ੀ ਵਿਰੁੱਧ ਸੰਘਰਸ਼ ਕਰਨਾ ਅਤੇ ਲੋਕਾਂ ਨੂੰ ਲਾਮਬੰਦ ਕਰਨਾ ਹੈ । ਸਵੱਪਨ ਮੁਕਰਜੀ ਇਸਦੇ ਕਨਵੀਨਰ ਚੁਣੇ ਗਏ ।

ਕਮੇਟੀ ਦੇ ਵਿਚਾਰ ਵਿਚ ਇਹ ਫੌਜੀ ਕਾਰਵਾਈ ਦੇਸ਼ ਦੀ ਸਿਆਸਤ ਵਿਚ ਤਾਨਾਸ਼ਾਹੀ ਰੁਚੀਆਂ ਨੂੰ ਜਨਮ ਦੇਂਦੀ ਹੈ । ਇਹ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਦਾ ਇਕ ਪੁਰਾਣਾਂ ਤਰੀਕਾ ਹੈ ਕਿ ਕਿਸੇ ਵੀ ਸਿਆਸੀ ਮੰਗ ਲਈ ਲੋਕਾਂ ਦੇ ਸੰਘਰਸ਼ ਨੂੰ ਲੰਮੇਂ ਸਮੇਂ ਤੱਕ ਲਮਕਣ ਦਿੱਤਾ ਜਾਏ, ਆਪਣੇ ਹੀ ਏਜੰਟਾਂ ਰਾਹੀਂ ਉਸ ਵਿਚ ਅਤਿਵਾਦੀ ਰੁਝਾਨਾਂ ਦੀ ਪਹਿਲੋ ਹੌਸਲਾ-ਅਫਜ਼ਾਈ ਕੀਤੀ ਜਾਏ ਤੇ ਫ਼ੇਰ ਉਸੇ ਹੀ ਸੰਘਰਸ਼ ਨੂੰ ਦੇਸ਼ ਘਾਤਕ ਸਿੱਧ ਕਰਕੇ ਉਸਨੂੰ ਫੌਜੀ ਡਿਕਟੇਟਰਸ਼ਿਪ ਦੇ ਬੂਟਾਂ ਥਲੇ ਕੁਚਲਿਆ ਜਾਏ । ਇਹ ਆਸਾਮ ਵਿਚ ਵੀ ਹੋਇਆ ਹੈ ਤੇ ਹੁਣ ਪੰਜਾਬ ਵਿਚ ਵੀ ਹੋਇਆ ਹੈ । ਅਤੇ ਜੇਕਰ ਇਹਦੇ ਉਤੇ ਠੱਲ ਨਾਂ ਪਾਈ ਗਈ ਤਾਂ ਆਉਣ ਵਾਲੇ ਹਰ ਇਕ ਲੋਕਾਂ ਦੇ ਸੰਘਰਸ਼ ਨੂੰ ਇਸੇ ਤਰ੍ਹਾਂ ਕੁਚਲਿਆ ਜਾਏਗਾ ।

ਪ੍ਰਧਾਨ ਮੰਤਰੀ ਦਾ ਇਹ ਕਹਿਣਾ ਕਿ ਹਾਲਾਤ ਜਿਸ ਹੱਦ ਤਕ ਵਿਗੜ ਚੁਕੇ ਸਨ, ਇਸ ਕਾਰਵਾਈ ਤੋਂ ਸਿਵਾ ਕੋਈ ਹੋਰ ਹੱਲ ਨਹੀਂ ਸੀ, ਅਪਣੀ ਅਯੋਗਤਾ ਉਤੇ ਪਰਦਾ ਪਾਉਣ ਵਾਲੀ ਕਾਰਵਾਈ ਹੈ । ਹਾਲਾਤ ਨੂੰ ਵਿਗਾੜਣ ਦੀ ਮੁੱਖ ਜ਼ਿਮੇਵਾਰੀ ਕਿਸਦੀ ਹੈ ? ਪ੍ਰਧਾਨ ਮੰਤਰੀ ਦੀ ਆਪਣੀ ਹੈ । ਕੀ ਫ਼ੌਜੀ ਕਾਰਵਾਈ ਅਤਿਵਾਦ ਨੂੰ ਖਤਮ ਕਰੇਗੀ ? ਨਹੀਂ, ਹਰਗਿਜ਼ ਨਹੀਂ । ਇਹਦੀਆਂ ਪੰਜਾਬ ਵਿਚ ਜੜ੍ਹਾਂ ਹਿੰਦੂ ਸਿੱਖ ਦੇ ਆਪਸੀ ਪਾੜੇ ਵਿਚ ਹਨ ਤੇ ਇਹ ਪਾੜਾ ਇਸ ਕਾਰਵਾਈ ਨਾਲ ਵਧੇਗਾ, ਘਟੇਗਾ ਨਹੀਂ । ਘੱਟ ਗਿਣਤੀ ਦੀ ਸਿੱਖ ਕਮਿਊਨਿਟੀ, ਜਿਸ ਦੀਆਂ ਦੇਸ਼ ਭਗਤੀ ਦੀਆਂ ਸ਼ਾਨਦਾਰ ਰਵਾਇਤਾਂ ਹਨ, ਦੇ ਦਿਲਾਂ ਨੂੰ ਜਿਸ ਤਰ੍ਹਾਂ ਦੁਖਾਇਆ ਗਿਆ ਹੈ, ਉਹਨਾਂ ਵਾਸਤੇ ਆਪਣੇ ਆਪ ਨੂੰ ਭਾਰਤ ਵਿਚ ਵੱਖ ਵੱਖ ਫਿਰਕਿਆਂ ਦੇ ਟੱਬਰ ਵਿਚ ਇਕ ਇਜ਼ਤਦਾਰ ਧਿਰ ਦੀ ਸ਼ਕਲ ਵਿਚ ਕਾਇਮ ਰੱਖਣਾ ਮੁਸ਼ਕਿਲ ਹੋ ਜਾਏਗਾ ।

ਅਸੀਂ, ਜਿਹੜੇ ਇਸ ਦੇਸ਼ ਵਿਚ ਨਿਆਂਸ਼ੀਲ ਸਮਾਜ ਬਨਾਉਣ ਦੇ ਵਚਨਬੱਧ ਹਾਂ, ਪੰਜਾਬ ਦੇ ਇਸ ਦੁੱਖ ਵਿਚ ਸ਼ਾਮਿਲ ਹਾਂ । ਇੰਦਰਾ ਗਾਂਧੀ ਦੀ ਤਾਨਾਸ਼ਾਹੀ ਅਤੇ ਦੋਨੋਂ ਫਿਰਕਿਆਂ ਵਿਚ ਧਾਰਮਕ ਜਨੂੰਨ ਦੇ ਵਿਰੁਧ ਸੰਘਰਸ਼

ਕਰਨਾ ਆਪਣਾ ਫਰਜ਼ ਸਮਝਦੇ ਹਾਂ ਤੇ ਇਹਦੇ ਲਈ ਦੇਸ਼ ਭਰ ਦੇ ਜਮਹੂਰੀਅਤ ਪਸੰਦ ਲੋਕਾਂ ਨੂੰ ਇਸ ਸੰਘਰਸ਼ ਵਿਚ ਸ਼ਾਮਿਲ ਹੋਣ ਦਾ ਸੱਦਾ ਦੇਂਦੇ ਹਾਂ।

**ਸਵੱਪਣ ਮੁਕਰਜੀ**
**16–17,** ਵਿਠਲਭਾਈ ਪਟੇਲ ਹਾਊਸ,
ਰਫੀ ਮਾਰਗ, ਨਵੀਂ ਦਿੱਲੀ—1

## 12. ਸਿੱਖ ਭਰਾਵਾਂ ਦੇ ਸੋਚਣ ਲਈ :

ਹਿਟਲਰ ਦੇ ਫਾਸ਼ੀਵਾਦ ਨੇ ਜਦੋਂ ਜਨਮ ਲਿਆ ਤਾਂ ਇਕ ਸਵਾਲ ਉਠਿਆ ਕਿ ਜਰਮਨੀ ਵਰਗੀ ਇਕ ਸਿਆਣੀ ਕੌਮ ਜਿਸਦੀਆਂ ਦੁਨੀਆ ਭਰ ਵਿਚ ਸਾਇੰਸ, ਸਾਹਿਤ ਅਤੇ ਕਲਾ ਦੇ ਖੇਤ੍ਰ ਵਿਚ ਏਨੀਆਂ ਵਡੀਆਂ ਪ੍ਰਾਪਤੀਆਂ ਹਨ, ਉਹ ਇਕ ਫਾਸ਼ੀਵਾਦ ਵਰਗੀ ਪ੍ਰਤੀ-ਕਰਮਾਤਕ ਸਿਆਸੀ ਫਲਸਫੇ ਦੀ ਕਿਉਂ ਸ਼ਿਕਾਰ ਹੋ ਗਈ? ਇਸਦਾ ਜਵਾਬ ਇਹ ਲਭਿਆ ਗਿਆ ਕਿ ਹਿਟਲਰ ਨੇ ਜਰਮਨੀ ਦੇ ਲੋਕਾਂ ਦੀ ਇਕ ਗੁੱਝੀ ਜਿਹੀ ਰੁੱਚੀ ਨੂੰ ਪੱਠੇ ਪਾਏ। ਜਰਮਨ ਕੌਮ ਸੰਸਾਰ ਦੀ ਸਾਰਿਆਂ ਨਾਲੋਂ ਵਧੀਆ ਕੌਮ ਹੈ। ਇਹਦੀਆਂ ਰਗਾਂ ਵਿਚ ਜੋ ਖੂਨ ਦੌੜਦਾ ਹੈ, ਉਹ ਬਾਕੀ ਲੋਕਾਂ ਦੇ ਖੂਨ ਨਾਲੋਂ ਵੱਧੀਆ ਹੈ। ਇਸ ਲਈ ਜਰਮਨ ਕੌਮ ਦਾ ਇਹ ਹੱਕ ਬਣਦਾ ਹੈ ਕਿ ਉਹ ਦੂਜਿਆਂ ਉਤੇ ਹਕੂਮਤ ਕਰੇ। ਫਾਸ਼ੀਵਾਦ ਨੇ ਦੁਨੀਆ ਦੀ ਜੋ ਤਬਾਹੀ ਕੀਤੀ, ਉਹ ਕਿਸੇ ਕੋਲੋਂ ਭੁਲੀ ਨਹੀਂ ਹੋਈ। ਸਿਖਾਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਵਕਾਰ ਦੇ ਵੱਧਨ ਦਾ ਵੀ ਵਡਾ ਇਹੋ ਇਕ ਕਾਰਨ ਹੈ। ਉਸਨੇ ਵੀ ਸਿਖਾਂ ਦੀ ਇਕ ਗੁੱਝੀ ਰੁੱਚੀ ਨੂੰ ਪੱਠੇ ਪਾਏ ਹਨ। ਸਿਖ ਬੜੇ ਬਹਾਦਰ ਹਨ, ਸਿਖ ਮਾਰਸ਼ਲ ਕੌਮ ਹੈ, ਇਕ ਸਿੱਖ ਸੱਵਾ ਲੱਖ ਦੇ ਬਰਾਬਰ ਹੈ। ਸਿਖਾਂ ਨੇ ਹਮੇਸ਼ਾਂ ਹਿੰਦੂਆਂ ਦੀ ਰਖਵਾਲੀ ਕੀਤੀ ਹੈ, ਪਰ ਹਿੰਦੂ ਹਮੇਸ਼ਾ ਸਿਖਾਂ ਨੂੰ ਧੋਖਾ ਦੇਂਦੇ ਹਨ। ਸਿਖ ਬੜੇ ਮਿਹਨਤੀ ਹਨ, ਉਹ ਜਿਥੇ ਵੀ ਜਾਂਦੇ ਹਨ ਅਪਣੀ ਮੇਹਨਤ ਨਾਲ ਅਪਣੀ ਥਾਂ ਬਣਾ ਲੈਂਦੇ ਹਨ ਆਦਿਕ। ਹੁਣ ਜੇ ਦੇਖਿਆ ਜਾਏ ਤਾਂ ਅੱਜ ਦੀ ਵੀਹਵੀਂ ਸਦੀ 'ਚ ਏਨਾਂ ਗੱਲਾਂ ਦਾ ਕੋਈ ਅਰਥ ਨਹੀਂ। ਸਿੱਖ ਬਹਾਦਰ ਹਨ ਤਾਂ ਕੀ ਦੁਨੀਆ ਦੇ ਬਾਕੀ ਲੋਕ ਬੁਜ਼ਦਿਲ ਹਨ ? ਸਾਰੀਆਂ ਕੌਮਾਂ ਵਿਚ ਲੋਕ ਬਹਾਦਰ ਵੀ ਹਨ ਤੇ ਬੁਜ਼ਦਿਲ ਵੀ ਹਨ, ਜਿਸ ਤਰ੍ਹਾਂ ਸਿਖਾਂ ਵਿਚ ਵੀ ਬਹਾਦਰ ਵੀ ਹਨ ਤੇ ਡਰਪੋਕ ਵੀ ਹਨ। ਅਜ ਦੀ ਦੁਨੀਆ ਵਿਚ ਜਿਨ੍ਹਾਂ ਲੋਕਾਂ ਨੇ ਤਰੱਕੀ ਕੀਤੀ ਹੈ ਉਹ ਅੱਕਲ ਤੇ ਸਿਆਣਪ ਨਾਲ ਕੀਤੀ ਹੈ। ਬੇਮਤਲਬ ਬਹਾਦਰੀ ਦਾ ਕੋਈ ਅੱਰਥ ਨਹੀਂ। ਇਕ ਸਿੱਖ ਅਜਕਲ ਸੱਵਾ ਲੱਖ ਦੇ ਨਹੀਂ ਇਕੋ ਹਿੰਦੂ ਦੇ ਬਰਾਬਰ ਹੈ। ਖੇਡ ਫੇਰ ਉਹੀ ਹੈ ਕਿ ਸ਼ਾਧਨ ਕਿਸਦੇ ਕੋਲ ਹਨ ? ਫੌਜ ਦੇ ਕੁਝ ਹਜ਼ਾਰ ਬੰਦਿਆਂ ਨੇ ਚੰਗੇ ਸਾਧਨ ਅਤੇ ਚੰਗੀ ਸਿਖਲਾਈ ਕਰਕੇ ਹਰਮੰਦਰ ਸਾਹਿਬ ਵਿਚ ਅਪਣੀ ਕਾਰਵਾਈ ਨੂੰ ਸਫਲ ਕਰ ਲਿਆ। ਅੰਮ੍ਰਿਤਸਰ ਦੇ ਸਾਢੇ ਚਾਰ ਲੱਖ ਸਿੱਖ ਜਿਨ੍ਹਾਂ ਵਾਸਤੇ ਹਰਮੰਦਰ ਸਾਹਿਬ ਜਿੰਦ ਜਾਨ ਸੀ, ਕੁਝ ਨਾ ਕਰ ਸਕੇ। ਅਜ ਦਾ ਸਿੱਖ ਦਾਅਵਾ ਨਹੀਂ ਕਰ ਸਕਦਾ ਕਿ ਉਹ ਕਿਸੇ ਹਿੰਦੂ ਦਾ ਰਖਵਾਲਾ ਹੈ ਤੇ ਨਾਂ ਹੀ ਕਿਸੇ ਹਿੰਦੂ ਨੂੰ ਉਹਦੀ ਰਖਵਾਲੀ ਦੀ ਲੋੜ ਹੈ। ਸਿੱਖ ਮੇਹਨਤੀ ਹਨ, ਕੀ ਅਮਰੀਕਾ ਵਾਲੇ, ਜਰਮਨ ਵਾਲੇ ਰੂਸ ਵਾਲੇ, ਜਾਪਾਨ ਵਾਲੇ ਮੇਹਨਤੀ ਨਹੀਂ ਹਨ ? ਜਿਨ੍ਹਾਂ ਨੇ ਦੁਨੀਆ ਭਰ ਵਿਚ ਅਪਣਾ ਨਾਂ ਬਣਾਇਆ ਹੋਇਆ ਹੈ। ਕੀ ਯੂ. ਪੀ. ਤੇ ਬਿਹਾਰ ਦੇ ਭਈਏ ਮੇਹਨਤੀ ਨਹੀਂ ਹਨ ? ਗੱਲ ਅਜ ਦੀ ਦੁਨੀਆ ਵਿਚ ਫੇਰ ਸਾਧਨਾ ਦੀ ਹੈ। ਜਿਸਦੇ ਕੋਲ ਬੇਹਤਰ ਸਾਧਨ ਹਨ, ਉਹ ਤਰੱਕੀ ਕਰ ਜਾਏਗਾ। ਕੀ ਸਿਖ, ਕੀ ਹਿੰਦੂ ਜਾਂ ਕੋਈ ਹੋਰ ਫਿਰਕਾ।

ਸਾਡੇ ਸਿੱਖ ਭਰਾਵਾਂ ਨੂੰ ਮੰਨਣਾ ਪਵੇਗਾ ਕਿ ਭਿੰਡਰਾਂ ਵਾਲੇ ਸੰਤ ਨੇ ਉਹਨਾਂ ਦੀਆਂ ਗ਼ਲਤ ਰੁੱਚੀਆਂ ਨੂੰ ਪੱਠੇ ਪਾਕੇ ਹਿਟਲਰ ਵਾਂਗੂੰ ਇਕ ਵਾਰੀ ਕੌਮ ਨੂੰ ਅਸਮਾਨੇ ਚੜ੍ਹਾ ਦਿਤਾ ਤੇ ਫੇਰ ਅਪਣਾ ਵੀ ਨਸ਼ਟ ਕਰਵਾਇਆ ਤੇ ਕੌਮ ਦਾ ਵੀ ਨਸ਼ਟ ਕਰਵਾਇਆ।

ਆਓ ਸਿਆਣੇ ਬਣੀਏ, ਅਸਲੀਅਤ ਨੂੰ ਪਛਾਣੀਏ ਤੇ ਇਹ ਵੇਖੀਏ ਕਿ ਸਾਡੇ ਦਰਮਿਆਨ ਫੇਰ ਕੋਈ ਭਿੰਡਰਾਂਵਾਲਾ ਨਾ ਉਠੇ। ਉਸ ਨੇ ਸੁੱਤੀ ਕੌਮ ਨਹੀਂ ਜਗਾਈ ਸਗੋਂ ਜਾਗੀ ਕੌਮ ਮਰਵਾਈ ਹੈ।

(ਕਰਫਿਊ ਦਰਮਿਆਨ ਗੱਲੀ ਦੀ ਨੁੱਕਰ ਤੇ ਹੋਈ ਸਿਖ ਭਰਾਵਾਂ ਦੀ ਆਪਸੀ ਵਾਰਤਾਲਾਪ, 8 ਜੂਨ 1984)

## ਇਕ ਵਾਰਤਾਲਾਪ : ਸਿੱਖ ਗਾਹਕ ਤੇ ਹਿੰਦੂ ਦੁਕਾਨਦਾਰ ਦੇ ਦਰਮਿਆਨ :

—ਲਾਲਾ ਜੀ, ਹੁਣ ਭਾਅ ਤਾਂ ਨਾਂ ਵਧਾਓ, ਅਸੀਂ ਤਾਂ ਅੱਗੇ ਹੀ ਉੱਜੜ ਗਏ ਹਾਂ।

—(ਜ਼ਾਹਰਾ ਹਮਦਰ੍ਦੀ ਨਾਲ) ਕੀ ਹੋਇਆ ਸਰਦਾਰ ਜੀ ?

—ਪਾਪੜਾਂ ਵਾਲੇ ਬਾਜ਼ਾਰ ਘਰ ਸੀ।

—ਹਰਮੰਦਰ ਸਾਹਿਬ ਦੇ ਨੇੜੇ ?

—ਹਾਂ ਜੀ, ਬਸ ਮਿਲਟਰੀ ਕਾਰਵਾਈ ਵਿਚ ਤਿੰਨਾਂ ਕਪੜਿਆਂ ਵਿਚ ਭੱਜੇ ਹਾਂ।

—**ਸ਼ੁਕਰ ਹੈ, ਸਰਦਾਰ ਜੀ ਤੁਸੀਂ** ਤਾਂ ਤਿੰਨਾਂ ਕਪੜਿਆਂ ਵਿਚ ਭੱਜੇ ਹੋ, ਜੇ ਇਹ ਕਾਰਵਾਈ ਨਾ ਹੁੰਦੀ, ਸਾਨੂੰ ਤਾਂ ਕੱਛਿਆਂ ਵਿਚ ਭੱਜਨਾ ਪੈਣਾ ਸੀ।

(ਰੋਜ਼ ਹੋ ਰਹੀਆਂ ਵਾਰਤਾਲਾਪਾਂ ਵਿਚੋਂ ਇਕ ਵਾਰਤਾਲਾਪ)

## 13. ਇਕ ਫੌਜੀ ਜਵਾਨ ਦੀ ਚਿੱਠੀ

ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਮਨ ਬੜਾ ਦੁੱਖੀ ਹੈ। ਸਰਕਾਰ ਨੇ (ਉੱਚੇ ਤਖਤ 'ਤੇ ਬੈਠ ਗੁਲਾਬ ਦੀ ਸੁਗੰਧ ਮਾਨਣ ਵਾਲਿਆਂ ਨੇ) ਹੱਥੀਂ ਲਾਂਬੂ ਲੌਂਾਏ, ਹੁਣ ਫੌਜੀ-ਮਾਂਜਾ ਫੇਰ ਕੇ ਬੀਬੀ ਨਾਮਣਾ ਖੱਟ ਰਹੀ ਹੈ। ਫੌਜੀ ਕਾਰਵਾਈ ਬਾਰੇ ਬੁਰਜੂਆ ਪਾਰਟੀਆਂ ਪ੍ਰਸੰਸਾ ਦੇ ਫੁੱਲ ਵਰਸਾ ਰਹੀਆਂ ਨੇ। ਪਰ ਅਸੀਂ ਜਾਣਦੇ ਹਾਂ ਕਿ ਇਹ ਫੌਜੀ-ਐਕਸ਼ਨ ਕੀ ਹੁੰਦੇ ਹਨ ! ਬਹੁਤ ਕਹਿੰਦੇ ਨੇ ਕਿ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ ਪਰ ਸੱਚ ਜਾਣਿਓਂ ! ਇਹ ਸਾਡੇ ਪਿਆਰੇ ਪੰਜਾਬ ਦੇ ਮੰਦੜੇ-ਭਾਗ ਨੇ ਕਿ ਅੱਜ ਗਲੀਆਂ-ਬਜ਼ਾਰਾਂ 'ਚ ਫੌਜੀ-ਬੂਟ ਦਨਦੇਨਾ-ਉਂਦੇ ਫਿਰ ਰਹੇ ਨੇ। —ਇਕ ਜਵਾਨ (ਬੜੌਦਾ)

## 14. ਅਸੀਂ ਸਿਆਣੇ ਕਦੋਂ ਬਣਾਂਗੇ ?

ਲੋਕ ਇਕੱਠੇ ਬੈਠੇ ਹਨ। ਛੋਟੇ ਦੁਕਾਨਦਾਰ ਹਨ, ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਹਨ, ਕਲਰਕ ਹਨ, ਨਿੱਕੇ ਫੁੱਟਕਲ ਕੰਮ ਕਰਨ ਵਾਲੇ ਹਨ। ਹਿੰਦੂ ਹਨ, ਸਿੱਖ ਹਨ। ਅਖਬਾਰ ਦੇ ਪਹਿਲੇ ਸਫੇ ਤੇ ਸੁਰਖੀਆਂ ਪੜ੍ਹੀਆਂ ਜਾਂਦੀਆਂ ਹਨ। ਜ਼ਰੂਰੀ ਹੈ ਕਿ ਇਹ ਸੁਰਖੀਆਂ ਪ੍ਰਧਾਨ ਮੰਤਰੀ ਦੇ ਬਿਆਨਾਂ ਬਾਰੇ ਹਨ। ਹਰਮੰਦਰ ਸਾਹਿਬ ਬਾਰੇ ਹਨ। ਸੰਤ ਭਿੰਡਰਾਂਵਾਲੇ ਬਾਰੇ ਹਨ। ਫੌਜੀ ਕਾਰਵਾਈ ਬਾਰੇ ਹਨ। ਇਹ ਵੀ ਜ਼ਰੂਰੀ ਹੈ ਕਿ ਜਿਥੇ ਹਿੰਦੂ ਵੀ ਹੋਣ, ਸਿੱਖ ਵੀ ਹੋਣ ਤੇ ਅਖਬਾਰਾਂ ਦੀਆਂ ਸੁਰਖੀਆਂ ਵੀ ਹੋਣ ਤਾਂ ਵੱਖ ਵੱਖ ਕਿਸਮ ਦੀਆਂ ਟਿਪਣੀਆਂ ਵੀ ਹੋਣਗੀਆਂ ਅਤੇ ਨਾਲ ਤਲਖੀ ਵੀ ਵਧੇਗੀ। ਸੋ ਤਲਖੀ ਵਧੀ ਹੋਈ ਸੀ। ਜਦੋਂ ਅਖਬਾਰ ਦਾ ਅਗਲਾ ਵਰਕਾ ਪਰਤਿਆ ਗਿਆ ਤਾਂ ਉਹਦੇ ਉਤੇ ਇਕ ਵੱਡੀ ਸੁਰਖੀ ਤੇ ਸਾਰਿਆਂ ਦੀ ਨਜ਼ਰ ਪਈ। ਉਹ ਸੁਰਖੀ ਸੀ, **'ਵਿਆਹ ਸਮਾਰੋਹ ਵੱਡੇ ਹੋਟਲਾਂ 'ਚ ਕਰਨ ਦੀ ਰੁਚੀ 'ਚ ਵਾਧਾ'** ਖਬਰ ਪੜ੍ਹੀ ਗਈ :

ਨਵੀਂ ਦਿੱਲੀ, 21 ਜੂਨ (ਵਿਸ਼ੇਸ਼ ਪ੍ਰਤੀਨਿਧ)—ਰਾਜਧਾਨੀ ਦੇ ਅਮੀਰ ਤਬਕੇ ਦੇ ਲੋਕਾਂ ਅੰਦਰ ਪਿਛਲੇ ਕੁਝ ਅਰਸੇ ਦੌਰਾਨ ਆਪਣੇ ਸੱਕੇ ਸਬੰਧੀਆਂ ਦੇ ਵਿਆਹਾਂ ਦੀਆਂ ਰਸਮਾਂ ਬਹੁਤ ਹੀ ਤੜਕ ਭੜਕ ਨਾਲ ਕਰਨ ਦੀ ਰੁਚੀ ਬਹੁਤ ਜ਼ਿਆਦਾ ਪ੍ਰਬਲ ਹੋ ਗਈ ਹੈ।

ਅਜਿਹੇ ਹੋਟਲਾਂ 'ਚ ਅਜਿਹੇ ਵਿਆਹਾਂ ਸ਼ਾਦੀਆਂ ਲਈ ਅਗੇ ਵਿਆਹ ਵਾਲੀ ਰਾਤ ਦੀ ਕਾਕਟੇਲ ਪਾਰਟੀ, ਵਿਆਹ ਦੀ ਅਸਲ ਰਸਮ ਅਤੇ ਪਿਛੋਂ ਰੀਸੈਪਸ਼ਨ ਦੇ ਰੂਪ ਵਿਚ 'ਥ੍ਰੀ-ਟਾਇਰ ਸਿਸਟਮ' ਅਪਣਾਇਆ ਜਾ ਰਿਹਾ ਹੈ।

ਪੰਜ ਸਟਾਰ ਹੋਟਲਾਂ ਦੀਆਂ ਮੈਨੇਜਮੈਂਟਾਂ ਦੇ ਦਸਣ ਮੁਤਾਬਕ ਇਕ ਮੋਟੇ ਜਿਹੇ ਅੰਦਾਜ਼ੇ ਅਨੁਸਾਰ ਅਜਿਹੇ ਵਿਆਹਾਂ ਤੇ ਕੇਵਲ ਖਾਣੇ ਅਤੇ ਜਗਹ ਵਗੈਰਾ ਦੇ ਖਰਚਿਆਂ ਦੇ ਰੂਪ 'ਚ ਹੀ 10 ਲੱਖ ਤੋਂ ਲੈ ਕੇ ਕੋਈ 15 ਲੱਖ ਦੇ ਕਰੀਬ ਖਰਚਾ ਆ ਜਾਂਦਾ ਹੈ। ਅਜੇ ਅਜਿਹੀਆਂ ਬਰਾਤਾਂ ਨੂੰ ਨਵੀਂ ਦਿੱਲੀ ਤਕ ਪਹੁੰਚਣ ਲਈ ਚਾਰਟਰਡ ਹਵਾਈ ਉਡਾਨਾਂ ਤੇ ਜੋ ਇਤਨਾ ਹੀ ਖਰਚ ਹੁੰਦਾ ਹੈ ਉਹ ਅਲੱਗ ਅਤੇ ਬਰਾਤ ਦੇ ਮੈਂਬਰਾਂ ਦੇ ਰਾਜਧਾਨੀ 'ਚ ਘੁੰਮਣ ਫਿਰਨ ਲਈ ਉਨ੍ਹਾਂ ਨੂੰ ਮੁਹੱਈਆ ਕੀਤੀਆਂ ਜਾਣ ਵਾਲੀਆਂ ਕਾਰਾਂ ਦੇ ਫਲੀਟ ਤੇ ਆਉਣ ਵਾਲੇ ਖਰਚੇ ਵੀ ਵੱਖਰੇ ਹੁੰਦੇ ਹਨ।

ਰਾਜਧਾਨੀ ਅੰਦਰ 5 ਸਟਾਰ ਹੋਟਲਾਂ 'ਚ ਵਿਆਹ ਸਮਾਰੋਹ ਕਰਨ ਦਾ ਖਬਤ ਕੋਈ ਇਕ ਦਹਾਕਾ ਕੁ ਪਹਿਲਾਂ ਸ਼ੁਰੂ ਹੋਇਆ ਸੀ ਅਤੇ ਪਿਛਲੇ ਸਮੇਂ ਦੌਰਾਨ ਇਹ ਵਧਦਾ ਹੀ ਗਿਆ ਹੈ।

ਮੌਰੀਆ, ਤਾਜ, ਅਸ਼ੋਕਾ ਤੇ ਹਯਾਤ ਰੀਜੈਂਸੀ ਆਦਿ ਚਾਰ ਅਜਿਹੇ ਹੋਟਲਾਂ ਵਲੋਂ ਆਮ ਅਜਿਹੇ ਅਵਸਰਾਂ ਤੇ ਆਮ ਮੰਡਪ ਮੁਹਈਆ ਕਰਨ ਲਈ :000 ਰੁਪਏ ਚਾਰਜ ਕੀਤੇ ਜਾਂਦੇ ਹਨ ਜਦੋਂ ਕਿ ਵਿਸ਼ੇਸ਼ ਤੌਰ ਤੇ ਸਜਾਏ ਗਏ ਮੰਡਪਾਂ ਲਈ ਫੀਸ 10000 ਰੁਪਏ ਤੋਂ 15000 ਰੁਪਏ ਤਕ ਵਸੂਲ ਕੀਤੀ ਜਾਂਦੀ ਹੈ। ਇਨ੍ਹਾਂ ਮੰਡਪਾਂ 'ਚ ਅਗੋ ਲਾਈਟਾਂ ਲਗੀਆਂ ਹੋਣ ਦੀ ਮੰਗ ਕਰਨ ਤੇ ਇਨ੍ਹਾਂ ਦੀ ਫੀਸ ਦੁਗਣੀ ਹੋ ਜਾਂਦੀ ਹੈ।

ਅਜਿਹੇ ਮੌਕੇ ਤੇ ਖਾਣੇ ਵਗੈਰਾ ਲਈ ਪੈਸੇ ਵਿਅਕਤੀਗਤ ਅਧਾਰ ਤੇ ਵਸੂਲ ਕੀਤੇ ਜਾਂਦੇ ਹਨ ਅਤੇ ਇਹ ਫੀਸ 5 ਕੋਰਸ ਸ਼ਾਕਾਹਾਰੀ ਭੋਜਨ ਲਈ 65 ਰੁਪਏ ਪ੍ਰਤੀ ਮੈਂਬਰ ਅਤੇ 5 ਕੋਰਸ ਮਾਸਾਹਾਰੀ ਭੋਜਨ ਲਈ 75 ਰੁਪਏ ਪ੍ਰਤੀ ਮੈਂਬਰ ਹੁੰਦੀ ਹੈ। ਜਦੋਂ ਕਿ 9 ਕੋਰਸ ਵਾਲੇ ਵਿਸ਼ੇਸ਼ ਭੋਜਨ ਲਈ 150 ਰੁਪਏ ਤੋਂ ਲੈ ਕੇ 175 ਰੁਪਏ ਪ੍ਰਤੀ ਮੈਂਬਰ ਖਰਚਾ ਚਾਰਜ ਕੀਤਾ ਜਾਂਦਾ ਹੈ।

ਅਜਿਹੇ ਵਿਆਹ ਸਮਾਰੋਹਾਂ ਵਿਚ ਆਮ ਤੌਰ ਤੇ 500 ਤੋਂ ਲੈ ਕੇ 1500 ਦੇ ਕਰੀਬ ਲੋਕ ਸ਼ਾਮਲ ਹੁੰਦੇ ਹਨ।

ਖਬਰ ਪੜ੍ਹਕੇ ਪਲ ਦੇ ਪਲ ਸਭ ਚੁੱਪ ਕਰ ਗਏ। ਉਹਨਾਂ ਵਿਚੋਂ ਪਹਿਲੇ ਵਾਲੀ ਤਲਖੀ ਮੁੱਕ ਚੁੱਕੀ ਸੀ। ਇਕ ਰੋਹ ਦਾ ਪ੍ਰਭਾਵ ਸਾਰਿਆਂ ਦੇ ਚਿਹਰਿਆਂ ਤੇ ਸੀ।

'ਓਏ ਸਾਲਿਓ, ਅਸੀਂ ਕਿਵੇਂ ਨਿੱਕੀਆਂ ਨਿੱਕੀਆਂ ਗੱਲਾਂ ਤੇ ਆਪਸ ਵਿਚ ਤਲਖ ਹੁੰਦੇ ਰਹਿਨੇ ਹਾਂ, ਇਕ ਦੂਜੇ ਦਾ ਸਿਰ ਪਾੜਣ ਤਕ ਚਲੇ ਜਾਂਦੇ ਹਾਂ, ਪਰ ਸਾਡੀ ਮਿਹਨਤ ਲੁੱਟਣ ਵਾਲੇ ਸਾਡੇ ਹੀ ਸਿਰਾਂ ਤੇ ਅਯਾਸ਼ੀ ਕਰਦੇ ਹਨ। ਅਸੀਂ ਸਿਆਣੇ ਕਦੋਂ ਬਣਾਂਗੇ ?'

**ਮੁਹੱਲੇ ਦੇ ਇਕ ਇਕੱਠ ਵਿਚ ਵਾਪਰੀ ਘਟਨਾ**

## 15. ਖੁਫੀਆ ਹੱਥ ਨੂੰ ਪਛਾਣੀਏ

—ਇਸ ਵਾਰ ਤੁਹਾਡੀ ਕਲਮ ਦਾ 'ਕਾਲੇ ਹਾਸ਼ੀਏ ਦਾ ਇਤਿਹਾਸ' ਸੰਪਾਦਕੀ ਪੜ੍ਹਿਆ। ਇਸਤੋਂ ਪਹਿਲੋਂ ਵੀ ਮੈਂ 'ਗੁਰਸ਼ਰਨ' ਦਾ ਸਮਤਾ ਛਪਦਾ ਇਕ ਇਕ ਅੱਖਰ ਪੜ੍ਹਦਾ ਰਿਹਾ ਹਾਂ ਤੇ ਉਹ ਲੇਖ ਵੀ ਚੰਗੀ ਤਰ੍ਹਾਂ ਘਖ ਕੇ ਪੜ੍ਹੇ ਹਨ ਜਿਨ੍ਹਾਂ ਵਿਚ ਵਿਚਾਰਾਂ ਦੀ ਟੱਕਰ ਚਲਦੀ ਰਹੀ ਹੈ।

ਸੱਚੇ ਦਿਲੋਂ ਇਹਨਾਂ ਲਿਖਤਾਂ ਤੋਂ ਅਗਵਾਈ ਲੈਣ ਤੇ ਸ਼ੰਕਿਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹਾਂ ਪਰ ਇਸ ਵਾਰ ਦੇ ਤੁਹਾਡੇ ਇਸ ਸੰਪਾਦਕੀ ਨੇ ਮੈਨੂੰ ਚਿੰਤਾ ਵਿਚ ਪਾ ਦਿੱਤਾ ਹੈ।

'ਕਾਲੇ ਹਾਸ਼ੀਏ ਦਾ ਇਤਿਹਾਸ' ਦੇ ਰਚਣਹਾਰਿਆਂ ਵਿਚ ਤੁਸੀਂ ਕੁਲ ਚਾਰ ਕਿਰਦਾਰ ਰੱਖੇ ਹਨ—ਇੰਦਰਾ ਗਾਂਧੀ, ਸੰਤ ਲੌਂਗੋਵਾਲ, ਸੰਤ ਭਿੰਡਰਾਂਵਾਲੇ ਤੇ ਇਹਨਾਂ ਤਿੰਨਾਂ ਦੇ ਵਿਚ ਗਿਆਨੀ ਜ਼ੈਲ ਸਿੰਘ। ਚਾਰ ਦੇ ਚਾਰ ਸੱਜਣਾਂ ਨੂੰ ਤੁਸੀਂ ਪੈਂਤੜੇਬਾਜ਼ ਖਰੂਦੀ ਦੇ ਰੂਪ ਵਿਚ ਪਰਗਟ ਕੀਤਾ ਹੈ। ਇਕ ਲੋਕ-ਨਾਟਕਕਾਰ ਵਲੋਂ ਤੁਹਾਡਾ ਅਜੇਹਾ ਸੋਚਣਾ ਤੇ ਕਰਨਾ ਸਮਝ ਪੈਂਦਾ ਹੈ ਪਰ ਵਰਤਮਾਨ ਸੂਰਤਹਾਲ ਦਾ ਵਿਸ਼ਲੇਸ਼ਣ ਕਰਨ ਲਈ ਇਹ ਨਿਰੋਲ ਓਪਰਾ ਨਾਟਕੀ ਢਂਗ ਸਹਾਇਕ ਨਹੀਂ ਹੋ ਸਕਦਾ।

ਆਖਿਰ, ਕੋਈ ਵੀ ਤਹਿਰੀਕ, ਸਿੱਧੀ ਜਾਂ ਪੁੱਠੀ ਜਦ ਉਭਰਦੀ ਹੈ, ਜ਼ੋਰ ਫੜਦੀ ਹੈ ਤਾਂ ਮਾਰਕਸਵਾਦੀ ਚਿੰਤਕ ਉਸ ਤਹਿਰੀਕ ਦੇ ਕਾਰਨਾਂ ਵਿਚ ਜਾਂਦਾ ਹੈ ਕਿਉਂਕਿ ਹਰ ਅਜੇਹੀ ਲਹਿਰ ਵੱਖ ਵੱਖ ਸ਼੍ਰੇਣੀਆਂ ਅਤੇ ਤਬਕਿਆਂ ਦੇ ਆਪਸੀ ਟਕਰਾਉ ਤੋਂ ਜਨਮ ਲੈਂਦੀ ਹੈ। ਇਹ ਤਬਕੇ ਕਿਹੜੇ ਹਨ ਅਤੇ ਇਹ ਕਿਉਂ ਟਕਰਾ ਰਹੇ ਹਨ। ਇਹਨਾਂ ਦੀਆਂ ਸੋਚਾਂ ਤੇ ਚਾਲਾਂ ਪਿੱਛੇ ਕਿਸ ਦਾ ਹੱਥ ਹੈ। ਗੱਲ ਕੀ ਕਿ ਕਠ-ਪੁਤਲੀਆਂ ਦਾ ਨਾਚ ਦਾ ਸੂਤਰਧਾਰ ਕੌਣ ਹੈ? ਇਹਨਾਂ ਦੋ ਸਵਾਲਾਂ ਦਾ ਉਤਰ ਹਾਸਿਲ ਕੀਤੇ ਬਗੈਰ ਤਿੰਨ ਚਾਰ ਬੰਦਿਆਂ ਦੇ ਬਾਅਦ ਜਾਂ ਅਜ ਕਲ ਉਘੇ ਹੋ ਗਏ ਸਾਰੀ ਖੇਡ ਨੂੰ ਘੁਮਾਉਣਾ ਤੇ ਉਹਨਾਂ ਦਾ ਜ਼ਾਤੀ ਗੋਰਖ-ਧੰਦਾ ਕਹਿਣਾ ਅਵਿਗਿਆ-ਨਕ ਜਾਪਦਾ ਹੈ।

ਇੰਦਰਾਂ ਗਾਂਧੀ ਕਿਸ ਦੀ ਪਰਤੀਕ ਹੈ? ਲੌਂਗੋਵਾਲ ਕਿਸ ਦਾ ਪ੍ਰਤੀਨਿਧ ਹੈ? ਭਿੰਡਰਾਂ ਵਾਲਾ ਕਿੰਨ੍ਹਾਂ ਲੋਕਾਂ ਦਾ ਆਗੂ ਹੈ? ਕੀ ਇਹਨਾਂ ਤਿੰਨਾਂ ਤੋਂ ਛੁੱਟ ਜਾਂ ਵਧ ਤੋਂ ਵਧ ਇਹਨਾਂ ਦੀਆਂ ਤਿੰਨਾਂ ਧਿਰਾਂ ਤੋਂ ਛੁੱਟ ਬਾਕੀ ਇਸ ਨਾਟਕ ਦਾ ਕੋਈ ਹੋਰ ਪਾਤਰ ਹੈ ਹੀ ਨਹੀਂ? ਇਹ ਸੁਰੱਖਿਆ ਸਮਤੀਆਂ ਤੇ ਸ਼ਿਵ-ਸੈਨਾ ਵਾਲੇ ਬਾਹਮਣ ਤੇ ਗੁਪਤੇ ਕੌਣ ਹਨ?

ਨਿਰੰਕਾਰੀਆਂ ਦਾ ਤੇ ਸਿੱਖਾਂ ਦਾ ਝਗੜਾ ਹਿੰਦੂ ਅਤੇ ਸਿੱਖ ਝਗੜਾ ਕਿਵੇਂ ਅਤੇ ਕਿਉਂ ਬਣ ਗਿਆ? ਇਸ ਨਗੂਣੇ ਜਹੇ ਝਗੜੇ ਨੂੰ ਇਹ ਸ਼ਕਲ ਕਿਸ ਨੇ ਦਿੱਤੀ ਅਤੇ ਹੁਣ ਇਸ ਵਿਚ ਰੂਪ ਪਰਤਦੇ ਗਏ ਝਗੜੇ ਨੂੰ ਹੋਰ ਡੂੰਘਾ, ਤਿਖੇਰਾ ਤੇ ਖੂਨਖਾਰ ਕੌਣ ਤੇ ਕਿਉਂ ਬਣਾ ਰਿਹਾ ਹੈ। ਕੀ ਤੁਹਾਡਾ ਖਿਆਲ ਹੈ ਕਿ ਇਹ ਕੇਵਲ ਚੰਡੀਗੜ੍ਹ ਦਰਿਆ ਦੇ ਪਾਣੀ ਤੇ ਪੰਜਾਬੀ ਇਲਾਕਿਆਂ ਦਾ ਝਗੜਾ ਹੈ? ਦੋ ਢਾਈ ਸਾਲ ਪਹਿਲਾਂ ਤਾਂ ਇਹ ਝਗੜਾ ਕਿਧਰੇ ਨਹੀਂ ਸੀ। ਫੇਰ ਹੁਣ ਇਹ ਝਗੜਾ ਕਿਉਂ ਖੜਾ ਹੋਣ ਦਿੱਤਾ ਗਿਆ, ਕਿਉਂ ਵੱਧਣ ਦਿੱਤਾ ਗਿਆ? ਇਸ ਦਾ ਹੱਲ ਕਿਉਂ ਨਹੀਂ ਕੀਤਾ ਜਾ ਸਕਿਆ ਤੇ ਕੀਤਾ ਜਾ ਰਿਹਾ? ਕੀ ਏਸ ਸਾਰੇ ਖੂਨੀ ਨਾਟਕ ਪਿੱਛੇ ਕੌਮੀ ਅਤੇ ਕੌਮਾਂਤਰੀ ਸਰਮਾਏਦਾਰੀ ਦੇ ਦੈਂਤ ਦਾ ਕਰੂਰ ਤੇ ਕਰੂਪ ਚੰਡਾਲ ਹੱਥ ਨਹੀਂ ਹੈ?

ਗੁਰਚਰਨ ਸਿੰਘ (ਡਾਕਟਰ)
ਸਾਬਕਾ ਚੇਅਰਮੈਨ, ਸਕੂਲ ਐਜੂਕੇਸ਼ਨ ਬੋਰਡ

## 16. ਹਥਿਆਰਬੰਦ ਇਨਕਲਾਬ ਜਾਂ ਆਤੰਕਵਾਦ

ਪੰਜਾਬ ਵਿਚ ਜੋ ਕੁਝ ਵਾਪਰਿਆ ਹੈ, ਇਹਨਾਂ ਹਾਲਾਤ ਵਿਚ 'ਹਥਿਆਰਬੰਦ' ਸ਼ਬਦ ਦੀ ਵਰਤੋਂ ਪੂਰੀ ਵਿਆਖਿਆ ਨਾਲ ਕਰਨੀ ਚਾਹੀਦੀ ਹੈ। 'ਹਥਿਆਰਬੰਦ ਆਤੰਕਵਾਦ' ਅਤੇ 'ਹਥਿਆਰਬੰਦ ਇਨਕਲਾਬ' ਦੋ ਬਿਲ-ਕੁਲ ਹੀ ਉਲਟ ਧਾਰਨਾਵਾਂ ਹਨ। ਹਾਕਮ ਜਮਾਤ ਦਾ ਇਹ ਯਤਨ ਹੋਵੇਗਾ ਕਿ ਇਹਨਾਂ ਦੋਨਾਂ ਨੂੰ ਆਪਸ ਵਿਚ ਰੱਲਗੱਡ ਕੀਤਾ ਜਾਏ। ਇਸਦੀ ਇਕ ਮਿਸਾਲ ਵਾਰ ਵਾਰ ਸਰਕਾਰੀ ਬੁਲਾਰਿਆਂ ਵਲੋਂ ਅਤੇ ਕੁਝ ਪਤਰਕਾਰਾਂ ਵਲੋਂ ਦਰਬਾਰ ਸਾਹਿਬ ਦੇ ਕੰਪਲੈਕਸ ਵਿਕ ਸਾਬਕਾ ਨਕਸਲੀਆਂ ਦੀ ਮੌਜੂਦਗੀ ਦਸਕੇ ਇਹ ਸਾਬਤ ਕਰਨਾ ਹੈ ਧਾਰਮਕ ਅਤਿਵਾਦੀਆਂ ਅਤੇ ਨਕਸਲੀਆਂ ਦਾ ਪ੍ਰੇਰਨਾ ਸਰੋਤ ਇਕ ਫਲਸਫਾ ਹੈ। ਸਾਨੂੰ ਜ਼ੋਰਦਾਰ ਸ਼ਬਦਾਂ ਵਿਚ ਇਹਦਾ ਖੰਡਨ ਕਰਨਾ ਚਾਹੀਦਾ ਹੈ। ਇਸ ਸਿਲਸਿਲੇ ਵਿਚ ਦਰਸ਼ਨ ਖੱਟਕੜ ਦਾ ਬਿਆਨ ਸਮੇਂ ਦੀ ਲੋੜ ਹੈ। ਇਹ ਬਿਆਨ 22 ਜੂਨ ਦੀ ਪੰਜਾਬੀ ਟਰਿਬਿਊਨ ਵਿਚੋਂ ਲੈ ਕੇ ਇਥੇ ਦਿਤਾ ਜਾ ਰਿਹਾ ਹੈ: **'ਅਤਿਵਾਦੀ ਸਰਗਰਮੀਆਂ ਪਿਛੇ ਨਕਸਲੀਆਂ ਦਾ ਹੱਥ ਨਹੀਂ'**

ਚੰਡੀਗੜ੍ਹ—21 ਜੂਨ (ਪੰਜਾਬੀ ਟ੍ਰਿਬਿਊਨ)—ਭਾਰਤੀ ਕਮਿਊਨਿਸਟ ਪਾਰਟੀ (ਮ. ਲ) ਦੀ ਪੰਜਾਬ ਇਕਾਈ ਨੇ ਇਸ ਖਬਰ ਦਾ ਜ਼ੋਰਦਾਰ ਖੰਡਨ ਕੀਤਾ ਹੈ ਕਿ ਪੰਜਾਬ ਵਿਚ ਦਹਿਸ਼ਤ-ਪਸੰਦਾਂ ਦੀਆਂ ਸਰਗਰਮੀਆਂ ਵਿਚ ਨਕਸਲੀਆਂ ਤੇ ਵਿਸ਼ੇਸ਼ ਵਿਚ ਦੁਹਿਸ਼ਤ-ਪਸੰਦਾਂ ਦੀਆਂ ਸਰਗਰਮੀਆਂ ਵਿਚ ਨਕਸਲਾਂ ਤੇ ਵਿਸ਼ੇਸ਼ ਕਰਕੇ ਸੀ. ਪੀ. ਆਈ. (ਮ.ਲ) ਦਾ ਹੱਥ ਹੈ।

ਪਾਰਟੀ ਸਕੱਤਰ ਸ੍ਰੀ ਦਰਸ਼ਨ ਸਿੰਘ ਖਟਕੜ ਨੇ ਅੱਜ ਇਥੇ ਇਕ ਬਿਆਨ ਵਿਚ ਕਿਹਾ ਕਿ ਸਰਕਾਰੀ ਹਲਕੇ ਤੇ ਫੁਰਜਮਾਨ ਆਪਣੀ ਸਰਕਾਰ ਦੀਆਂ ਕਮਜ਼ੋਰੀਆਂ ਛੁਪਾਉਣ ਲਈ ਲੋਕਾਂ ਦਾ ਧਿਆਨ ਅਸਲੀ ਮਾਮਲਿਆਂ ਤੋਂ ਲਾਂਭੇ ਖੜਨਾ ਚਾਹੁੰਦੇ ਹਨ। ਉਹਨਾਂ ਕਿਹਾ ਕਿ ਸਰਕਾਰ ਦੇ ਇਹੋ ਜਿਹੇ ਬਿਆਨਾਂ ਦਾ ਮਤਲਬ 'ਆਉਣ ਵਾਲੀਆਂ ਚੋਣਾਂ ਜਿੱਤਣਾ ਹੈ।

ਉਹਨਾਂ ਕਿਹਾ ਕਿ ਇਹ ਭਾਰਤੀ ਕਮਿਊਨਿਸਟ ਪਾਰਟੀ (ਮ.ਲ) ਹੀ ਸੀ ਜਿਸ ਨੇ ਹਰ ਕਿਸਮ ਦੀ ਫਿਰਕਾ ਪ੍ਰਸਤੀ ਦਾ ਵਿਰੋਧ ਕੀਤਾ ਅਤੇ ਹਿੰਦੂ ਸਿੱਖ ਏਕਤਾ ਦਾ ਨਾਅਰਾ ਬੁਲੰਦ ਕੀਤਾ। ਇਸ ਬਾਰੇ ਪਾਰਟੀ ਨੇ 6 ਜਨਵਰੀ 1984 ਨੂੰ ਜਲੰਧਰ ਵਿਚ ਭਾਰੀ ਵਿਖਾਵਾ ਵੀ ਕੀਤਾ। ਸ੍ਰੀ ਖਟਕੜ ਨੇ ਕਿਹਾ ਕਿ ਨਕਸਲੀ ਫਿਰਕੂ ਏਕਤਾ ਲਈ ਪ੍ਰਚਾਰ ਕਰਦੇ ਰਹੇ ਹਨ ਅਤੇ ਲੋਕਾਂ ਦਾ ਧਿਆਨ ਅਸਲੀ ਮਸਲਿਆਂ ਉਤੇ ਕੇਂਦਰਤ ਕਰਨ ਦੀ ਕੋਸ਼ਿਸ਼ ਕਰਦੇ ਹਨ; ਭਾਵੇਂ ਕਿ ਪਾਰਟੀ ਨੂੰ ਇਸ ਰਾਹ ਵਿਚ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ।'

**17.** ਦਰਬਾਰ ਸਾਹਿਬ ਦੇ ਫੌਜੀ ਅਪ੍ਰੇਸ਼ਨ 'ਨੀਲਾ ਤਾਰਾ' (BLUE STAR) ਹਿੰਦੋਸਤਾਨੀ ਫੌਜ ਦੇ ਲਈ ਕੋਈ ਸਟਾਰ ਨਹੀਂ ਜਿਤਦਾ। ਇਸ ਸੀਮਤ ਜਹੀ ਕਾਰਵਾਈ ਵਿਚ 119 ਜਵਾਨਾਂ ਅਤੇ ਅਫਸਰਾਂ ਦਾ ਮਰਨਾ ਅਤੇ 350 ਦਾ ਬੁਰੀ ਤਰ੍ਹਾਂ ਜ਼ਖਮੀ ਹੋ ਜਾਣਾ ਦਸਦਾ ਹੈ ਕਿ ਫੌਜ ਅੰਨ੍ਹਿਆਂ ਵਾਕੁਨ ਲੜੀ ਹੈ। ਉਸਨੂੰ ਦੁਸ਼ਮਣ ਦੀ ਤਾਕਤ ਜਾਂ ਦਰਬਾਰ ਸਾਹਿਬ ਵਿਚ ਹੋਈ ਕਿਲ੍ਹਾਬੰਦੀ ਦਾ ਬਿਲਕੁਲ ਕੋਈ ਅੰਦਾਜ਼ਾ ਨਹੀਂ ਸੀ। ਸਰਕਾਰ ਅਤੇ ਫੌਜ ਦੀਆਂ ਖੁਫੀਆ ਏਜੰਸੀਆਂ ਦੀ ਨਾਅਹਿਲੀਅਤ ਦਾ ਇਸਤੋਂ ਵਡਾ ਹੋਰ ਕੋਈ ਸਬੂਤ ਨਹੀਂ ਹੋ ਸਕਦਾ।

**ਰਾਮ ਆਇਰ/ਮਦਰਾਸ ਤੋਂ ਇਕ ਚਿਠੀ**

## 18. ਪੰਜਾਬ ਵਿਚ ਫੌਜੀ ਕਾਰਵਾਈ ਬਾਰੇ ਕਮਿਊਨਿਸਟ ਇਨਕਲਾਬੀਆਂ ਦਾ ਨਜ਼ਰੀਆ

(ਇਕ ਬਿਆਨ)

ਭਾਰਤ ਸਰਕਾਰ ਨੇ ਖਾਲਸਤਾਨੀ ਦਹਿਸ਼ਤਪਸੰਦਾਂ ਨੂੰ ਕੁਚਲਣ ਲਈ ਕਰੜੀ ਹਥਿਆਰਬੰਦ ਕਾਰਵਾਈ ਵਿੱਢ ਦਿੱਤੀ ਹੈ। ਇਸਦੇ ਪਹਿਲੇ ਗੇੜ 'ਅੰਦਰ;' ਉਹਨਾਂ ਨੂੰ ਧਾਰਮਕ-ਸਥਾਨਾਂ ਅੰਦਰਲੇ ਟਿਕਾਣਿਆਂ ਵਿਚੋਂ ਕੱਢਣ ਲਈ ਤਾਕਤ ਦੀ ਵਰਤੋਂ ਕੀਤੀ ਗਈ ਹੈ। ਸਿੱਟੇ ਵਜੋਂ, ਕਾਫੀ ਖੂਨ-ਖਰਾਬਾ ਹੋਇਆ ਹੈ। ਖਾਸ ਕਰਕੇ, ਗੁਰਦੁਆਰਾ ਹਰਮੰਦਰ ਸਾਹਿਬ ਦੇ ਅਹਾਤੇ ਵਿਚਲੀ ਉਹਨਾਂ ਦੀ ਮੁੱਖ ਛਾਉਣੀ ਨੂੰ ਕਬਜ਼ੇ ਵਿਚ ਲੈਣ ਸਮੇਂ ਭਾਰੀ ਜਾਨੀ ਨੁਕਸਾਨ ਹੋਇਆ ਹੈ। ਸਿੱਖ-ਸ਼ਰਧਾਲੂਆਂ ਦੇ ਵੱਡੇ ਹਿੱਸੇ ਦੇ ਮਨਾਂ ਉਤੇ ਇਸ ਗੱਲ ਨੇ ਜਿਹੜਾ ਮਾੜਾ ਅਸਰ ਛੱਡਿਆ ਹੈ, ਉਹ ਲੰਮੇ ਅਰਸੇ ਤੱਕ ਖਤਮ ਹੋਣ ਵਾਲਾ ਨਹੀਂ। ਨਾ ਹੀ ਛੋਟੀ ਕੀਤਿਆਂ, ਹਿੰਦੂ ਭਰਾਵਾਂ ਦੇ ਮਨਾਂ ਉਤੋਂ ਉਸ ਦੁਖਦਾਈ ਝੰਜੋੜੇ ਦਾ ਅਸਰ ਦੂਰ ਹੋਣ ਵਾਲਾ ਹੈ ਜਿਹੜਾ ਖਾਲਸਤਾਨੀ ਦਹਿਸ਼ਤਪਸੰਦਾਂ ਵੱਲੋਂ ਬੇਗੁਨਾਹ ਲੋਕਾਂ ਦੀ ਕੀਤੀ ਗਈ ਕਤਲੋ-ਗਾਰਤ ਦਾ ਨਤੀਜਾ ਹੈ। ਪੰਜਾਬ ਲੋਕਾਂ ਨੂੰ ਇਸ ਬੇਹੱਕੇ ਖੂਨ-ਖਰਾਬੇ ਅਤੇ ਇਸਤੋਂ ਉਪਜੇ ਦੁੱਖ ਅਤੇ ਫਿਰਕੂ ਪਾੜੇ ਦਾ ਸ਼ਿਕਾਰ ਬਣਾਉਣ ਦੋਸ਼ ਕਿਸਦੇ ਸਿਰ ਹੈ?

ਇੰਦਰਾ ਕਾਂਗਰਸੀ ਸਰਕਾਰ ਅੱਜ ਇਉਂ ਆਖਿਆ ਦੋਸ਼ ਤੋਂ ਬਰੀ ਨਹੀਂ ਹੋ ਸਕਦੀ ਕਿ ਅਜੇਹੀ ਸਖਤ ਕਾਰਵਾਈ ਤੋਂ ਇਲਾਵਾ ਹੁਣ ਹੋਰ ਕੋਈ ਰਾਹ ਨਹੀਂ ਰਿਹਾ ਸੀ, ਕਿ ਸਖਤ ਕਾਰਵਾਈ ਨਾ ਕਰਨ ਦਾ ਮਤਲਬ ਬੇਗੁਨਾਹਾਂ ਦੀ ਕਤਲੋਗਾਰਤ ਦੇ ਸਿਲਸਿਲੇ ਨੂੰ ਚਲਦੇ ਰਹਿਣ ਦੇਣਾ ਸੀ। ਇਹ ਠੀਕ ਹੈ ਕਿ ਹਾਲਾਤ ਨੂੰ ਜਿਸ ਹੱਦ ਤੱਕ ਵਿਗਾੜ ਦਿੱਤਾ ਗਿਆ ਸੀ, ਹੁਣ ਇਹਨਾਂ ਨੂੰ ਕਾਬੂ ਹੇਠ ਲਿਆਉਣ ਲਈ ਹੋਰ ਕੋਈ ਚਾਰਾ ਨਹੀਂ ਚੱਲ ਸਕਦਾ ਸੀ ਤੇ ਇਹ ਖੂਨੀ ਟੱਕਰ ਹੋ ਕੇ ਰਹਿਣੀ ਸੀ। ਪਰ ਇਹ 'ਇੰਦਰਾ ਕਾਂਗਰਸੀ ਸਰਕਾਰ ਹੀ ਸੀ ਜਿਸਨੇ ਆਪਣੀ ਸਿਆਸੀ ਖ਼ੁਦਗਰਜ਼ੀ ਦੀ ਲੋੜ ਵਿਚੋਂ ਜਾਣ-ਬੁੱਝ ਕੇ ਹਾਲਾਤ ਨੂੰ ਅਜਿਹੀ ਨਾਜ਼ਕ ਸ਼ਕਲ ਅਖ਼ਤਿਆਰ ਕਰਨ ਦਿੱਤੀ। ਜਦੋਂ ਬਿਨਾਂ ਕਿਸੇ ਗੰਭੀਰ ਜਾਨੀ ਨੁਕਸਾਨ ਤੋਂ, ਖਾਲਸਤਾਨੀ ਦਹਿਸ਼ਤ ਨੂੰ ਨੱਥ ਮਾਰ ਸਕਣ ਦਾ ਮੌਕਾ ਸੀ, ਉਦੋਂ ਖ਼ੁਦਗਰਜ਼ ਸਿਆਸੀ ਲੋੜਾਂ ਤਹਿਤ ਇਸਨੂੰ ਵਧਣ-ਫੁੱਲਣ ਲਈ ਹੱਲਾਸ਼ੇਰੀ ਦਿੱਤੀ। ਸਰਕਾਰ ਨੇ ਵਾਰ ਵਾਰ ਅਜੇਹੇ ਐਲਾਨ ਕੀਤੇ ਕਿ ਪੁਲਸ ਜਾਂ ਫੌਜ ਨੂੰ ਗੁਰਦੁਆਰਿਆਂ ਅੰਦਰ, ਖਾਸ ਕਰਕੇ ਹਰਿਮੰਦਰ ਸਾਹਿਬ ਅੰਦਰ, ਦਾਖਲ ਨਹੀਂ ਕੀਤਾ ਜਾਵੇਗਾ। ਇਸ ਤਰ੍ਹਾਂ ਖਾਲਸਤਾਨੀ ਦਹਿਸ਼ਤਪਸੰਦਾਂ ਨੂੰ ਹਰੀ ਝੰਡੀ ਦਿੱਤੀ ਗਈ ਕਿ ਉਹ ਬੇਸ਼ੱਕ ਹੋ ਕੇ ਇਹਨਾਂ ਧਾਰਮਕ ਸਥਾਨਾਂ ਨੂੰ ਪਨਾਹਗਾਹਾਂ ਵਜੋਂ ਵਰਤ ਸਕਦੇ ਹਨ, ਦਹਿਸ਼ਤੀ ਕਾਰਵਾਈਆਂ ਚਲਾਉਣ ਦੇ ਹੈੱਡ-ਕੁਆਟਰਾਂ ਵਿਚ ਬਦਲ ਸਕਦੇ ਹਨ, ਇਥੋਂ ਤੱਕ ਕਿ ਫੌਜੀ ਸਿਖਲਾਈ ਤੇ ਮੋਰਚਾਬੰਦੀ ਲਈ ਵੀ ਵਰਤ ਸਕਦੇ ਹਨ: ਦੂਸਰੇ ਬੰਨੇ, ਇਹਨਾਂ ਸਰਕਾਰੀ ਐਲਾਨਾਂ ਨਾਲ ਸਾਧਾਰਨ ਸਿੱਖ ਸ਼ਰਧਾਲੂਆਂ ਅੰਦਰ ਇਹ ਗੁੰਮਰਾਹਕੁੰਨ ਪਰਭਾਵ ਪੱਕਾ ਕੀਤਾ ਜਾਂਦਾ ਰਿਹਾ ਕਿ ਗੁਰਦੁਆਰਿਆਂ ਅੰਦਰ ਭਾਵੇਂ ਕੁਝ ਵੀ ਹੋਈ ਜਾਵੇ, ਪੁਲਸ ਜਾਂ ਫੌਜ ਦਾ ਕਿਸੇ ਹਾਲਤ ਵਿਚ ਦਖਲ ਵੀ ਉਹਨਾਂ ਦੇ ਧਰਮ ਦੀ ਬੇਅਦਬੀ ਹੈ। ਇਸ ਤਰ੍ਹਾਂ ਖੁਦ ਕੰਡੇ ਬੀਜਣ ਪਿੱਛੋਂ ਜੇ ਹਰਿਮੰਦਰ ਸਾਹਿਬ ਵਿਚ ਫੌਜੀ ਦਾਖਲੇ ਵੇਲੇ ਐਨਾ ਖੂਨ-ਖਰਾਬਾ ਹੋਇਆ ਹੈ ਅਤੇ ਸਾਧਾਰਨ ਸਿੱਖ-ਸ਼ਰਧਾਲੂਆਂ ਦੇ ਮਨਾਂ

ਵਿਚ ਰੋਸ ਪੈਦਾ ਹੋਇਆ ਹੈ ਤਾਂ ਇਸਦੀ ਜ਼ਿੰਮੇਵਾਰੀ ਤੋਂ ਇੰਦਰਾ ਸਰਕਾਰ ਕਿਵੇਂ ਬਚ ਸਕਦੀ ਹੈ ?

ਅਕਾਲੀ ਆਗੂ ਵੀ ਅੱਜ ਇਉਂ ਆਖਿਆਂ ਦੋਸ਼ ਤੋਂ ਬਰੀ ਨਹੀਂ ਹੋ ਸਕਦੇ ਕਿ ਅਸੀਂ ਤਾਂ ਪੁਰਅਮਨ ਮੋਰਚਾ ਚਲਾਉਂਦੇ ਰਹੇ ਹਾਂ ਅਤੇ ਕਹਿੰਦੇ ਰਹੇ ਹਾਂ ਕਿ ਬੇਗੁਨਾਹਾਂ ਦਾ ਖੂਨ ਵਹਾਉਣਾ ਸਿੱਖ ਧਰਮ ਦੇ ਉਲਟ ਕੰਮ ਹੈ, ਇਸ ਸਾਰੇ ਖੂਨ-ਖਰਾਬੇ ਤੇ ਧਾਰਮਕ ਬੇਅਦਬੀ ਦੀ ਵਜ੍ਹਾ ਇੰਦਰਾ ਸਰਕਾਰ ਦੀ ਧੱਕੜਸ਼ਾਹੀ ਹੈ ਜਿਹੜੀ ਸਿੱਖਾਂ ਦੀ ਹਸਤੀ ਮਿਟਾਉਣਾ ਚਾਹੁੰਦੀ ਹੈ। ਪਰ ਆਪਣੀਆਂ ਖੁਦਗਰਜ਼ ਸਿਆਸੀ ਲੋੜਾਂ ਵਾਸਤੇ ਪੰਜਾਬ ਦੇ ਹਾਲਾਤ ਨੂੰ ਵਿਗਾੜਨ ਵਿਚ ਅਤੇ ਇਸ ਨੌਬਤ ਤੱਕ ਪੁਚਾਉਣ ਵਿਚ ਉਹਨਾਂ ਨੇ ਪੂਰਾ ਹਿੱਸਾ ਪਾਇਆ ਹੈ। ਜਦੋਂ ਹਰ ਨਿਰਪੱਖ ਬੰਦੇ ਨੂੰ ਸਪੱਸ਼ਟ ਹੋ ਚੁੱਕਿਆ ਸੀ ਤੇ ਖ਼ੁਦ ਅਕਾਲੀ ਆਗੂਆਂ ਨੂੰ ਪੱਕਾ ਪਤਾ ਸੀ ਕਿ ਬੇਗੁਨਾਹ ਲੋਕਾਂ ਦੀ ਕਤਲੋਗਾਰਤ ਕਰਨ ਵਾਲੇ ਖਾਲਸਤਾਨੀ ਦਹਿਸ਼ਤਪਸੰਦ ਹੀ ਸਨ ਤਾਂ ਉਹ ਸਿੱਖ ਜਨਤਾ ਨੂੰ ਗੁਮਰਾਹ ਕਰਨ ਵਾਸਤੇ ਇਹੋ ਕੂਫਰ ਤੋਲਦੇ ਰਹੇ ਕਿ ਇਹ ਕਤਲ ਸਰਕਾਰ ਕਰਵਾ ਰਹੀ ਹੈ। ਦਹਿਸ਼ਤਪਸੰਦਾਂ ਦੇ ਖਿਲਾਫ ਹੋਣ ਵਾਲੀ ਟੁੱਕਵੀਂ ਪੁਲਸ-ਕਾਰਵਾਈ ਮੂਹਰੇ ਵੀ ਉਹ ਢਾਲ ਬਣਦੇ ਰਹੇ ਅਤੇ ਇਸਨੂੰ ਸਿੱਖਾਂ ਉਤੇ ਜ਼ੁਲਮ ਕਹਿ ਕੇ ਭੜਕਾਊ ਪਰਾਪੇਗੰਡਾ ਕਰਦੇ ਰਹੇ। ਜਦੋਂ ਹਰਿਮੰਦਰ ਸਾਹਿਬ ਦੇ ਅਹਾਤੇ ਵਿਚੋਂ ਬਾਹਰ ਲਾਸ਼ਾਂ ਸਿੱਟੀਆਂ ਜਾਂਦੀਆਂ ਸਨ ਅਤੇ ਅਹਾਤੇ ਅੰਦਰ ਨਾ ਕੋਈ ਸਰਕਾਰੀ ਕਾਨੂੰਨ ਲਾਗੂ ਸੀ ਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੋਈ ਕਾਨੂੰਨ ਲਾਗੂ ਸੀ, ਸਿਰਫ ਬੰਦੂਕ ਦਾ ਕਾਨੂੰਨ ਚਲਦਾ ਸੀ ਉਦੋਂ ਇਹਨਾਂ ਆਗੂਆਂ ਵੱਲੋਂ ਇਹ ਸਭ ਕੁਝ ਅਣਡਿੱਠ ਕਰਦਿਆਂ ਚਲਦੇ ਰਹਿਣ ਦੇਣਾ ਕੀ ਪੁਲਸ ਨੂੰ ਦਾਖਲ ਹੋਣ ਦਾ ਬੁਲਾਵਾ ਨਹੀਂ ਸੀ ? ਸੰਨ 1981 ਅੰਦਰ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੇ ਖਿਲਾਫ ਇਕ ਕੇਸ ਬਨਣ ਉਤੇ ਇਹ ਆਗੂ ਉਸਨੂੰ ਕਾਨੂੰਨ ਦੇ ਹਵਾਲੇ ਕਰਨਾ ਯੋਗ ਸਮਝਦੇ ਸਨ ਪਰ ਬਾਦ ਵਿਚ ਅਨੇਕਾਂ ਬੰਦਿਆਂ ਉਤੇ ਅਨੇਕਾਂ ਕੇਸ ਦਰਜ ਹੋਣ ਪਿੱਛੋਂ, ਜਦੋਂ ਸਰਕਾਰ ਵੱਲੋਂ ਵਾਰ ਵਾਰ ਮੰਗ ਕੀਤੀ ਜਾਂਦੀ ਰਹੀ ਸੀ ਕਿ ਗੁਰਦੁਆਰਾ ਹਰਿਮੰਦਰ ਸਾਹਿਬ ਅੰਦਰ ਟਿਕੇ ਅਤੇ ਪੁਲਸ ਨੂੰ ਲੋੜੀਂਦੇ ਇਹਨਾਂ ਬੰਦਿਆਂ ਨੂੰ ਕਾਨੂੰਨ ਦੇ ਹਵਾਲੇ ਕੀਤਾ ਜਾਵੇ ਤਾਂ ਇਹਨਾਂ ਆਗੂਆਂ ਵੱਲੋਂ ਇਹਨਾਂ ਸਰਕਾਰੀ ਅਪੀਲਾਂ ਨੂੰ ਠੁਕਰਾਉਣਾ ਕੀ ਪੁਲਸ ਨੂੰ ਦਾਖਲ ਹੋਣ ਦਾ ਬੁਲਾਵਾ ਨਹੀਂ ਸੀ ? ਗੁਰਦੁਆਰਿਆਂ ਅੰਦਰ ਦਾਖਲੇ ਹੋਣ ਤੋਂ ਬਗੈਰ ਇਸ ਗੱਲ ਨੂੰ ਯਕੀਨੀ ਬਨਾਉਣ ਵਾਸਤੇ ਕਿ ਦਹਿਸ਼ਤਪਸੰਦ ਬਾਹਰ ਨਿਕਲ ਕੇ ਕਿਸੇ ਦੀ ਮਾਰਕੁਟ ਨਾ ਕਰ ਸਕਣ ਜਾਂ ਇਉਂ ਕਰਕੇ ਮੁੜ ਅੰਦਰ ਨਾ ਵੜ ਸਕਣ, ਪੁਲਸ ਜਾਂ ਫੌਜ ਕੋਲ ਇਕੋ ਚਾਰਾ ਬਣਦਾ ਸੀ ਕਿ ਅੰਦਰ-ਬਾਹਰ ਜਾਣ ਵਾਲੇ ਸਾਰੇ ਬੰਦਿਆਂ ਤੇ ਸਾਮਾਨ ਦੀ ਛਾਣਬੀਣ ਕਰੇ ਪਰ ਜਦੋਂ ਵੀ ਇਉਂ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਇਹਨਾਂ ਆਗੂਆਂ ਵੱਲੋਂ ਸਿੱਖ ਸੰਗਤਾਂ ਨੂੰ ਗੁਰਦੁਆਰਿਆਂ ਵੱਲੀਂ ਵਹੀਰਾਂ ਘੱਤਣ ਤੇ ਪੁਲਸੀ ਘੇਰੇ ਨੂੰ ਤੋੜਨ ਦਾ ਹੋਕਾ ਦਿੱਤਾ ਜਾਂਦਾ ਰਿਹਾ ਜਿਸ ਨਾਲ ਪੁਲਸ-ਪਬਲਿਕ ਟਕਰਾਅ ਦਾ ਖਤਰਾ ਖੜਾ ਹੋ ਜਾਂਦਾ ਸੀ। ਇਹਨਾਂ ਆਗੂਆਂ ਵੱਲੋਂ ਇਸ ਚਾਰੇ ਨੂੰ ਵੀ ਨਾਕਾਮ ਬਣਾ ਦੇਣਾ ਕੀ ਅੰਦਰ ਦਾਖਲੇ ਦੇ ਆਖਰੀ ਚਾਰੇ ਨੂੰ ਅਟੱਲ ਬਨਾਉਣਾ ਨਹੀਂ ਸੀ ? ਜਦੋਂ ਇਹਨਾਂ ਆਗੂਆਂ ਦੀਆਂ ਅੱਖਾਂ ਸਾਹਮਣੇ ਭਾਰੀ ਗਿਣਤੀ 'ਚ, ਹਰ ਕਿਸਮ ਦੇ ਹਥਿਆਰ ਇਕੱਠੇ ਕੀਤੇ ਜਾਂਦੇ ਰਹੇ ਸਨ, ਫੌਜੀ ਸਿਖਲਾਈਆਂ ਤੇ ਮੋਰਚਾਬੰਦੀ ਕੀਤੀ ਜਾ ਰਹੀ ਸੀ, ਉਦੋਂ ਇਹਨਾਂ ਆਗੂਆਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਇਸ ਸਭ ਕਾਸੇ ਦੇ ਜਾਰੀ ਰਹਿਣ ਦਾ ਨਤੀਜਾ ਪੁਲਸ ਜਾਂ ਫੌਜ ਦੇ ਦਾਖਲ ਹੋਣ ਅਤੇ ਖੂਨੀ ਟੱਕਰ ਹੋਣ ਵਿਚ ਨਿਕਲੇਗਾ, ਫਿਰ ਵੀ ਇਹਨਾਂ ਵੱਲੋਂ ਸਿਆਸੀ ਖੁਦਗਰਜ਼ੀ ਕਰਕੇ ਜਾਂ ਜੁਰਅਤ ਦੀ ਘਾਟ ਕਰਕੇ ਇਸ ਖੂਨੀ ਹੋਣੀ ਨੂੰ ਟਾਲਣ ਲਈ ਕੋਈ ਇਲਾਜ ਨਾ ਸੋਚਿਆ ਜਾਣਾ ਕੀ ਦਰਸਾਉਂਦਾ ਹੈ ? ਇਹੋ ਗੱਲ ਹੈ ਕਿ ਇਹਨਾਂ ਆਗੂਆਂ ਨੇ ਗੁਰਦੁਆਰੇ ਅੰਦਰ ਫੌਜ ਦੇ ਦਾਖਲ ਹੋਣ ਭਾਰੀ ਜਾਨੀ ਨੁਕਸਾਨ ਹੋਣ ਅਤੇ ਸਿੱਖ ਸ਼ਰਧਾਲੂਆਂ ਦੇ ਜਜ਼ਬਾਤਾਂ ਨੂੰ ਠੇਸ ਲੱਗਣ ਦੇ ਫਿਕਰ ਨਾਲੋਂ ਆਪਣੇ ਸੁਆਰਥ ਨੂੰ ਉੱਤੇ ਰੱਖਿਆ। ਆਪੇ ਵਿਗਾੜੀ ਹਾਲਤ ਦੇ ਮਾੜੇ ਨਤੀਜਿਆਂ ਦੀ ਜ਼ੁੰਮੇਵਾਰੀ ਸਿਰ ਆਉਣ ਤੋਂ ਉਹ ਕਿਸੇ ਤਰ੍ਹਾਂ ਵੀ ਨਹੀਂ ਬਚਦੇ।

ਬਿਨਾਂ ਸ਼ੱਕ ਸਰਕਾਰ ਵੱਲੋਂ ਖਾਲਸਤਾਨੀ ਦਹਿਸ਼ਤਪਸੰਦਾਂ ਦੇ ਖਿਲਾਫ ਵਿੱਢੀ ਗਈ ਇਸ ਕਰੜੀ ਕਾਰਵਾਈ

### ਸਾਡੀ ਲੜਾਈ

1. ਸਾਡੀ ਲੜਾਈ ਸਿਖਾਂ ਦੇ ਖਿਲਾਫ ਨਹੀਂ ਸੀ, ਉਹ ਸਿਰਫ ਕੁਝ ਐਸੇ ਅਤਿਵਾਦੀਆਂ ਦੇ ਖਿਲਾਫ ਸੀ ਜੋ ਦਰਬਾਰ ਸਾਹਿਬ ਨੂੰ ਕੇਂਦਰ ਬਣਾਕੇ ਦੇਸ਼ ਵਿਰੋਧੀ ਕਾਰਵਾਈ ਕਰ ਰਹੇ ਸਨ/ਪ੍ਰਧਾਨ ਮੰਤ੍ਰੀ ਇੰਦਰਾ ਗਾਂਧੀ
2. ਸਾਡੀ ਲੜਾਈ ਹਿੰਦੂਆਂ ਦੇ ਖਿਲਾਫ ਨਹੀਂ, ਉਹ ਸਾਡੇ ਭਰਾ ਹਨ ਸਾਡੀ ਲੜਾਈ ਇੰਦਰਾ ਗਾਂਧੀ ਦੇ ਖਿਲਾਫ ਹੈ, ਜਿਸਨੇ ਦਰਬਾਰ ਸਾਹਿਬ ਵਿਚ ਫੌਜਾਂ ਭੇਜਕੇ ਸਾਡੇ ਦਿਲਾਂ ਨੂੰ ਛਲਣੀ ਛਲਣੀ ਕੀਤਾ ਹੈ। ਲੰਡਨ ਦਾ ਇਕ ਸਿਖ ਲੀਡਰ
3. ਸਾਡੀ ਲੜਾਈ ਸਾਰੇ ਉਹਨਾ ਲੋਕਾਂ ਦੇ ਖਿਲਾਫ ਹੈ, ਜੋ ਕਦੀ ਧਰਮ ਦੇ ਨਾਂ ਅਤੇ ਕਦੀ ਦੇਸ਼ ਦੇ ਨਾਂ ਸਾਨੂੰ ਬੁਧੂ ਬਣਾ ਰਹੇ ਹਨ /ਇਕ ਸਾਧਾਰਨ ਦੇਸ਼ਵਾਸੀ

ਕਾਰਨ ਦਹਿਸ਼ਤੀ ਕਾਰਵਾਈਆਂ ਨੂੰ ਠੱਲ੍ਹ ਪਈ ਹੈ। ਇਨ੍ਹਾਂ ਹੱਥੋਂ ਹੋ ਰਹੀ ਬੇਲਗਾਮ ਤੇ ਅੰਨੇ-ਧੁਸ ਮਾਰਕਾਟ ਤੋਂ ਦੁਖੀ-ਪਰੇਸ਼ਾਨ ਲੋਕਾਂ ਦੇ ਕੁਝ ਸਾਹ ਵਿਚ ਸਾਹ ਆਇਆ ਹੈ। ਪਰ ਉਹਨਾਂ ਨੂੰ ਇਸ ਭੁਲੇਖੇ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਕਿ ਹਕੂਮਤੀ ਹਥਿਆਰਬੰਦ ਸ਼ਕਤੀ ਉਹਨਾਂ ਦੇ ਜਾਨ-ਮਾਲ ਦੀ ਹਿਫਾਜ਼ਤ ਕਰਨ ਵਾਸਤੇ ਹਰਕਤ ਵਿਚ ਆਈ ਹੈ। ਇਹ ਇੰਦਰਾ ਸਰਕਾਰ ਦੀ ਲੋੜ ਅਨੁਸਾਰ ਅਤੇ ਉਸਦੇ ਹੁਕਮ ਨਾਲ ਹਰਕਤ ਵਿਚ ਆਈ ਹੈ। ਇਸ ਕਰਕੇ ਹਰਕਤ ਵਿਚ ਆਈ ਹੈ ਕਿ ਅਜੇਹੇ ਉੱਚ ਤਬਕਿਆਂ ਦੇ ਕੁਝ ਵਿਅਕਤੀ ਵੀ ਦਹਿਸ਼ਤ-ਪਸੰਦਾਂ ਦੀ ਗੋਲੀ-ਵਾਛੜ ਹੇਠ ਆਉਣੇ ਸ਼ੁਰੂ ਹੋ ਗਏ ਸਨ ਜਿਹੜੇ ਮੁਲਕ ਦੇ ਰਾਜ-ਭਾਗ ਵਿਚ ਸਾਝੀਦਾਰ ਹਨ ਅਤੇ ਹੋਰ ਬਹੁਤ ਸਾਰੇ ਖਤਰਾ ਮੰਨਣ ਲੱਗ ਪਏ ਸਨ। ਵਰਨਾ, ਪੰਜਾਬ ਦੇ ਸਾਧਾਰਨ ਲੋਕਾਂ ਦਾ ਜਾਨ-ਮਾਲ ਤਾਂ ਦੋ-ਢਾਈ ਸਾਲਾਂ ਤੋਂ ਘੱਟੇ ਰੋਲਿਆ ਜਾ ਰਿਹਾ ਸੀ। ਹਕੂਮਤੀ ਮਸ਼ੀਨਰੀ ਇਸ ਕਰਕੇ ਵੀ ਹਰਕਤ ਵਿਚ ਆਈ ਹੈ ਕਿ ਸਾਧਾਰਨ ਲੋਕਾਂ ਨੂੰ ਵੱਡੇ ਲੋਕਾਂ ਦੀ ਹਕੂਮਤ ਦਾ ਤਪ-ਤੇਜ਼ ਦਰਸਾਇਆ ਜਾ ਸਕੇ ਮਤੇ ਲੋਕਾਂ ਦੇ ਮਨਾਂ ਵਿਚੋਂ ਹਕੂਮਤੀ ਤਾਕਤ ਦਾ ਦਬ-ਦਬਾ ਚੁਕਿਆ ਜਾਵੇ ਅਤੇ ਉਹ ਲੁੱਟ ਤੇ ਦਾਬੇ ਤੋਂ ਛੁਟਕਾਰਾ ਪਾਉਣ ਲਈ ਇਸਤੋਂ ਨਾਬਰ ਹੋਣ ਦੇ ਰਾਹ ਪੈ ਜਾਣ। ਸਰਕਾਰ ਦੀ ਮੌਜੂਦਾ ਕਰੜੀ ਕਾਰਵਾਈ ਤੋਂ ਪ੍ਰਭਾਵਤ ਹੋ ਕੇ ਲੋਕਾਂ ਨੂੰ ਪਿਛਲੇ ਢਾਈ ਸਾਲਾਂ ਦਾ ਕੌੜਾ ਤਜਰਬਾ ਨਹੀਂ ਭੁੱਲਣਾ ਚਾਹੀਦਾ ਜਦੋਂ ਉਹ ਖੁਦ ਆਪਣੀ ਜਥੇਬੰਦ ਤਾਕਤ ਤੇ ਹਥਿਆਰ-ਬੰਦ ਤਾਕਤ ਤੋਂ ਹੀਣੇ ਹੋਣ ਕਰਕੇ, ਇਸ ਹਕੂਮਤ ਦਾ ਆਸਰਾ ਤੱਕਦੇ, ਬੇਵੱਸ ਕੱਟੀ-ਵਢੀਂਦੇ ਰਹੇ ਸਨ। ਮੌਜੂਦਾ ਪੁਲਸ ਜਾਂ ਫੌਜ ਵੱਡੇ ਲੋਕਾਂ ਦੀ ਹਕੂਮਤ ਦਾ ਆਸਰਾ ਹਨ, ਸਾਧਾਰਨ ਲੋਕਾਂ ਦਾ ਆਸਰਾ ਨਹੀਂ। ਲੋਕਾਂ ਦੀ ਆਪਣੀ ਹਥਿਆਰਬੰਦ ਤਾਕਤ ਤੋਂ ਬਗੈਰ, ਉਹ ਹਰ ਮੁਸੀਬਤ ਵੇਲੇ ਇਸ ਲੋਕ-ਦੋਖੀ ਹਕੂਮਤ ਦੇ ਰਹਿਮ ਉਤੇ ਹਨ ਜਿਹੜੀ ਆਪਣੀ ਸਹੂਲਤ ਤੇ ਲੋੜ ਅਨੁਸਾਰ, ਕਦੇ ਉਹਨਾਂ ਨੂੰ ਥੋੜੀ ਬਹੁਤ ਹਿਫਾਜ਼ਤ ਦੇ ਸਕਦੀ ਹੈ ਅਤੇ ਕਦੇ ਮੌਤ ਦੇ ਮੂੰਹ ਪੈਣ ਲਈ ਛੱਡ ਸਕਦੀ ਹੈ।

ਸਰਕਾਰ ਵਲੋਂ ਵਿੱਢੀ ਗਈ ਇਸ ਹਥਿਆਰਬੰਦ ਕਾਰਵਾਈ ਦੌਰਾਨ ਭਿੰਡਰਾਂਵਾਲੇ ਦੀ ਮੌਤ ਹੋ ਜਾਣੀ ਬੜੀ ਮਾੜੀ ਗੱਲ ਹੋਈ ਹੈ। ਕਿਉਂਕਿ ਨਾ ਸਿਰਫ ਇਸ ਸਮੁੱਚੀ ਘਟਨਾ ਨਾਲ ਕਾਫੀ ਸਿੱਖ-ਸ਼ਰਧਾਲੂਆਂ ਦੇ ਮਨਾਂ ਨੂੰ ਧੱਕਾ ਲੱਗਿਆ ਹੈ, ਬਲਕਿ ਇਸ ਤੋਂ ਵੀ ਵੱਧ, ਇਹ ਗੱਲ ਪੰਜਾਬ ਦੇ ਲੋਕਾਂ ਅੰਦਰ ਫਿਰਕੂ ਪਾੜਾ ਤੇ ਕੁੜੱਤਣ ਵਧਾਉਣ ਦਾ ਕਾਰਨ ਬਣ ਸਕਦੀ ਹੈ। ਸ਼ਹਿਰਾਂ ਅਤੇ ਪਿੰਡਾਂ ਅੰਦਰ ਕੁਝ ਜਨੂੰਨੀ ਤੇ ਸ਼ਰਾਰਤੀ ਅਨਸਰ ਸਰ-ਗਰਮ ਹਨ ਜਿਹੜੇ ਇਸ ਗੱਲ ਨੂੰ ਲੈ ਕੇ ਸਿੱਖ ਤਬਕੇ ਦੇ ਜਜਬਾਤ ਨੂੰ ਭੜਕਾਉਣ ਵਿਚ ਜੁੱਟੇ ਹੋਏ ਹਨ ਅਤੇ ਇਸ ਤਰਾਂ ਪੈਦਾ ਹੋਏ ਗੁੱਸੇ ਨੂੰ ਸਾਧਾਰਨ ਹਿੰਦੂਆਂ ਵੱਲੀ ਸੇਧਣ ਦੀਆਂ ਚੰਦਰੀਆਂ ਕੋਸ਼ਿਸ਼ਾਂ ਕਰ ਰਹੇ ਹਨ। ਅਜੇਹੀ ਹਾਲਤ ਅੰਦਰ, ਸਾਰੀਆਂ ਲੋਕ-ਪੱਖੀ ਤਾਕਤਾਂ ਤੇ ਇਨਸਾਫ ਪਸੰਦ ਵਿਅਕਤੀਆਂ, ਖਾਸ ਕਰਕੇ ਕਮਿਊਨਿਸਟ ਇਨ-ਕਲਾਬੀਆਂ ਵਾਸਤੇ, ਫਿਰਕਾ-ਪ੍ਰਸਤੀ ਵਿਰੁੱਧ ਘੋਲ 'ਤੇ ਹੋਰ ਵੀ ਵੱਧ ਜ਼ੋਰ ਦੇਣ ਦੀ ਲੋੜ ਬਣ ਗਈ ਹੈ। ਬਦਲੀਆਂ ਹਾਲਤਾਂ ਅੰਦਰ, ਚਲੀ ਆ ਰਹੀ ਫਿਰਕਾਪ੍ਰਸਤੀ ਵਿਰੋਧੀ ਲੋਕ-ਲਹਿਰ ਮੁੱਖ ਤੌਰ 'ਤੇ ਖਾਲਿਸਤਾਨੀ ਦਹਿਸ਼ਤ-ਪਸੰਦਾਂ ਵਿਰੁੱਧ ਸੇਧੇ ਜਾਣ ਦੀ ਬਜਾਇ ਭੜਕਾਊ ਫਿਰਕੂ ਪਰਚਾਰ ਕਰਨ ਵਾਲਿਆਂ ਵਿਰੁੱਧ ਸੇਧੀ ਜਾਣੀ ਚਾਹੀਦੀ ਹੈ। ਤਾਜ਼ਾ ਘਟਨਾਵਾਂ ਦੇ ਅਸਰ ਹੇਠ ਉੱਭਰੇ ਜਜ਼ਬਾਤ ਨੂੰ ਧਿਆਨ ਵਿਚ ਰੱਖਦਿਆਂ, ਸੰਜਮ ਤੇ ਸਾਵ-ਧਾਨੀ ਨਾਲ ਪਰ ਜੁਰਅਤ ਨਾਲ ਅਜੇਹੇ ਭੜਕਾਊ ਅਨਸਰਾਂ ਦੇ ਪਰਚਾਰ ਨੂੰ ਕੱਟਣ ਤੇ ਇਹਨਾਂ ਨੂੰ ਨਿਖੇੜਣ ਲਈ ਜ਼ੋਰ ਲਾਉਣਾ ਚਾਹੀਦਾ ਹੈ। ਖਾਸ ਕਰਕੇ ਪਿੰਡਾਂ ਅੰਦਰ ਰਹਿ ਰਹੇ ਗਿਣਤੀ ਦੇ ਹਿੰਦੂ ਪਰਵਾਰਾਂ ਦੀ ਹਿਫਾਜ਼ਤ ਦਾ ਕੰਮ ਪਿੰਡ ਦਾ ਸਾਂਝਾ ਮਸਲਾ ਤੇ ਜ਼ੁੰਮਾ ਬਨਾਉਣਾ ਚਾਹੀਦਾ ਹੈ। ਮੰਡੀਆਂ ਕਸਬਿਆਂ ਦੇ ਵਾਸੀਆਂ ਤੱਕ, ਖਾਸ ਕਰਕੇ ਹਿੰਦੂ ਭਰਾਵਾਂ ਤੱਕ, ਇਹ ਗੱਲ ਲਿਜਾਈ ਜਾਣੀ ਚਾਹੀਦੀ ਹੈ ਕਿ ਉਹ ਬੇਧਿਆਨੀ 'ਚ ਅਜੇਹੀ ਕੋਈ ਗੱਲਬਾਤ ਨਾ ਕਰਨ ਜਾਂ ਹੋਰ ਅਜੇਹਾ ਪ੍ਰਭਾਵ ਨਾ ਦੇਣ ਜਿਸ ਨਾਲ ਜਨੂੰਨੀ ਤੇ ਸ਼ਰਾਰਤੀ ਅਨਸਰਾਂ ਨੂੰ ਬਾਤ ਦਾ ਬਤੰਗੜ ਬਨਾਉਣ ਦਾ ਮੌਕਾ ਮਿਲੇ ਅਤੇ ਆਪਸੀ ਫਿੱਕ ਜਾਂ ਕੁੜੱਤਣ ਵਧੇ।

ਪਿਛਲੇ ਸਾਰੇ ਅਰਸੇ ਦੌਰਾਨ, ਹਿੰਦੂ ਜਨੂੰਨੀ ਜਾਂ ਸਿੱਖ-ਜਨੂੰਨੀ ਅਨਸਰਾਂ ਦੀਆਂ ਸਿਰਤੋੜ ਕੋਸ਼ਿਸ਼ਾਂ ਦੇ ਬਾਵਜੂਦ, ਪੰਜਾਬ ਦੇ ਲੋਕਾਂ ਨੇ ਆਮ ਕਰਕੇ ਫਿਰਕੂ ਅਮਨ ਨੂੰ ਆਂਚ ਨਹੀਂ ਆਉਣ ਦਿੱਤੀ। ਲੋਕਾਂ ਦੀ ਇਸ ਸੂਝ-ਸਿਆਣਪ ਅਤੇ ਖੁਲ੍ਹਦਿਲੀ ਤੇ ਭਰੋਸਾ ਰਖਦਿਆਂ ਆਸ ਕੀਤੀ ਜਾਂਦੀ ਹੈ ਕਿ ਹੁਣ ਵਾਲੇ ਥੋੜ-ਚਿਰੇ ਪਰ ਨਾਜ਼ਕ ਦੌਰ ਅੰਦਰ ਵੀ ਲੋਕ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਵਿਚ ਕਾਮਯਾਬ ਹੋਣਗੇ। ਕਮਿਊਨਿਸਟ ਇਨਕਲਾਬੀ ਤਾਕਤਾਂ ਵੀ, ਪਹਿਲਾਂ ਵਾਂਗ, ਖਤਰਿਆਂ ਤੇ ਤੇ ਹਰਜਿਆਂ ਦੀ ਪਰਵਾਹ ਨਾ ਕਰਦਿਆਂ, ਵਿਸ਼ਾਲ ਜਨਤਾ, ਖਾਸ ਕਰਕੇ ਕਮਾਊ ਜਨਤਾਂ, ਦੀ ਏਕਤਾ ਬਣਾਈ ਰੱਖਣ ਤੇ ਵਧਾਉਣ ਦੇ ਆਪਣੇ ਇਨਕਲਾਬੀ ਫਰਜ਼ ਉਤੇ ਡਟੀਆਂ ਰਹਿਣਗੀਆਂ।

**ਰਾਜਿੰਦਰ**

ਸਕੱਤਰ, ਕੇਂਦਰੀ ਕਮੇਟੀ (ਜ)

ਭਾ.ਕ.ਇ.ਏ.ਕੇ. (ਮ.ਲ.)

ਕਹਾਣੀ

# ਸਮਝ ਤਾਂ ਮੈਨੂੰ ਵੀ ਨਹੀਂ...!

ਗੁਰਦਿਆਲ ਦਲਾਲ

ਇੰਜ ਹਮੇਸ਼ਾ ਹੁੰਦਾ ਹੈ ਕਿ ਜਦੋਂ ਵੀਰਾ ਛੁੱਟੀ ਆਉਂਦਾ ਹੈ ਜਾਂ ਫਿਰ ਛੁੱਟੀ ਕੱਟ ਕੇ ਵਾਪਸ ਜਾਂਦਾ ਹੈ ਤਾਂ ਬੇਬੇ ਉਸ ਨੂੰ ਲੈਣ ਜਾਂ ਛੱਡਣ ਰੇਲਵੇ ਸਟੇਸ਼ਨ ਤੇ ਜ਼ਰੂਰ ਜਾਂਦੀ ਹੈ, ਭਾਵੇਂ ਕਿ ਉਸਦੀ ਉਮਰ ਪਚਾਸੀ ਸਾਲਾਂ ਤੋਂ ਵੀ ਟੱਪ ਚੁੱਕੀ ਹੈ। ਵੀਰੇ ਦੇ ਆਉਣ ਸਮੇਂ ਘਰ ਵਿੱਚ ਜਿੰਨਾਂ ਵੱਧ ਖੁਸ਼ੀ ਦਾ ਮਾਹੌਲ ਹੁੰਦਾ ਹੈ, ਉਸਦੇ ਜਾਣ ਵੇਲੇ ਓਨਾਂ ਵੱਧ ਸੋਗ ਫੈਲ ਜਾਇਆ ਕਰਦਾ ਹੈ। ਸਾਰਾ ਪਰਵਾਰ ਭਰੇ ਦਿਲਾਂ ਨਾਲ ਉਸਨੂੰ ਰੇਲਵੇ ਸਟੇਸ਼ਨ ਤੱਕ ਛੱਡਣ ਜਾਂਦਾ ਹੈ। ਗੱਡੀ ਚੱਲਣ ਸਮੇਂ ਅਚਾਨਕ ਸਾਡੇ ਦੁਆਲੇ ਲੋਕਾਂ ਦਾ ਝੁਰਮਟ ਲੱਗ ਜਾਇਆ ਕਰਦਾ ਹੈ, ਜਿਵੇਂ ਕਿਸੇ ਪਿਕਚਰ ਦੀ ਸ਼ੂਟਿੰਗ ਹੋ ਰਹੀ ਹੋਵੇ—ਇੱਕ ਮੋਟੇ ਫੌਜੀ ਨੂੰ, ਗਾਤਰੇ ਵਾਲੀ ਕਿਰਪਾਨ ਪਾਈ, ਇੱਕ ਬੁੱਢੀ ਆਪਣੀਆਂ ਬਾਹਾਂ ਵਿੱਚ ਘੁੱਟੀ ਖੜ੍ਹੀ ਹੁੰਦੀ ਹੈ। ਕੇਸਕੀਆਂ ਵਾਲੇ ਦੋ ਬੱਚੇ ਫੌਜੀ ਦੀਆ ਲੱਤਾਂ ਨੂੰ ਲਿਪਟੇ ਹੁੰਦੇ ਹਨ। ਫੌਜੀ, ਬੁੱਢੀ ਔਰਤ ਦੇ ਮੋਢਿਆਂ ਉੱਤੋਂ ਆਪਣੀ ਉਦਾਸ ਪਤਨੀ ਦੇ ਚਿਹਰੇ ਵੱਲ ਘੂਰਦਾ-ਘੂਰਦਾ ਰੋਣ ਲੱਗ ਜਾਂਦਾ ਹੈ। ਉਸਦੀ ਪਤਨੀ ਦੀਆਂ ਅੱਖਾਂ ਵਿੱਚੋਂ ਹੰਝੂ ਵਹਿੰਦੇ ਹਨ। ਇੱਕ ਪਾਸੇ ਖੜ੍ਹਾ ਫੌਜੀ ਦਾ ਸਿੱਖ-ਭਰਾ ਆਪਣੀ ਕਿਰਪਾਨ ਦੇ ਮਿਆਨ ਨੂੰ ਨਹੁੰ ਨਾਲ ਖੁਰਚਦਾ ਮੋਟੇ-ਮੋਟੇ ਹੰਝੂ ਕੇਰ ਰਿਹਾ ਹੁੰਦਾ ਹੈ। ਫੌਜੀ ਆਪਣੀ ਟੋਪੀ ਨੂੰ ਥੋੜ੍ਹਾ ਜਿਹਾ ਹੋਰ ਅੱਗੇ ਨੂੰ ਖਿੱਚ ਆਪਣੇ ਬੱਚਿਆਂ ਨੂੰ ਮਲਕੜੇ-ਮਲਕੜੇ ਥਪਥਪਾਉਂਦਾ ਕਿਹਾ ਕਰਦਾ ਹੈ :

''ਨਾਂ ਬੇਟੇ ਨਾਂ...ਹਟੋ ਛੱਡੋ ਹੁਣ। ਤੁਸੀਂ ਚੰਗੀ ਪੜ੍ਹਾਈ ਕਰਨੀ ਏਂ-ਹੈਂ ਸਾਰੇ ਇੰਜ ਰੋਇਆ ਨਾ ਕਰੋ ਨਹੀਂ ਤਾਂ ਮੇਰਾ ਦਿਲ...।'' ਪਰ ਉਸ ਦਾ ਦਿਲ ਐਨਾ ਭਰ ਆਇਆ ਕਰਦਾ ਹੈ ਕਿ ਉਸ ਤੋਂ ਪੂਰੀ ਗੱਲ ਕਦੀ ਕਹੀ ਹੀ ਨਹੀਂ ਜਾਂਦੀ। ਗੱਡੀ ਤੁਰਦੀ ਹੈ ਤਾਂ ਉਹ ਡੱਬੇ ਦੇ ਦਰ ਵਿੱਚ ਖੜ੍ਹ ਦਿਸਹੱਦੇ ਤੱਕ ਆਪਣੀ ਬਾਂਹ ਉੱਚੀ ਚੁੱਕੀ, ਹੱਥ ਵਿੱਚ ਫੜੀ ਟੋਪੀ ਨੂੰ ਹਿਲਾਉਂਦਾ ਚਲਾ ਜਾਇਆ ਕਰਦਾ ਹੈ।

ਮੈਂ ਹਰ ਵਾਰੀ ਸੋਚਦਾ ਹਾਂ ਕਿ ਇਹ ਰੋਣ-ਧੋਣ ਦਾ ਚੱਕਰ ਸਟੇਸ਼ਨ ਦੀ ਬਜਾਏ ਘਰ ਵਿੱਚ ਸਮਾਪਤ ਹੋ ਜਾਣਾ ਚਾਹੀਦਾ ਹੈ। ਸਟੇਸ਼ਨ ਉੱਤੇ ਸਾਰੇ ਟੱਬਰ ਨੂੰ ਆਉਣ ਦੀ ਅਤੇ ਲੋਕਾਂ ਸਾਹਮਣੇ ਜਲੂਸ ਕੱਢਣ ਦੀ ਭਲਾ ਕਿਹੜੀ ਲੋੜ ? ਇਹ ਗੱਲ ਮੈਂ ਘਰੋਂ ਤੁਰਨ ਲੱਗਿਆਂ ਹਮੇਸ਼ਾ ਕਿਹਾ ਵੀ ਕਰਦਾ ਹਾਂ ਪਰ ਬੇਬੇ ਦੀ ਜ਼ਿੱਦ ਸਾਮ੍ਹਣੇ ਮੇਰੀ ਕਦੀ ਪੇਸ਼ ਨਹੀਂ ਜਾਂਦੀ।

ਇਸ ਵਾਰੀ ਜਦੋਂ ਵੀਰਾ ਦੋ ਮਹੀਨੇ ਦੀ ਛੁੱਟੀ ਆਇਆ ਤਾਂ ਬੇਬੇ ਉਸਨੂੰ ਲੈਣ ਲਈ ਆਪਣੀ ਸੋਟੀ ਚੁੱਕ ਸਾਡੇ ਨਾਲ ਸਟੇਸ਼ਨ ਨੂੰ ਹੋ ਤੁਰੀ। ਵੀਰੇ ਦੇ ਆਉਣ ਦੀ ਖ਼ਬਰ ਸੁਣਕੇ ਐਨੀ ਸ਼ਕਤੀ ਉਸ ਵਿੱਚ ਪਤਾ ਨਹੀਂ ਕਿੱਥੋਂ ਆ ਗਈ ? ਕਿੱਥੇ ਅੰਦਰਲੀ ਕੋਠੜੀ 'ਚ ਮੰਜੇ ਤੇ ਡਿੱਗੀ ਪਈ 'ਹਾਇ-ਹਾਇ' ਕਰ ਰਹੀ ਸੀ, ਤੇ ਕਿੱਥੇ, ਸਿਰ ਤੇ ਕੇਸਕੀ ਬੰਨ੍ਹੀਂ, ਗਲੇ ਵਿੱਚ ਕਿਰਪਾਨ ਲਟਕਾਈ ਸਾਥੋਂ ਵੀ ਮੂਹਰੇ-ਮੂਹਰੇ ਹੋ ਤੁਰੀ। ਉਸ ਦੇ ਮਗਰ ਮੈਂ, ਮੇਰੀ ਭਰਜਾਈ ਅਤੇ ਉਸ ਦੇ ਦੋਨੋਂ ਮੁੰਡੇ ਜਾ ਰਹੇ ਸਨ। ਨਹਿਰ ਦੇ ਪੁਲ ਤੱਕ ਜਾਂਦਿਆਂ ਬੇਬੇ ਥੱਕ ਗਈ ਅਤੇ ਪੁਲ ਦੀ ਮਚੋਲ ਤੇ ਬੈਠ ਗਈ।

''ਬੇਬੇ, ਮੈਂ ਕੀ ਕਿਹਾ ਸੀ ਤੈਨੂੰ, ਬਈ ਤੂੰ ਰਹਿਣ ਦੇ। ਵੀਰੇ ਨੇ ਘਰੇ ਆ ਜਾਣਾ ਸੀ। ਫੇਰ ਪੈ ਜਾਵੇਂਗੀ ਮੰਜਾ ਮੱਲ ਕੇ।'' ਮੈਂ ਉਸ ਦੇ ਕੋਲ ਜਾਂਦਿਆਂ ਕਿਹਾ।

''ਤੂੰ ਚੁੱਪ ਰਹਿ ਵੇ...ਤੂੰ ਨਾਂ ਦੇਵੀਂ ਮੈਨੂੰ ਪਾਣੀ ਮੰਜੇ ਤੇ ਪਈ ਨੂੰ। ਸੀਤੇ ਪੁੱਤ ਨੂੰ ਲੈਣ ਲਈ ਤਾਂ ਮੈਂ ਮਰੀ ਪਈ ਵੀ ਉੱਠ ਕੇ ਤੁਰ ਪਵਾਂ। ਜੇ ਉਹ ਤੇਰੇ ਵਰਗਾ ਅਲਗਰਜ਼ ਹੁੰਦਾ ਤਾਂ ਸ਼ੌਕ ਨਾ ਹੀ ਜਾਂਦੀ।''

''ਕਿਉਂ ਮੈਂ ਕਿਹੜਾ ਅਲਗਰਜ਼ਪੁਣਾ ਕਰ'ਤਾ ਬੇਬੇ ?'' ਮੈਂ ਪੁੱਛਿਆ।

'ਤੂੰ ਢਕਿਆ ਰਹਿ ਵੇ...ਢਕਿਆ ਰਹਿ।' ਉਸ ਨੇ ਇੱਕ ਹੱਥ ਉੱਤੇ ਨੂੰ ਚੁੱਕ ਕੇ ਕਿਹਾ ਤੇ ਉਠ ਖੜੀ ਹੋਈ। ਫਿਰ ਸੋਟੀ ਨਾਲ ਟੱਕ-ਟੱਕ ਕਰਦੀ ਸਾਥੋਂ ਅੱਗੇ ਨਿਕਲ ਗਈ।

ਜਦੋਂ ਵੀਰਾ ਛੁੱਟੀ ਆਉਂਦਾ ਹੈ ਤਾਂ ਬੇਬੇ ਹਰ ਵਕਤ ਉਸ ਦੇ ਅਗੜ-ਪਿਛੜ ਘੁੰਮਦੀ ਰਹਿੰਦੀ ਹੈ। ਸਾਲ ਭਰ 'ਚ ਜੋੜੇ ਘਿਉ ਦੀਆਂ ਪਿੰਨੀਆਂ ਬਣਾਈਆਂ ਜਾਂਦੀਆਂ ਹਨ। ਘਰ ਵਿਚ ਤੀਜੇ ਦਿਨ ਪਤੌੜ੍ਹ ਪੱਕਦੇ ਹਨ। ਹਰ ਰੋਜ਼ ਤੜਕੇ ਹੀ ਅਧਰਿੜਕੇ ਦਾ ਬਾਂਹ ਜਿੱਡਾ ਗਿਲਾਸ ਭਰਕੇ ਬੇਬੇ ਵੀਰੇ ਨੂੰ ਜਗਾਉਂਦੀ ਕਿਹਾ ਕਰਦੀ ਹੈ :

'ਵੇ ਸੀਤਿਆ...ਥੋੜੇ ਭਾਣੇ ਅਜੇ ਦਿਨ ਨੀ ਚੜ੍ਹਿਆ। ਉਠੋ, ਨਹਾਉ ਧੋਵੋ...ਦਾਤਣ ਕੁਰਲੀ ਕਰੋ... ਵੇ ਸੀਤੇ।'

ਮੈਂ ਜੇ ਕਦੇ ਘਰ ਵਿਚ ਮੀਟ ਲੈ ਆਵਾਂ ਤਾਂ ਸਮਝੋ ਪਰਲੋ ਆ ਜਾਂਦੀ ਹੈ। ਬੇਬੇ ਦੇ ਨੱਕ ਵਿਚੋਂ ਠੂੰਹੇਂ ਡਿਗਦੇ ਹਨ। ਪਰ ਵੀਰੇ ਆਏ ਤੋਂ ਮੁਰਗੇ ਨੂੰ ਤੜਕੇ ਆਪ ਲਾ ਕੇ ਦੇਵੇਗੀ। ਉਹ ਕਦੀ ਬੇਬੇ ਨੂੰ ਸਾਇਕਲ ਪਿਛੇ ਬਹਾ ਕਿਸੇ ਗੁਰਦੁਆਰੇ ਲੈ ਜਾਵੇਗਾ। ਕਦੀ ਕਿਸੇ ਭੰਡਾਰੇ ਵਿਚ ਲੈ ਤੁਰੇਗਾ ਤੇ ਕਦੀ ਕਿਸੇ ਦੁਕਾਨ ਵਿਚ। ਉਹ ਹਰ

ਵਾਰੀ ਕਹੇਗਾ :

'ਬੇਬੇ ਅਗਲੀ ਵਾਰੀ ਤੇਰੇ ਲਈ ਫੌਜੀ ਮੱਛਰਦਾਨੀ ਲਿਆ ਕੇ ਦੇਊਂ। ਸਾਡੇ ਮਿਲਟਰੀ ਵਿਚ ਜਿਹੜੀ ਪਗੜੀ ਆਉਂਦੀ ਏ ਨਾ। ਉਹ ਲਿਆਵਾਂਗਾ ਤੇਰੇ ਲਈ। ਬਹੁਤ ਮੋਟੀ ਹੁੰਦੀ ਏ, ਸਿਆਲਾਂ ਵਿਚ ਸੂਟ ਬਣਵਾ ਕੇ ਪਾ ਲਵੀਂ ;'

ਬੇਬੇ ਉਸ ਦੀਆਂ ਗੱਲਾਂ ਸੁਣ ਕੇ ਖੁਸ਼ ਹੋ ਜਾਂਦੀ ਹੈ ਪਰ ਉਹ ਹਰ ਵਾਰੀ ਛੁੱਟੀ ਆਉਣ ਸਮੇਂ ਇਹ ਚੀਜ਼ਾਂ ਭੁੱਲ ਆਇਆ ਕਰਦਾ ਹੈ। ਉਹ ਹਮੇਸ਼ਾ ਆਪਣੇ ਸਖ਼ਤ ਜੀਵਨ ਦੀਆਂ ਕਹਾਣੀਆਂ ਖ਼ੂਬ ਮਿਰਚ-ਮਸਾਲੇ ਲਾ ਕੇ ਸੁਣਾਵੇਗਾ। ਜਿਵੇਂ ਇਕ ਦਿਨ ਵਿਚ ਪੰਜਾਹ-ਸੱਠ ਮੀਲ ਤੁਰ ਕੇ ਜਾਣਾ। ਛਨੀਅਰ ਸੱਪਾਂ ਅਤੇ ਉਡਕੇ ਮੱਥੇ ਵਿਚ ਡੰਗ ਮਾਰਨ ਵਾਲੇ ਸੱਪਾਂ ਨਾਲ ਦੋ-ਚਾਰ ਹੋਣਾ। ਇਕਲੇ ਛੋਲੇ ਚੱਬਕੇ ਹਫ਼ਤਾ-ਹਫ਼ਤਾ ਕੱਟਣਾ। ਸਿਆਲ ਦੇ ਦਿਨਾਂ ਵਿਚ ਪਿੰਡੇ ਤੇ ਬਰਫ਼ ਮਲ ਕੇ ਨਹਾਉਣਾ। ਕੁਹਣੀਆਂ ਤੇ ਮੀਲ-ਮੀਲ ਕਰਾਲਿੰਗ ਕਰਨੀ। ਰੱਸੇ ਆਸਰੇ ਸਿੱਧੀਆਂ ਪਹਾੜੀਆਂ ਤੇ ਚੜ੍ਹਨਾ ਅਤੇ ਹੋਰ ਅਨੇਕਾਂ ਅਜਿਹੀਆਂ ਕਹਾਣੀਆਂ ਜਿਨ੍ਹਾਂ ਨੂੰ ਸੁਣਕੇ ਬੇਬੇ ਪਸੀਜ ਜਾਇਆ ਕਰਦੀ ਹੈ। ਬੇਬੇ ਉਸ ਦੀ ਸਖ਼ਤ ਜ਼ਿੰਦਗੀ ਦਾ ਅਹਿਸਾਸ ਕਰਕੇ ਉਸਨੂੰ ਬੱਚਿਆਂ ਵਾਂਗ ਸਾਂਭਣਾ ਚਾਹੇਗੀ। ਵੀਰਾ ਬੇਬੇ ਨੂੰ ਪ੍ਰਭਾਵਿਤ ਕਰਕੇ ਖੁਸ਼ ਹੁੰਦਾ ਹੈ। ਅਸੀਂ ਉਸਦੀਆਂ ਗੱਲਾਂ ਨੂੰ 'ਗੱਪਾਂ' ਕਹਿਕੇ ਹੱਸ ਛੱਡਦੇ ਹਾਂ।

ਮੈਂ ਕਦੀ ਕਦੀ ਬਬੇ ਦੇ ਸੁਭਾਅ ਤੇ ਬੜਾ ਹੈਰਾਨ ਹੁੰਦਾ ਹਾਂ। ਮੈਂ ਸਦਾ ਉਸਦੀ ਹਰ ਗੱਲ ਮੰਨੀ ਹੈ ਤ ਹਰ ਗੱਲ ਤੇ ਫੁੱਲ ਚੜ੍ਹਾਏ ਹਨ। ਪਰ ਮੈਂ ਆਪਣੇ ਵੀਰੇ ਵਾਂਗ ਆਪਣੇ ਵਰਤਾਉ ਵਿਚ ਅਸਧਾਰਣਤਾ ਨਹੀਂ ਲਿਆ ਸਕਦਾ। ਸ਼ਾਇਦ ਇਹੋ ਕਾਰਨ ਹੈ ਕਿ ਉਹ ਮੈਨੂੰ ਬਹੁਤਾ ਪਸੰਦ ਨਹੀਂ ਕਰਦੀ। ਗੱਲ-ਗੱਲ ਤੇ ਨਘੋਚਾਂ ਕੱਢਦੀ ਹੈ। ਇਸ ਦਾ ਕਾਰਨ ਸ਼ਾਇਦ ਸਾਡਾ ਸਦਾ ਇਕ ਦੂਜੇ ਦੇ ਨੇੜੇ ਰਹਿਣਾ ਵੀ ਹੋਵੇ। ਬੇਬੇ ਦੇ ਮੂੰਹੋਂ ਮੇਰੇ ਲਈ ਕਦੀ ਸਿਫ਼ਤ ਦਾ ਇੱਕ ਅੱਖਰ ਵੀ ਨਹੀਂ ਨਿਕਲਿਆ। ਬੱਸ ਨੁਕਸ ਹਨ ਜਿਹੜੇ ਵਧਦੇ ਗਏ ਹਨ। ਦੂਜੇ ਪਾਸੇ ਵੀਰਾ ਜਦ ਤੋਂ ਫੌਜ ਵਿਚ ਭਰਤੀ ਹੋਇਆ ਹੈ ਉਹ ਉਸ ਲਈ ਹੋਰ ਚੰਗਾ-ਹੋਰ ਚੰਗਾ ਹੁੰਦਾ ਚਲਾ ਗਿਆ ਹੈ। ਵੀਰੇ ਦੇ ਛੁੱਟੀ ਆਉਣ ਦੀ ਚਿੱਠੀ ਆਉਂਦੀ ਹੈ ਤਾਂ ਬੇਬੇ ਦੇ ਚਿਹਰੇ ਦੀ ਰੌਣਕ ਵੇਖਣ ਵਾਲੀ ਹੁੰਦੀ ਹੈ। ਉਹ ਪਿੰਡ ਵਿਚ ਜਣੇ-ਖਣੇ ਨੂੰ ਇਹ ਖ਼ਬਰ ਦੱਸਦੀ ਫਿਰਦੀ ਹੈ। ਜਿਨ੍ਹਾਂ ਦਿਨਾਂ ਵਿਚ ਗਵਾਂਢੀ ਦੇਸ਼ਾਂ ਨਾਲ ਦੋ ਜੰਗਾਂ ਹੋਈਆਂ ਅਤੇ ਵੀਰਾ ਦੋਹਾਂ ਵਿਚ ਫਰੰਟ ਤੇ ਗਿਆ ਤਾਂ ਦੋਨੋਂ ਵਾਰੀ ਬੇਬੇ ਨੇ ਘਰ ਅਖੰਡ ਪਾਠ ਰਖਵਾਇਆ। ਸਾਰੇ ਪਿੰਡ ਨੂੰ ਮਿੱਠੇ ਚੌਲਾਂ ਦਾ ਜੱਗ ਕੀਤਾ। ਪਿੰਡ ਦੇ ਕਈ ਫੌਜੀਆਂ ਦੇ ਮਰਨ ਦੀਆਂ ਖ਼ਬਰਾਂ ਆਈਆਂ ਪਰ ਬੇਬੇ ਦਾ ਸਿਦਕ ਕਮਾਲ ਦਾ ਸੀ। ਉਹ ਬਾਰ-ਬਾਰ ਇਹੋ ਕਹਿੰਦੀ :

'ਵਾਲ ਨਹੀਂ ਵਿੰਗਾ ਹੋ ਸਕਦਾ ਮੇਰੇ ਪੁੱਤ ਦਾ। ਮਹਾਰਾਜ ਉਸ ਦੀ ਰੱਖਿਆ ਕਰੇਗਾ।'

ਉਨ੍ਹਾਂ ਦਿਨਾਂ ਵਿਚ ਉਸ ਦੇ ਗੁਰਦੁਆਰੇ ਦੇ ਗੇੜੇ ਵਧ ਗਏ। ਉਹ ਸਾਰਾ ਦਿਨ ਪਾਠ ਕਰਦੀ ਰਹਿੰਦੀ। ਪੈਂਹਠ ਦੀ ਲੜਾਈ ਮਗਰੋਂ ਵੀਰਾ ਘਰ ਪਰਤਿਆ ਤਾਂ ਪਿੰਡ ਦੀ ਨਾਇਣ ਅਤੇ ਉਹਦੀ ਕੁੜੀ ਦੇ ਸਿਰ ਤੇ ਲੱਡੂਆਂ ਦੀਆਂ ਪਰਾਤਾਂ ਚੁਕਵਾ ਬੇਬੇ ਸਟੇਸ਼ਨ ਤੱਕ ਲੱਡੂ ਵੰਡਦੀ ਗਈ। ਉਹ ਕਹੱਤਰ ਦੀ ਲੜਾਈ ਮਗਰੋਂ ਪਿੰਡ ਮੁੜਿਆ ਤਾਂ ਬੇਬੇ ਨੇ ਅਖੰਡ ਪਾਠ ਮਗਰੋਂ ਸਾਰੇ ਪਿੰਡ ਨੂੰ ਲੱਡੂ-ਜਲੇਬੀ ਦਾ ਚੁੱਲੇ-ਨਿਉਂਦਾ ਦਿੱਤਾ।

'ਕਿਉਂ ਘਰ ਦਾ ਦੁਆਲਾ ਕੱਢਣ ਲੱਗੀ ਏਂ ਬੇਬੇ ?' ਲੱਡੂ-ਜਲੇਬੀ ਦੀ ਗੱਲ ਤੋਂ ਮੈਂ ਬੇਬੇ ਨੂੰ ਰੋਕਣਾ ਚਾਹਿਆ ਸੀ।

'ਤੂੰ ਚੁੱਪ ਰਹਿ ਵੇ...ਕੀਤਾ ਦਾਨ-ਪੁੰਨ ਹੀ ਅੱਗੇ ਆਉਂਦਾ ਹੁੰਦੈ। ਮੈਂ ਸੀਤੇ ਪੁੱਤ ਲਈ ਸੁੱਖਿਆ ਤਾਂ ਐਹ ਦਿਨ ਨਸੀਬ ਹੋਇਆ।'

ਵੀਰੇ ਦੀ ਇਕ ਭੈੜੀ ਆਦਤ ਹੈ ਕਿ ਜੇ ਨਹੂੰ ਉਤੇ ਵੀ ਜ਼ਰਾ ਭਰ ਝਰੀਟ ਆ ਜਾਵੇ ਤਾਂ ਫੱਟ ਭਰਜਾਈ ਨੂੰ ਖ਼ਤ ਲਿਖ ਦੇਵੇਗਾ। ਉਹ ਰੋਟੀ ਛੱਡ ਕੇ ਬੈਠ ਜਾਵੇਗੀ ਰੋ-ਰੋ ਅੱਖਾਂ ਸੁਜਾ ਲਵੇਗੀ ਤਾਂ ਬੇਬੇ ਉਸ ਦੇ ਮੂੰਹ ਵਲ ਗਹੁ ਨਾਲ ਵੇਖਦੀ ਕਹੇਗੀ :

'ਤੈਨੂੰ ਕੀ ਹੋ ਗਿਆ ਨੀਂ—ਮੂੰਹ ਲਟਕਾਈ ਬੈਠੀ ਏਂ ? ਜੀਕੂੰ ਕੰਧ ਦਾ ਲਿਉੜ ਲਿਹਾਵਿਆ ਹੁੰਦੈ ?'

ਭਰਜਾਈ ਕਾਰਨ ਦੱਸੇਗੀ ਤਾਂ ਬੇਬੇ ਗੁਰਦੁਆਰੇ ਜਾ ਕੇ ਛੱਤ ਦਾ ਪੱਖਾ ਹੀ ਸੁੱਖ ਆਵੇਗੀ। ਅਖੰਡ ਪਾਠ ਹੀ ਸੁੱਖ ਆਵੇਗੀ। ਫਿਰ ਉਹ ਕਿਸੇ ਦੇ ਕਹੇ ਹਟਦੀ ਵੀ ਨਹੀਂ ਹੁੰਦੀ। ਜੋ ਸੁੱਖਿਆ ਗਿਆ ਉਹ ਪੂਰਾ ਹੋਵੇਗਾ। ਜਿਹੜੀ ਗੱਲ ਮੂੰਹੋਂ ਨਿਕਲ ਗਈ, ਸਾਡੇ ਲਈ ਰੱਬੀ ਹੁਕਮ ਬਣ ਜਾਵੇਗੀ।

ਅਸੀਂ ਸਟੇਸ਼ਨ ਤੇ ਪਹੁੰਚ, ਪਲੇਟਫ਼ਾਰਮ ਦੇ ਬੈਂਚ ਤੇ ਜਾ ਬੈਠੇ। ਬੇਬੇ ਦਾ ਹੱਥ ਬਾਰ-ਬਾਰ ਉਸਦੇ ਹੱਥ 'ਚ ਫੜੇ ਝੋਲੇ ਵਿਚ ਜਾ ਰਿਹਾ ਸੀ। ਉਸ ਝੋਲੇ ਵਿਚ ਫੁੱਲਾਂ ਦਾ ਇਕ ਹਾਰ ਸੀ, ਜਿਹੜਾ ਉਸਨੇ ਪੰਜ ਰੁਪਏ ਦੇ ਕੇ ਸਕੂਲ ਦੇ ਮਾਲੀ ਤੋਂ ਮੰਗਵਾਇਆ ਸੀ।

ਜਦੋਂ ਵੀਰਾ ਛੁੱਟੀ ਆਉਂਦਾ ਹੈ ਤਾਂ ਬਹੁਤੀ ਵਾਰੀ ਉਸ ਦੀ ਅਗਲੀ ਤਰੱਕੀ ਹੋਈ ਹੁੰਦੀ ਹੈ ਤੇ ਤਰੱਕੀ ਦੀ ਖੁਸ਼ੀ ਵਿਚ ਹੀ ਬੇਬੇ ਉਸ ਦੇ ਗਲੇ ਵਿਚ ਫੁੱਲਾਂ ਦਾ ਹਾਰ ਪਾਇਆ ਕਰਦੀ ਹੈ। ਇਹ ਹਾਰ ਪਾਉਣ ਵਾਲੀ ਗੱਲ ਉਸ ਨੂੰ ਪਿੰਡ ਦੇ ਗ੍ਰੰਥੀ ਨੱਥਾ ਸਿੰਘ ਨੇ ਉਦੋਂ ਦੱਸੀ ਸੀ

ਜਦੋਂ ਵੀਰਾ ਪਹਿਲੀ ਵੇਰ ਤਿੰਨ ਸਿੱਧੀਆਂ ਫੀਤੀਆਂ ਵਾਲਾ ਰਕਰੂਟ-ਹੌਲਦਾਰ ਬਣਕੇ ਘਰ ਆਇਆ ਸੀ । ਮੈਂ ਕਈ ਵੇਰ ਸੋਚਦਾ ਹਾਂ ਕਿ ਮੈਂ ਛਿਆਹਠ ਵਿਚ ਨੌਕਰ ਹੋਇਆ ਸਾਂ । ਉਦੋਂ ਵੀ ਮਾਸਟਰ ਸਾਂ ਤੇ ਅੱਜ ਵੀ ਮਾਸਟਰ ਹੀ ਹਾਂ । ਪਰ ਵੀਰਾ ਸਿਪਾਹੀ ਤੋਂ ਲੈਂਸ-ਨੈਕ, ਨੈਕ ਹਵਲਦਾਰ, ਹਵਲਦਾਰ ਮੇਜ਼ਰ, ਨਾਇਬ ਸੂਬੇਦਾਰ, ਸੂਬੇਦਾਰ ਤੇ ਹੁਣ ਸੂਬੇਦਾਰ ਮੇਜ਼ਰ ਬਣ ਕੇ ਆ ਰਿਹਾ ਸੀ । ਉਹ ਦਰਿਆ ਵਾਂਗ ਅਗੇ ਵੱਧਦਾ ਗਿਆ ਸੀ ਤੇ ਮੈਂ ਟੋਭੇ ਵਾਂਗ ਉਥੇ ਹੀ ਅਟਕਿਆ ਪਿਆ ਸਾਂ ਪਰ ਜਦੋਂ ਮੈਂ ਆਪਣੀ ਉਦਾਸ ਭਰਜਾਈ ਵੱਲ ਵੇਖਦਾ ਹਾਂ । ਉਸ ਦੇ ਬੱਚਿਆਂ ਨੂੰ ਡੈਡੀ ਦੀਆਂ ਕਲਪਤ ਗੱਲਾਂ ਕਰਦੇ ਸੁਣਦਾ ਹਾਂ ਤਾਂ ਮੇਰੀਆਂ ਅੱਖਾਂ ਸਾਮ੍ਹਣੇ ਸੁੰਨ, ਬੀਆਬਾਨ ਜੰਗਲ ਫੈਲ ਜਾਂਦਾ ਹੈ ਤੇ ਮੈਨੂੰ ਲਗਦਾ ਹੈ ਕਿ ਵੀਰਾ ਇਕ ਭਟਕਦੇ ਦਰਿਆ ਤੋਂ ਵੱਧ ਕੁਝ ਨਹੀਂ ।

ਗੱਡੀ ਅਜੇ ਡਾਊਨ ਤੋਂ ਕਾਫ਼ੀ ਪਰ੍ਹੇ ਹੀ ਸੀ ਕਿ ਅਸੀਂ ਸਾਰੇ ਖੜ੍ਹੇ ਹੋ ਗਏ । ਡੱਬੇ ਦੇ ਦਰ ਤੋਂ ਬਾਹਰ ਕੱਢੀ ਵੀਰੇ ਦੀ ਲੰਮੀ ਬਾਂਹ ਨਜ਼ਰ ਪਈ ਤਾਂ ਮੈਂ ਖੁਸ਼ੀ ਨਾਲ ਕਿਹਾ :

'ਬੇਬੇ...ਦਿਖਦੈ ਕੁਛ ?'

'ਬੇਬੇ ਨੇ ਮੱਥੇ ਤੇ ਹੱਥ ਦਾ ਛੱਜਾ ਬਣਾਇਆ ਤੇ ਗਹੁ ਨਾਲ ਵੇਖਦੀ ਬੋਲੀ :

'ਸੀਤੇ ਪੁੱਤ ਨਾਲ ਹੀ ਜਾਊਂ ਅੱਖਾਂ ਦੇ ਡਾਕਟਰ ਕੋਲ...ਜੈ ਰੋਇਆ ਜਾਲਾ ਜਿਹਾ ਹੀ ਨੀ ਕੁਸ਼ ਦਿਖਣ ਦਿੰਦਾ ।' ਤੇ ਉਹ ਅੱਖਾਂ ਮਲਣ ਲੱਗ ਪਈ ।

ਅਗਲੇ ਹੀ ਪਲ ਗੱਡੀ ਦਗੜ-ਦਗੜ ਕਰਦੀ ਪਲੇਟ ਫਾਰਮ ਤੇ ਆ ਚੜ੍ਹੀ । ਮੈਂ ਦੌੜਕੇ ਵੀਰੇ ਕੋਲ ਪਹੁੰਚ ਗਿਆ । ਪਲ ਕੁ ਲਈ ਅਸੀਂ ਗਲਵਕੜੀ ਵਿਚ ਬੰਨੇ ਗਏ । ਫਿਰ ਫੁਰਤੀ ਨਾਲ ਸਾਰਾ ਸਮਾਨ ਬਾਹਰ ਕੱਢ ਲਿਆ । ਜਦ ਨੂੰ ਬੇਬੇ, ਭਰਜਾਈ ਅਤੇ ਬੱਚੇ ਡੱਬੇ ਕੋਲ ਪਹੁੰਚ ਗਏ । ਵੀਰੇ ਨੇ ਸਿਰੋਂ ਟੋਪੀ ਲਾਹ ਕੇ ਤਰਬੂਜ਼ ਵਰਗਾ ਘੋਨ-ਮੋਨ ਸਿਰ ਬੇਬੇ ਦੇ ਪੈਰਾਂ ਵਿਚ ਧਰ ਦਿੱਤਾ । ਬੱਸ ਬੇਬੇ ਪੰਘਰ ਗਈ ਤੇ ਉਸ ਨੂੰ ਉੱਤੇ ਉਠਾ ਗਲਵਕੜੀ ਪਾ ਕੇ ਰੋਣ ਲੱਗ ਪਈ । ਬੱਚੇ ਆਪਣੇ ਡੈਡੀ ਦੀਆਂ ਲੱਤਾਂ ਨੂੰ ਚੰਬੜ ਗਏ । ਛੋਟੇ ਨੂੰ ਉੱਤੇ ਚੁੱਕ ਉਸਨੇ ਚੁੰਮਿਆ ਤੇ ਉਹ ਬੋਲਿਆ :

'ਹਾਈ...ਡੈਡੀ ਦੀ ਦਾੜ੍ਹੀ ਚੁਭਦੀ ਏ ।' ਉਸ ਦੀ ਗੱਲ ਸੁਣ ਸਾਰੇ ਹੱਸਣ ਲੱਗ ਪਏ ।

ਘਰ ਪਹੁੰਚਦਿਆਂ ਹੀ ਬੇਬੇ ਵੱਡਾ ਪੀੜ੍ਹਾ ਚੁੱਕ ਲਿਆਈ ਤੇ ਵੀਰੇ ਨੂੰ ਵਿਹੜੇ ਵਿੱਚ ਬਿਠਾ ਦਿੱਤਾ । ਆਪ ਉਸ ਦੇ ਕੋਲ ਨੂੰ ਹੁੰਦੀ ਛੋਟੇ-ਛੋਟੇ ਵਾਲਾਂ ਵਿਚ ਹੱਥ ਫੇਰਦੀ ਕਹਿਣ ਲੱਗੀ :

'ਵੇ ਸੀਤਿਆ...ਤੂੰ ਪਿਛਲੀ ਵਾਰੀ ਕਹਿੰਦਾ ਸੀ ਅੱਗੇ ਨੂੰ ਮੈਨੂੰ ਸਿੱਖ ਦੇਖਿਉ...ਕੋੜ੍ਹੀ ਹੋਣਿਆਂ ਮੈਨੂੰ ਹਰ ਵਾਰੀ ਚਾਰ ਜਾਂਦਾ ਏ ?'

'ਓ ਬੇਬੇ...ਮੇਜ਼ਰ ਸਾਹਬ ਹੀ ਨੀ ਮੰਨੇ । ਅਖੇ, ਜਿਹੜੀ ਫ਼ੋਟੋ ਇੱਕ ਵਾਰੀ ਸ਼ਨਾਖ਼ਤੀ ਕਾਰਡ ਤੇ ਲੱਗ ਗਈ, ਬੱਸ ਲੱਗ ਗਈ । ਫੇਰ ਉਹੋ ਜਿਹਾ ਹੀ ਰਹਿਣਾ ਪੈਂਦੇ । ਹੁਣ ਤਾਂ ਰਿਟਾਇਰ ਹੋਣ ਮਗਰੋਂ ਹੀ ਦਾੜ੍ਹੀ-ਕੇਸ ਰੱਖ ਹੋਣਗੇ । ਚੱਲ ਬਾਦ ਵਿੱਚ ਅਮ੍ਰਿਤ ਵੀ ਛਕ ਲਊਂ ਤੂੰ ਹੋਰ ਕੀ ਕਹਿੰਦੀ ਏਂ ਬੇਬੇ ?'

'ਲੈ...ਮੈਂ ਦੇਖਣੇ ਨੇ ਤੇਰੇ ਅਮ੍ਰਿਤ । ਖ਼ਬਰੇ ਅਗਲੀ ਛੁੱਟੀ ਤੱਕ ਹੋਊਂ ਖ਼ਬਰੇ ਨਹੀਂ । ਰੱਖ ਤਾਂ ਹੁਣ ਵੀ ਸਕਦੈਂ ਕੇਸ । ਤੂੰ ਸਾਨੂੰ ਉੱਲੂ ਬਣਾਉਂਦੈ । ਤੂੰ ਮੈਨੂੰ ਮਹਾਰਾਜ ਤੋਂ ਝੂਠੀ ਪਾਉਣ ਲੱਗਿਐਂ ।' ਬੇਬੇ ਉਦਾਸ ਹੋ ਗਈ ਤੇ ਉੱਠਕੇ ਅੰਦਰਲੇ ਕਮਰੇ 'ਚ ਚਲੀ ਗਈ ।

ਵੀਰਾ ਵੀ ਉਠਿਆ ਤੇ ਉਸਦੇ ਮਗਰ ਜਾਂਦਾ ਬੋਲਿਆ :

'ਚੱਲ ਰੱਖ ਲੈਂਦਾ ਹਾਂ ਬੇਬੇ...ਤੂੰ ਨਾ ਉਦਾਸ ਹੋ । ਲੈ ਹੁਣ ਮੁੜ ਕਦੀ ਨਹੀਂ ਕਟਾਉਂਦਾ ।' ਵੀਰੇ ਨੇ ਕੰਨਾਂ ਨੂੰ ਹੱਥ ਲਾਇਆ ਤਾਂ ਬੇਬੇ ਉਸ ਨੂੰ ਧੱਫਾ ਮਾਰਦੀ ਹੱਸ ਪਈ ।

'ਵੀਰਾ ਡਰ ਗਿਆ ਏ ਬਈ ਬੇਬੇ ਕਿਧਰੇ ਘਰੋਂ ਹੀ ਨਾ ਕੱਢ ਦੇਵੇ ।' ਮੈਂ ਕਿਹਾ ਤਾਂ ਬੇਬੇ ਗੁਸੇ ਨਾਲ ਤਪ ਗਈ ।

'ਤੂੰ ਚੁੱਪ ਰਹਿ ਵੇ ਕੰਨ-ਖੰਜੂਰਿਆ ਜਿਹਿਆ...ਜੇ ਤੈਨੂੰ ਬੋਲਣਾ ਨਹੀਂ ਆਉਂਦਾ ਤਾਂ ਆਪਣੀ ਕਾਲੀ ਜੀਭ ਨੂੰ ਮੂੰਹ 'ਚ ਹੁੜਬ ਕੇ ਰੱਖਿਆ ਕਰ । ਜਦ ਦੇਖੋ ਟਿੱਚਰਾਂ, ਜਦ ਦੇਖੋ ਮਖੌਲ.. ਊਂ ਕਿਰਪਾਨਾਂ ਪਾਈ ਫਿਰਦੈ... ਜ਼ਬਾਨ ਕਾਬੂ 'ਕ ਨਹੀਂ ।'

ਬੇਬੇ ਮੇਰੇ ਤੇ ਵਰ੍ਹਣ ਲੱਗੀ ਤਾਂ ਮੈਂ ਵੀਰੇ ਦਾ ਟਰੰਕ ਚੁੱਕ ਕੇ ਖਿਸਕ ਗਿਆ ।

ਬੇਬੇ ਦਾ ਉਹੋ ਰੂਪ ਮੇਰੀਆਂ ਅੱਖਾਂ ਅਗੇ ਘੁੰਮਣ ਲੱਗਾ । ਜਦੋਂ ਵੀਰੇ ਦੀ ਟਊਬਵੈਲ ਮਹਿਕਮੇ 'ਚੋਂ ਛਾਂਟੀ ਹੋ ਗਈ ਸੀ । ਮੈਟ੍ਰਿਕ ਕਰਨ ਮਗਰੋਂ ਉਹ ਲੁਧਿਆਣੇ ਦੀਆਂ ਪੰਜ-ਸੱਤ ਮਿੱਲਾਂ ਵਿਚ ਧੱਕੇ-ਖਾਊ ਨੌਕਰੀਆਂ ਕਰ ਚੁੱਕਾ ਸੀ । ਛੋਟੇ-ਵੱਡੇ ਚਾਰ-ਪੰਜ ਡਾਕਟਰਾਂ ਕੋਲ ਕੰਪੌਡਰੀਆਂ ਵੀ ਕਰ ਚੁੱਕਾ ਸੀ । ਫਿਰ ਟਿਊਬਵੇਲ ਮਹਿਕਮੇਂ ਵਿਚ ਨੌਕਰੀ ਮਿਲਣ ਤੇ ਜ਼ਰਾ ਕੁ ਸੈਟ ਹੋਇਆ ਸੀ ਕਿ ਸਰਕਾਰ ਦੀ ਸਕੀਮ ਫੇਲ੍ਹ ਹੋਣ ਕਰਕੇ ਉਸ ਦੀ ਨੌਕਰੀ ਜਾਂਦੀ ਰਹੀ । ਉਨ੍ਹਾਂ ਦਿਨਾਂ ਵਿਚ ਵੀਰਾ ਅਤੇ ਉਸ ਦੇ ਦੋ-ਤਿੰਨ ਸਾਥੀ ਪਿੰਡ ਵਿਚ ਵਿਹਲੇ ਘੁੰਮਦੇ

ਸਨ। ਵੀਰਾ ਮੈਨੂੰ ਦੱਸਦਾ ਕਿ ਉਨ੍ਹਾਂ ਨੇ ਛੇਤੀ ਹੀ ਬਹੁਤ ਵੱਡੇ ਡਾਕੂ ਬਣ ਜਾਣਾ ਹੈ। ਕਦੀ ਕਹਿੰਦਾ ਸਰਹੱਦ ਉਤੇ ਜਾ ਕੇ ਸਮਗਲਿੰਗ ਸ਼ੁਰੂ ਕਰ ਦੇਣੀ ਹੈ। ਅਚਾਨਕ ਪਿੰਡ ਦੇ ਬਾਹਰ ਇਕਘੌਨ-ਮੌਨ ਸਾਧ ਨੇ ਆ ਡੇਰਾ ਲਾਇਆ। ਇਹ ਤਿੰਨੇ-ਚਾਰੇ ਉਸ ਦੀ ਚੌਕੀ ਭਰਨ ਲੱਗੇ। ਪਿੰਡ ਦਾ ਕੋਈ ਬੰਦਾ ਰੋਟੀ ਲੈ ਆਉਂਦਾ, ਕੋਈ ਦੁੱਧ ਤੇ ਕੋਈ ਫ਼ਲ। ਸਾਧ ਇਨ੍ਹਾਂ ਨਾਲ ਵੰਡ ਕੇ ਖਾਂਦਾ ਤੇ ਜੇ ਕੋਈ ਰੁਪਿਆ ਆਦਿ ਮੱਥਾ ਟੇਕ ਕੇ ਜਾਂਦਾ ਉਹ ਸ਼ਾਮ ਨੂੰ ਧੂਣੇ ਵਿਚ ਹੀ ਸੁੱਟ ਦਿੰਦਾ। ਮਾਇਆ ਦੇ ਤਿਆਗੀ ਸਾਧ ਦਾਂ ਇਨ੍ਹਾਂ ਤੇ ਬੜਾ ਅਸਰ ਹੋਇਆ। ਪਤਾ ਨਹੀਂ ਮਨ ਵਿਚ ਕੀ ਫਤੂਰ ਆਇਆ ਕਿ ਇਕ ਦਿਨ ਸਾਰੇ ਹੀ ਨਾਈ ਦੇ ਜਾ ਵੜੇ ਤੇ ਆਪਣੇ ਲੰਮੇਂ ਵਾਲ ਕਟਵਾ ਦਿੱਤੇ। ਕਹਿਣ ਲੱਗੇ ਅਸੀਂ ਗੋਰਖ ਨਾਥ ਦੇ ਚੇਲੇ ਬਣ ਗਏ ਹਾਂ। ਵੀਰੇ ਦੇ ਵਾਲ ਕਟਵਾਉਣ ਦੀ ਖ਼ਬਰ ਸਭ ਤੋਂ ਪਹਿਲਾਂ ਮੈਂ ਹੀ ਬੇਬੇ ਨੂੰ ਦਿੱਤੀ। ਗੱਲ ਸੁਣਦੀ ਸਾਰ ਬੇਬੇ ਦਾ ਪਾਰਾ ਇਕ ਦਮ ਸਿਖ਼ਰਾਂ ਨੂੰ ਛੋਹ ਗਿਆ ਸੀ। ਉਹ ਗੁੱਸੇ ਵਿਚ ਕੜਕੀ ਸੀ :

'ਮੈਂ ਉਸ ਜੰ-ਵੱਢੇ ਨੂੰ ਧੱਕੇ ਮਾਰ ਘਰੋਂ ਕੱਢ ਦਿਆਂਗੀ। ਮੈਂ ਨਹੀਂ ਇਹ ਬਰਦਾਸ਼ਤ ਕਰ ਸਕਦੀ। ਸਮਝ ਲਵਾਂਗੀ ਜਿਵੇਂ ਤੇਰਾ ਪਿਉ ਮਰ ਗਿਆ ਉਵੇਂ ਇਹ ਵੀ ਗਿਆ।'

ਬੇਬੇ ਫ਼ਰਸ਼ ਤੇ ਬਹਿ ਕੇ ਰੋਣ ਲੱਗ ਪਈ। ਮੈਂ ਉਸ ਨੂੰ ਚੁੱਪ ਕਰਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਪੱਟਾਂ ਤੇ ਦੁੱਹੱਥੜ ਮਾਰ-ਮਾਰ ਪਿੱਟਦੀ ਰਹੀ। ਪਹਿਲਾਂ ਵੀ ਜਦੋਂ ਕੋਈ ਅਣਸੁਖਾਵੀਂ ਗੱਲ ਘਰ ਵਿਚ ਵਾਪਰਦੀ ਸੀ, ਬੇਬੇ ਇਵੇਂ ਹੀ ਕਰਿਆ ਕਰਦੀ ਸੀ। ਦਰਅਸਲ, ਉਦੋਂ ਉਹ ਬਾਪੂ ਨੂੰ ਯਾਦ ਕਰਕੇ ਹੀ ਰੋਇਆ ਕਰਦੀ ਹੈ ਜਿਹੜਾ ਸੰਤਾਲੀ ਦੇ ਫਸਾਦਾਂ ਸਮੇਂ ਆਪਣੇ ਸਿੱਖ ਭਾਈਚਾਰੇ ਹੱਥੋਂ ਹੀ ਮਾਰਿਆ ਗਿਆ ਸੀ। ਜਦੋਂ ਪਿੰਡ ਵਿਚ ਮੁਸਲਮਾਨ ਪਰਿਵਾਰਾਂ ਦੀ ਕੱਟਾ-ਵੱਢੀ ਹੋਈ ਤਾਂ ਬਾਪੂ ਨੇ ਆਪਣੇ ਮੁਸਲਮਾਨ ਦੋਸਤ ਕਰੀਮੂ ਅਤੇ ਉਸ ਦੇ ਦੋ ਕੁ ਸਾਲਾਂ ਦੇ ਮੁੰਡੇ ਮੌਲੀ ਨੂੰ ਆਪਣੇ ਘਰ ਛੁਪਾ ਲਿਆ ਸੀ। ਕਰੀਮੂੰ ਦੀ ਵਹੁਟੀ ਸ਼ੈਦਾਂ ਨੂੰ ਹਜੂਮ ਨੇ ਪਾਣੀ ਦੇ ਘੜੇ ਚੁੱਕੀ ਜਾਂਦੀ ਨੂੰ ਪਹਿਲਾਂ ਹੀ ਮਾਰ ਦਿੱਤਾ ਸੀ। ਕਿਰਪਾਨਾਂ ਚੁੱਕੀ ਕੁਝ ਜਨੂੰਨੀ ਸਾਡੇ ਘਰ ਅੱਗੇ ਆ ਖੜ੍ਹੇ ਹੋਏ :

'ਕਰੀਮੂੰ ਤੇ ਉਹਦੇ ਬੱਚੇ ਨੂੰ ਤੂੰ ਲੁਕਾਇਆ ਏ ਅੱਛਰ ਸਿਆਂ ?'

'ਨਾ ਭਰਾਵੋ, ਮੈਨੂੰ ਕੀ ਲੋੜ ਭਲਾ ?' ਬਾਪੂ ਦਾ ਚਿਹਰਾ ਫੱਕ ਹੋ ਗਿਆ ਸੀ।

'ਚੰਗਾ ਫਿਰ ਐਹ ਗੁਟਕੇ ਤੇ ਹੱਥ ਧਰ ਕੇ ਸਹੁੰ ਖਾ ਮਹਾਰਾਜ ਦੀ। ਅਸੀਂ ਚਲੇ ਜਾਂਦੇ ਹਾਂ।' ਕਿਸੇ ਨੇ ਉਸ ਅੱਗੇ ਗੁਟਕਾ ਕਰਕੇ ਕਿਹਾ।

ਬਾਪੂ ਨੇ ਆਪਣਾ ਕੰਬਦਾ ਹੱਥ ਗੁਟਕੇ ਤੇ ਧਰਿਆ ਤੇ ਕਰੀਮੂੰ ਦੇ ਉਥੇ ਨਾ ਹੋਣ ਦੀ ਸਹੁੰ ਖਾਧੀ। ਪਰ ਭੜਦੇ ਭੀੜ ਵਿਚੋਂ ਕਿਸੇ ਬੰਦੇ ਨੇ ਰੌਲਾ ਪਾ ਦਿੱਤਾ :

'ਇਹ ਝੂਠੀ ਸਹੁੰ ਖਾ ਰਿਹਾ ਏ। ਕਰੀਮੂੰ ਆਪਣੇ ਬੱਚੇ ਨੂੰ ਚੁੱਕੀ ਮੇਰੇ ਸਾਮ੍ਹਣੇ ਇਹਦੇ ਘਰ ਵੜਿਆ ਏ।'

'ਪਰ ਕਰੀਮੂੰ ਨੇ ਤੁਹਾਡਾ ਵਿਗਾੜਿਆ ਕੀ ਏ ? ਤੁਸੀਂ ਉਸ ਨੂੰ ਕਤਲ ਕਿਉਂ ਕਰਨਾ ਚਾਹੁੰਦੇ ਹੋ ?' ਬਾਪੂ ਦਰਵਾਜ਼ੇ ਵਿਚ ਡੱਟ ਗਿਆ।

'ਜਿਹੜੇ ਸਿੱਖ ਕਤਲ ਕਰੇ ਨੇ ਮੁਸਲਿਆਂ ਨੇ ਉਹਨਾਂ ਦਾ ਬਦਲਾ ਲੈਣ ਲਈ।' ਭੀੜ 'ਚੋਂ ਕੋਈ ਬੋਲਿਆ।

'ਪਰ ਕਰੀਮੂੰ ਤਾਂ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ ਗਰੀਬ ਬੰਦਾ ਏ। ਇਸ ਨੇ ਤਾਂ ਕਦੀ ਕੁੱਤੇ ਦੇ ਵੀ ਸੋਟੀ ਨਹੀਂ ਮਾਰੀ। ਉਸ ਨੂੰ ਮਾਰਨ ਨਾਲ ਤੁਹਾਡਾ ਬਦਲਾ ਕਿਵੇਂ ਮਿਲ ਜਾਂਵੇਗਾ ?'

ਭੀੜ ਨੇ ਇਕ ਪਲ ਲਈ ਇਕ ਦੂਜੇ ਵਲ ਵੇਖਿਆ ਫਿਰ ਉਨ੍ਹਾਂ ਦਾ ਮੋਹਰੀ ਬੋਲਿਆ :

'ਅੱਛਰ ਸਿੰਘ ਤੂੰ ਗ਼ੱਦਾਰ ਏਂ। ਪਹਿਲਾਂ ਤੂੰ ਝੂਠੀ ਸਹੁੰ ਖਾਧੀ। ਹੁਣ ਮੁਸਲੇ ਲਈ ਵਕਾਲਤ ਕਰ ਰਿਹਾ ਏਂ। ਇਕ ਮਿੰਟ ਵਿਚ ਦਰ ਤੋਂ ਪਾਸੇ ਹਟ ਜਾ ਨਹੀਂ ਤਾਂ...।' ਉਸ ਨੇ ਆਪਣੀ ਕਿਰਪਾਨ ਉਲਾਰੀ।

ਪਰ ਬਾਪੂ ਦਰ ਤੋਂ ਨਾ ਹਟਿਆ। ਹਜੂਮ ਉਸ ਨੂੰ ਟੁੱਟ ਕੇ ਪੈ ਗਿਆ ਤੇ ਕੋਹ-ਕੋਹ ਕੇ ਮਾਰ ਦਿੱਤਾ। ਸਾਰੀ ਦੇਹਲੀ ਬਾਪੂ ਦੇ ਖ਼ੂਨ ਨਾਲ ਲਿਬੜ ਗਈ। ਭੀੜ ਵਿਚ ਰੌਲਾ ਪਾਉਂਦੀ ਬੇਬੇ ਬਾਪੂ ਦੇ ਮਰਨ ਤੋਂ ਪਹਿਲਾਂ ਹੀ ਬੇਹੋਸ਼ ਹੋ ਗਈ ਸੀ। ਫਿਰ ਦਾਣਾਂ ਵਾਲੀ ਕੋਠੀ 'ਚੋਂ ਕਰੀਮੂ ਅਤੇ ਉਸ ਦੇ ਬਚੇ ਨੂੰ ਬਾਹਰ ਧੂਅ ਲਿਆਂਦਾ ਗਿਆ। ਇਕ ਨੇ ਬਚੇ ਨੂੰ ਬਰਛੇ ਵਿਚ ਪਰੋ ਦਿੱਤਾ। ਕਿਸੇ ਦੂਜੇ ਨੇ ਕਰੀਮੂ ਦੀ ਗਰਦਣ ਤੇ ਤਲਵਾਰ ਖਿੱਚ ਮਾਰੀ ਤੇ ਉਸ ਨੂੰ ਧਰਤੀ ਤੇ ਵਿਛਾ ਦਿੱਤਾ। ਬੇਬੇ ਇਸ ਸਭ ਕਾਸੇ ਨੂੰ 'ਰੱਬ ਦਾ ਭਾਣਾ' ਕਹਿਕੇ ਜਰ ਗਈ। ਮੈਂ ਤੇ ਵੀਰਾ ਬਹੁਤ ਛੋਟੇ ਸਾਂ। ਇਸ ਕਰਕੇ ਬਦਲੇ ਦੀ ਭਾਵਨਾ ਨੇ ਸਿਰ ਹੀ ਨਾ ਚੁੱਕਿਆ ਤੇ ਅਸੀਂ ਹੌਲੀ ਹੌਲੀ ਜਿਵੇਂ ਬਾਪੂ ਦੀ ਮੌਤ ਅਤੇ ਉਸ ਦੇ ਕਾਤਲਾਂ ਨੂੰ ਹੀ ਭੁੱਲ ਗਏ।

ਬਾਪੂ ਆਪ ਅੰਮ੍ਰਿਤਧਾਰੀ ਸਿੱਖ ਸੀ। ਪਿੰਡ ਦੇ ਲੋਕ ਸਾਨੂੰ 'ਕਾਲੀਆਂ ਦਾ ਟੱਬਰ' ਕਹਿਕੇ ਸੱਦਦੇ ਸਨ। ਸੋ ਵੀਰੇ ਦੇ ਵਾਲ ਕਟਾਉਣ ਵਾਲੀ ਗੱਲ ਬੇਬੇ ਲਈ ਅਸਹਿ ਸੀ।

'ਇਸ ਨਾਲੋਂ ਤਾਂ ਤੂੰ ਓਦਣ ਹੀ ਮਰ ਜਾਂਦਾ ਵੈਰੀਆ...ਕੀ ਕਹਿਣਗੇ ਲੋਕੀ ਕਿ ਕਾਲੀਆਂ ਦਾ ਸੀਤਾ ਵਾਲ ਮੁੰਨੀ ਫਿਰਦਾ ਏ। ਪਿਉ ਕੀ ਸੀ ਤੇ ਔਲਾਦ ਕੀ ਨਿਕਲੀ ?' ਬੇਬੇ ਰੋਣ ਦੀ ਅਵਾਜ਼ ਵਿਚ ਕਹਿ ਰਹੀ ਸੀ।

ਮੈਂ ਆਪ ਬੜਾ ਪਰੇਸ਼ਾਨ ਸਾਂ। ਵੀਰੇ ਨੇ ਬੇਬੇ ਦੇ ਸਿੱਖੀ ਮਨ ਨੂੰ ਠੇਸ ਪੁਚਾ ਕੇ ਠੀਕ ਨਹੀਂ ਸੀ ਕੀਤਾ। ਰੋਂਦੀ-ਰੋਂਦੀ ਬੇਬੇ ਥੱਕ ਗਈ ਤੇ ਗੁੰਮ-ਸੁੰਮ ਹੋ ਕੇ ਬੈਠ ਗਈ।

ਸ਼ਾਮੀਂ ਵੀਰਾ ਘਰ ਆ ਵੜਿਆ। ਉਹ ਆਪਣੀ ਪਗੜੀ ਵੀ ਕਿਧਰੇ ਬਾਹਰ ਛੱਡ ਆਇਆ ਸੀ। ਉਸ ਦੇ ਘੋਨ-ਮੋਨ ਸਿਰ ਵਲ ਵੇਖ ਕੇ ਬੇਬੇ ਦੀਆਂ ਅੱਖਾਂ ਵਿਚ ਖੂਨ ਉਤਰ ਆਇਆ :

'ਬਾਹਰ ਹੋ ਜਾ ਘਰ ਤੋਂ ਮੈਂ ਕਹਿੰਦੀ ਹਾਂ.. ਤੂੰ ਮੈਨੂੰ ਆਪਣੀ ਭੈੜੀ ਸ਼ਕਲ ਨਾ ਦਿਖਾ ਪਾਪੀਆ...ਤੇਰੇ ਲਈ ਇਸ ਘਰ ਦੇ ਦਰਵਾਜ਼ੇ ਸਦਾ ਲਈ ਬੰਦ ਹੋ ਗਏ .. ਕਿਸੇ ਖੂਹ-ਖਾਤੇ ਡੁੱਬ ਮਰ ਦੋਜ਼ਖ਼ੀਆ...ਮੈਂ ਕਹਿੰਦੀ ਹਾਂ ਬਾਹਰ ਹੋ ਜਾ ਘਰ ਤੋਂ।'

ਵੀਰਾ ਉਨ੍ਹੀਂ ਪੈਰੀਂ ਬਾਹਰ ਨਿਕਲਿਆ ਤੇ ਬਿਨਾਂ ਬੋਲੇ ਸਾਮ੍ਹਣੇ ਵਾਗਲੇ ਦੀ ਕੰਧ ਤੋਂ ਲੱਤਾਂ ਲਮਕਾ ਕੇ ਬੈਠ ਗਿਆ।

ਰੋਟੀ ਬਣਾਉਂਦੀ ਬੇਬੇ ਰੋਂਦੀ ਰਹੀ। ਉਸ ਨੇ ਇਕ ਥਾਲੀ ਵਿਚ ਰੋਟੀ ਪਰੋਸੀ ਤੇ ਮੇਰੇ ਅੱਗੇ ਲਿਆ ਧਰੀ। ਆਪ ਉਵੇਂ ਹੀ ਅੰਦਰ ਵੜ ਕੇ ਮੰਜੇ ਤੇ ਜਾ ਲੇਟੀ। ਥਾਲੀ ਵਿਚ ਪਰੋਸੀ ਰੋਟੀ ਵਲ ਵੇਖਦਿਆਂ ਮੈਂ ਕਾਫ਼ੀ ਦੇਰ ਸੋਚੀਂ ਪਿਆ ਰਿਹਾ। ਫਿਰ ਉਠ ਕੇ ਅੰਦਰ ਵੇਖਿਆ। ਬੇਬੇ ਗੁਰੂਆਂ ਦੀਆਂ ਫੋਟੋਆਂ ਅੱਗੇ ਹੱਥ ਬੰਨ੍ਹੀਂ ਖੜ੍ਹੀ ਸੀ।

'ਬੇਬੇ, ਵੀਰੇ ਨੂੰ ਰੋਟੀ ?' ਮੈਂ ਕਿਹਾ।

'ਤੂੰ ਗੋਲੀ ਮਾਰ ਵੀਰੇ ਨੂੰ।' ਉਹ ਕੜਕੀ ਤੇ ਮੁੜ ਮੰਜੇ ਤੇ ਬਹਿ ਗਈ।

'ਤੂੰ ਰੋਟੀ ਨਹੀਂ ਖਾਣੀ ਤੂੰ ਵੀ ਨਾ ਖਾਹ...ਪਰ ਮੈਂ ਉਸ ਨੂੰ ਇਸ ਘਰ ਵਿਚ ਕਦੀ ਨਹੀਂ ਵੜਨ ਦਿਆਂਗੀ।'

'ਪਰ ਰੋਟੀ ਤਾਂ ਤੂੰ ਵੀ ਨਹੀਂ ਖਾਧੀ ਬੇਬੇ।' ਮੈਂ ਕਿਹਾ ਤੇ ਥਾਲੀ ਉਵੇਂ ਛੱਡ ਬਾਹਰ ਆ ਗਿਆ। ਕਾਫ਼ੀ ਹਨੇਰਾ ਹੋ ਗਿਆ ਸੀ ਪਰ ਵੀਰਾ ਉਵੇਂ ਕੰਧ ਤੇ ਲੱਤਾਂ ਲਮਕਾਈ ਬੈਠਾ ਸੀ।

'ਬੇਬੇ, ਚੱਲ ਐਡੀ ਕਿਹੜੀ ਆਫ਼ਤ ਆ ਗਈ। ਉਹਨੇ ਵਾਲ ਨਹੀਂ ਰੱਖਣੇ ਨਾ ਰੱਖੇ। ਤੂੰ ਐਵੇਂ ਹੀ ਆਪਣਾ ਮਨ ..।'

ਪਰ ਬੇਬੇ ਵਿਚੋਂ ਬੋਲ ਪਈ, 'ਤੂੰ ਵੀ ਮੁਨਾਇਆ ਜਾ ਕੇ। ਬਹੁਤਾ ਹਿਮੈਤੀ ਬਣਦੈ ਉਹਦਾ। ਜਾਉ। ਦੋਨੋਂ ਜਾਉ। ਮੈਨੂੰ ਨਹੀਂ ਲੋੜ ਕਿਸੇ ਦੀ।'

ਮੈਂ ਅੰਦਰ ਆ ਕੇ ਮੰਜੇ ਤੇ ਲੇਟ ਗਿਆ ਤੇ ਆਪਣੀਆਂ ਅੱਖਾਂ ਬਾਂਹ ਨਾਲ ਢੱਕ ਲਈਆਂ। ਘੰਟਾ ਭਰ ਉਵੇਂ ਲੰਘ ਗਿਆ।

ਬੇਬੇ ਉੱਠ ਕੇ ਮੇਰੇ ਕੋਲ ਆਈ ਤੇ ਬੋਲੀ :

'ਜੇ ਤੁਹਾਡਾ ਪਿਉ ਜਿਉਂਦਾ ਹੁੰਦਾ ਤਾਂ ਇਵੇਂ ਕਰਦੇ ? ਜੇ ਉਹ ਬਾਗੀ ਹੋ ਗਿਆ ਤੂੰ ਵੀ ਉਸੇ ਲਾਇਨ ਦੇ ਚੱਲੇਂਗਾ ? ਤੁਸੀਂ ਦੋਨੋਂ ਬਦਲੇ ਜੰਮ ਪਏ ਮੇਰੇ।'

ਪਰ ਮੈਂ ਉਵੇਂ ਅੱਖਾਂ ਤੇ ਬਾਂਹ ਰੱਖੀ ਪਿਆ ਰਿਹਾ। ਬੇਬੇ ਪਹਿਲਾਂ ਬਾਹਰ ਵੱਲ ਗਈ ਫਿਰ ਮੇਰੇ ਕੋਲੋਂ ਲੰਘ ਅੰਦਰਲੇ ਕਮਰੇ 'ਚ ਚਲੀ ਗਈ ਪਰ ਛੇਤੀ ਹੀ ਫਿਰ ਮੇਰੇ ਕੋਲ ਆ ਖੜ੍ਹੀ। ਮੇਰੀ ਬਾਂਹ ਪਾਸੇ ਖਿੱਚਦੀ ਬੋਲੀ :

'ਚੱਲ ਉੱਠ, ਖਾਹ ਰੋਟੀ ਮੈਂ ਵੀ ਖਾਂਦੀ ਹਾਂ।'

ਅਣਮੰਨੇ ਜਿਹੇ ਮਨ ਨਾਲ ਮੈਂ ਉੱਠ ਕੇ ਬੈਠ ਗਿਆ। ਬੇਬੇ ਨੇ ਪਹਿਲੀ ਬੁਰਕੀ ਤੋੜੀ ਤੇ ਮੂੰਹ 'ਚ ਪਾ ਲਈ। ਪਰ ਬੁਰਕੀ ਉਸ ਦੇ ਮੂੰਹ 'ਚ ਫੁੱਲ ਰਹੀ। ਉਸ ਨੇ ਪਾਣੀ ਦਾ ਗਿਲਾਸ ਚੁੱਕ ਕੇ ਘੁੱਟ ਭਰਿਆ ਤੇ ਰੋਣ ਲੱਗ ਪਈ :

'ਜਾਹ, ਸੱਦ ਲਿਆ ਡੁੱਬ ਜਾਣੇ ਨੂੰ ਅੰਦਰ। ਹੈ ਤਾਂ ਪੁੱਤ ਹੀ। ਇਸੇ ਢਿੱਡ ਦੀ ਜਾਈ ਗੰਦੀ ਔਲਾਦ। ਲਿਆ ਜਾਹ ਬੁਲਾ ਕੇ ਅੰਦਰ।'

ਮੈਂ ਉੱਠ ਕੇ ਬਾਹਰ ਗਿਆ। ਇੱਧਰ-ਉੱਧਰ ਵੇਖਿਆ ਪਰ ਵੀਰਾ ਕਿਤੇ ਨਹੀਂ ਸੀ।

'ਉਹ ਪਤਾ ਨਹੀਂ ਕਿੱਥੇ ਚਲਾ ਗਿਆ।' ਗੇਟ ਵਿਚ ਖੜ੍ਹੀ ਬੇਬ ਨੂੰ ਮੈਂ ਕਿਹਾ।

ਉਹ ਘਬਰਾ ਗਈ ਤੇ ਬੋਲੀ, 'ਪਾਪੀ, ਕਿਧਰੇ ਹੋਰ ਨਾ ਜਾਹ-ਜਾਂਦੀ ਕਰ ਲਵੇ। ਤੂੰ ਆਪਣੇ ਤਾਏ ਹੋਣਾਂ ਨੂੰ ਸੱਦ।'

ਮੈਂ ਤਾਏ ਹੋਣਾਂ ਦੇ ਘਰ ਵੱਲ ਦੌੜਿਆ ਤੇ ਅਸੀਂ ਸਾਰਿਆਂ ਨੇ ਵੀਰੇ ਦੀ ਭਾਲ ਸ਼ੁਰੂ ਕਰ ਦਿੱਤੀ। ਪਿੰਡ ਦੇ ਜਿਸ ਬੰਦੇ ਨੂੰ ਪਤਾ ਲੱਗੀ ਜਾਂਦਾ ਉਹ ਤਲਾਸ਼ ਕਰਦੀ ਭੀੜ ਨਾਲ ਹੋ ਤੁਰਦਾ। ਕਿਸੇ ਨੇ ਦਸਿਆ ਕਿ ਉਸ ਨੇ ਇਕ ਰੋਡੇ ਜਿਹੇ ਬੰਦੇ ਨੂੰ ਨਹਿਰ ਵਲ ਜਾਂਦੇ ਵੇਖਿਆ ਹੈ ਤਾਂ ਸਾਰੇ ਨਹਿਰ ਵੱਲ ਦੌੜ ਲਏ। ਕਿਸੇ ਹੋਰ ਨੇ ਕਿਹਾ ਕਿ ਸ਼ਾਮੀਂ ਕੋਈ ਬੰਦਾ ਖੂਹ ਦੀ ਮੌਣ ਤੇ ਚੜ੍ਹਿਆ ਬੈਠਾ ਸੀ ਤਾਂ ਪਿੰਡ ਦੇ ਖੂਹ ਵਿਚ ਕੁੰਡਾ ਘੁੰਮਣ ਲੱਗਾ। ਕਿਸੇ ਨੇ ਰੇਲਵੇ ਸਟੇਸ਼ਨ ਵੱਲ ਦੌੜਾ ਦਿੱਤੇ। ਖੱਜਲ-ਖੁਆਰੀ ਵਿਚ ਸਾਰੀ ਰਾਤ ਲੰਘ ਗਈ। ਬੇਬੇ ਨੂੰ ਲਗਾਤਾਰ ਗਸ਼ੀਆਂ ਪੈ ਰਹੀਆਂ ਸਨ।

ਦਿਨ ਚੜ੍ਹਿਆ ਤਾਂ ਰਿਸ਼ਤੇਦਾਰੀਆਂ ਵਿਚ ਬੰਦੇ

ਦੌੜਾਏ ਗਏ। ਪਰ ਵੀਰੇ ਦੀ ਕੋਈ ਉੱਘ-ਸੁੱਘ ਨਾ ਮਿਲ ਸਕੀ। ਘਰ ਵਿਚ ਸੋਗ ਵਧਦਾ ਚਲਾ ਗਿਆ। ਖ਼ਬਰ ਲੈਣ ਆਏ ਬੰਦਿਆਂ ਦਾ ਝੁਰਮਟ ਲੱਗਾ ਰਿਹਾ।

'ਮੁੜ ਆ ਵੇ ਮੇਰਿਆ ਹੀਰਿਆ . ਤੂੰ ਕਿੱਥੇ ਛੁਪ ਗਿਆ ਵੇ ਤੇਰੇ ਬਾਝੋਂ ਤਾਂ ਅਸੀਂ ਕੱਖ ਦੇ ਨਹੀਂ ਵੇ ਮੇਰਿਆ ਪੁੱਤਾ।' ਬੇਬੇ ਦੀਆਂ ਲੇਰਾਂ ਹਰ ਕਿਸੇ ਨੂੰ ਰੁਲਾ ਰਹੀਆਂ ਸਨ। ਬੇਬੇ ਦੀਆਂ ਹੰਝੂਆਂ ਤੋਂ ਸੱਖਣੀਆਂ ਅੱਖਾਂ ਪਥਰਾਈਆਂ ਹੋਈਆਂ ਸਨ ਤੇ ਵਾਲ ਖਿੰਡੇ ਹੋਏ ਸਨ। ਪਿੱਟਦੀ-ਪਿੱਟਦੀ ਪਿੱਛੇ ਵੱਲ ਡਿੱਗ ਪੈਂਦੀ। ਦੰਦ ਜੁੜ ਜਾਂਦੇ ਤੇ ਬੁੜ੍ਹੀਆਂ ਚਮਚਿਆਂ ਨਾਲ ਉਸ ਦੀ ਦੰਦਲ ਖੋਹਲਦੀਆਂ। ਦੂਜਾ ਦਿਨ ਤੇ ਫਿਰ ਤੀਜਾ ਦਿਨ ਇਸੇ ਤਰ੍ਹਾਂ ਲੰਘ ਗਿਆ। ਬੇਬੇ ਦੀ ਹਾਲਤ ਖ਼ਰਾਬ ਹੁੰਦੀ ਚਲੀ ਗਈ।

ਪਰ ਤੀਜੇ ਦਿਨ ਵੀਰੇ ਦਾ ਖ਼ਤ ਆ ਗਿਆ। ਉਹ ਘਰੋਂ ਰੇਲਵੇ ਸਟੇਸ਼ਨ ਤੇ ਚਲਾ ਗਿਆ ਸੀ ਤੇ ਰਾਤ ਦੀ ਗੱਡੀ ਫੜ ਕੇ ਲੁਧਿਆਣੇ ਜਾ ਪਹੁੰਚਿਆ ਸੀ। ਫਿਰ ਅਗਲੇ ਦਿਨ ਹੀ ਫ਼ੌਜ ਵਿਚ ਭਰਤੀ ਹੋ ਕੇ ਮੇਰਠ ਨੂੰ ਰਵਾਨਾ ਹੋ ਗਿਆ ਸੀ।

'ਤੇਰਾ ਧੱਕਾ ਮੈਨੂੰ ਲੋਟ ਆ ਗਿਆ, ਬੇਬੇ।' ਉਸ ਦੀ ਚਿੱਠੀ ਸੁਣਦਿਆਂ ਬੇਬੇ ਰੋ ਵੀ ਰਹੀ ਸੀ ਤੇ ਹੱਸ ਵੀ ਰਹੀ ਸੀ।

ਕੁਝ ਦੇਰ ਅੰਦਰ ਬੈਠਣ ਮਗਰੋਂ ਮੈਂ ਵੀ ਬਾਹਰ ਵੀਰੇ ਕੋਲ ਆ ਬੈਠਿਆ। ਉਹ ਆਪਣੀ ਯੂਨਿਟ ਦੀਆਂ ਗੱਲਾਂ ਬੜੇ ਮਿਰਚ ਮਸਾਲੇ ਲਾ ਕੇ ਸੁਣਾ ਰਿਹਾ ਸੀ। ਬਚੇ ਉਸ ਦੇ ਮੋਢਿਆਂ ਤੇ ਚੜ੍ਹੇ ਬੈਠੇ ਉਸ ਦੀ ਦਾੜ੍ਹੀ ਦੇ ਨਿਕੇ-ਨਿਕੇ ਵਾਲਾਂ ਤੇ ਹੱਥ ਫੇਰ-ਫੇਰ ਹੱਸ ਰਹੇ ਸਨ।

ਫਿਰ ਵੀਰਾ ਉਠਿਆ ਤੇ ਅੰਦਰ ਜਾ ਕੇ ਬਿਸਤਰ ਬੰਨ੍ਹ ਖੋਹਲ ਲਿਆ। ਕਾਪੀਆਂ, ਪੈਂਸਿਲਾਂ, ਰੈਕਟ, ਬਾਲਾਂ ਤੇ ਹੋਰ ਨਿੱਕੇ-ਮੋਟੇ ਖਿਡੌਣਿਆਂ ਦਾ ਢੇਰ ਲਾ ਦਿੱਤਾ। ਫਿਰ ਰੱਮ ਦੀਆਂ ਬੋਤਲਾਂ ਵਾਲਾ ਬਕਸਾ ਖੋਹਲ ਕੇ ਬੋਤਲਾਂ ਅਲਮਾਰੀ ਵਿਚ ਚਿਣ ਦਿੱਤੀਆਂ। ਇਕ ਬੋਤਲ ਅਤੇ ਦੋ ਗਿਲਾਸ ਚੁੱਕਦਾ ਹੋਇਆ ਕਹਿਣ ਲੱਗਾ:

'ਚੱਲ ਬਈ, ਕਰੀਏ ਸ਼ੁਰੂ।'

ਜਿੰਨਾ ਚਿਰ ਵੀਰਾ ਛੁੱਟੀ ਤੇ ਰਹਿੰਦਾ ਹੈ। ਪੀਣ ਦੇ ਬਹੁਤ ਘੱਟ ਨਾਗੇ ਪੈਂਦੇ ਹਨ। 'ਰੱਮ ਮੈਨੂੰ ਮਾਫ਼ਕ ਨਾ ਹੋਣ ਕਰਕੇ ਮੇਰਾ ਮੱਕੂ ਸੈਟ ਹੋਣ ਵਿਚ ਨਹੀਂ ਆਉਂਦਾ। ਕਬਜ਼ ਹੁੰਦੀ ਹੈ। ਦਵਾਈ ਲੈਂਦਾ ਹਾਂ ਤਾਂ ਟੱਟੀਆਂ ਲੱਗ ਜਾਂਦੀਆਂ ਹਨ। ਫਿਰ ਦਵਾਈ ਲੈਂਦਾ ਹਾਂ ਤਾਂ ਕਬਜ਼ ਹੋ ਜਾਂਦੀ ਹੈ। ਪੇਟ ਵਿਚ ਬੱਦਲ ਘੋਰਦੇ ਰਹਿੰਦੇ ਹਨ।

ਅਸੀਂ ਵਿਹੜੇ ਵਿਚ ਬਹਿ ਕੇ ਰੱਮ ਪੀਣ ਲੱਗੇ ਤਾਂ ਬੇਬੇ ਇਕ ਡੱਬੀਆਂ ਵਾਲਾ ਪਰਨਾ ਲੈ ਆਈ ਤੇ ਵੀਰੇ ਨੂੰ ਫੜਾਉਂਦੀ ਬੋਲੀ:

'ਲੈ ਵੇ ਸਿਰ ਤੇ ਲਪੇਟ ਲੈ...ਨੰਗੇ ਸਿਰ ਨਾ ਬੈਠਿਆ ਕਰ।'

'ਕਿਉਂ ਕੌਂ ਨੂੰਗ ਮਾਰ ਜਾਊ।' ਵੀਰਾ ਪਰਨਾ ਫੜ੍ਹਕੇ ਹਸਦਾ ਬੋਲਿਆ।'

'ਪਤੌੜ੍ਹ ਬਣਾ ਲਵੋ ਬਈ ਥੋੜ੍ਹੇ ਜਿਹੇ।' ਵੀਰੇ ਨੇ ਕਿਹਾ ਹੀ ਸੀ ਕਿ ਬੇਬੇ ਬੋਲੀ:

'ਨੀ ਬਹੂ . ਅੰਦਰ ਦੇਖ ਤਾਂ ਕੁੱਜੇ 'ਚ ਕਰਿਆਟੀ ਕਿੰਨੀ ਕੁ ਆ ?"

ਫਿਰ ਰੋਜ਼ ਸਾਡੇ ਦਿਨ ਵਿਆਹ ਵਾਂਗ ਬੀਤਣ ਲੱਗੇ। ਮੇਰੇ ਸਕੂਲ ਜਾਣ ਮਗਰੋਂ ਵੀਰਾ ਪਿੰਡ ਦਾ ਗੇੜਾ ਦਿੰਦਾ। ਸਾਰੇ ਉਸ ਦੀਆਂ ਗੱਲਾਂ ਸੁਣਨ ਲਈ ਉਸ ਨੂੰ ਉਡੀਕਦੇ ਰਹਿੰਦੇ। ਉਹ ਹਰੀਏ ਪੰਡਤ ਦੇ ਦਰ 'ਚ ਖੜ੍ਹ ਕੇ ਹਾਕ ਮਾਰਦਾ:

'ਏ ਤਾਈ...ਘਰੇ ਈ ਓ...ਧਰਿਆ ਕੋਈ ਮੁਰਗਾ-ਮਰਗਾ ਅੱਜ, ਕਿ ਮੂੰਗੀ ਦੀ ਦਾਲੇ ਈ ਖਾਂਦੇ ਓ ? ਅੱਜ-ਕੱਲ੍ਹ ਤਾਂ ਦੁਨੀਆਂ ਦੇ ਸਾਰੇ ਬਾਮ੍ਹਣ ਖਾਣ ਲੱਗ ਪਏ।'

ਹਰੀਏ ਦੀ ਘਰ ਵਾਲੀ ਬਾਹਰ ਨਿਕਲਦੀ ਤੇ ਕਹਿੰਦੀ:

'ਵੇ ਆ ਜਾ ਸੀਤਿਆ.. ਹੁਣ ਤਾਂ ਤੂੰ ਵੀ ਬਾਮ੍ਹਣ ਹੀ ਲਗਦੈਂ ਦੇਖਣ ਨੂੰ...ਬਹੁਤਾ ਬਾਹਰ-ਅੰਦਰ ਨਾਂ ਜਾਈ...ਵੇ ਆਹ ਚੰਦਰੀ ਵਾਅ ਜਿਹੀ ਵਗੀ ਹੋਈ ਆ... ਅਖੇ ਰੋਡੇ-ਰੋਡੇ ਬੱਸ 'ਚੋਂ ਲਾਹ ਕੇ ਮਾਰ ਦਿੱਤੇ।'

'ਇਹ ਸਾਜ਼ਸ਼ਾਂ ਨੇ ਤਾਈ...ਭਲਾ ਇਉਂ ਰੋਡੇ-ਸਿੱਖ ਵੈਰੀ ਬਣ ਜਾਣਗੇ ਇਕ ਦੂਜੇ ਦੇ ? ਜਿਨ੍ਹਾਂ ਨੇ ਰੋਡਿਆਂ ਨੂੰ ਥੱਲੇ ਲਾਹ ਕੇ ਮਾਰਿਐ ਕੱਲ-ਕਲੈਂਤਰ ਉਨ੍ਹਾਂ ਨੇ ਹੀ ਸਿੱਖਾਂ ਨੂੰ ਹੇਠ ਲਾਹ ਕੇ ਮਾਰ ਦੇਣਾ ਏਂ। ਬੱਸ ! ਇਹਦੇ ਪਿੱਛੇ ਹੀ ਸਾਰੀ ਗੱਲ ਛੁਪੀ ਹੋਈ ਏ ਜਿਹੜੀ ਨਾਂ ਮੈਨੂੰ ਸਮਝਾਉਣੀ ਆਉਂਦੀ ਏ ਤੇ ਨਾ ਤੈਨੂੰ ਸਮਝਣੀ। ਚੰਗਾ...ਚਾਹ ਧਰ।"

ਉਹ ਮਜ਼੍ਹਬੀਆਂ ਦੇ ਮਹੱਲੇ ਵਿਚ ਜਾ ਕੇ ਹਾਕ ਮਾਰਦਾ।

"ਕਰਮੂੰ ਵੀਰਿਆ...ਸਾਰਾ ਦਿਨ ਅੰਦਰੇ ਵੜਿਆ ਗੁੜ-ਗੁੜ ਕਰਦਾ ਰਹਿਨੈਂ ਕੁੜਕ ਮੁਰਗੀ ਆਂਗੂੰ . ਕਦੀ ਨੁਕਲ...ਪਾਣੀ ਵੀ ਕਰ ਲਿਆ ਕਰ।"

"ਆ ਜਾ-ਕਰ ਲੈਂਦੇ ਆਂ ਸ਼ੁਗਲ-ਪਾਣੀ। ਪਰ ਸਾਡੀ ਖੱਟੀ ਦਾਰੂ ਤੇਰੇ ਕਿੱਥੋਂ ਲੰਘਣ ਲੱਗੀ। ਜਿਹੜਾ ਰੱਮ ਪੀਣ ਗਿੱਝਿਆ ਵਿਆ ਏਂ।"

ਕਰਮੂੰ ਦੀ ਅਵਾਜ਼ ਸੁਣ ਕੇ ਉਹ ਅੰਦਰ ਲੰਘ ਜਾਂਦਾ ਤੇ ਖੱਦਰ ਦੇ ਗਿਲਾਸਾਂ ਵਿੱਚ ਉਹ ਦਾਰੂ ਪੀਂਦੇ। ਅਚਾਰ ਦੀਆਂ ਫਾੜੀਆਂ ਟੁੱਕਦੇ। ਅਗਲੇ ਦਿਨ ਕਰਮੂ

ਰੱਮ ਪੀਣ ਘਰ ਆ ਜਾਂਦਾ। ਉਹ ਆਪ ਇੱਕ ਕੌਲੀ ਵਿੱਚ ਸਬਜ਼ੀ ਪਾ ਲੈਂਦੇ ਤੇ ਮੇਰੀ ਕੌਲੀ ਅੱਡ ਕਰਕੇ ਵੀਰਾ ਕਹਿੰਦਾ:

"ਲੈ ਬਈ ਕਰਮੂ ਨਸ਼ੇ ਵਿੱਚ ਪਰਲੀ ਕੌਲੀ 'ਚ ਡੋਬਾ ਨਾ ਲਾ ਲਵੀਂ। ਨਹੀਂ ਤਾਂ ਕੰਜਰਾ ਸਭ ਕੁਝ ਭਿੱਟ ਦੇਵੇਂਗਾ ਤੇ ਜੁੱਤੀਆਂ ਮਾਰ ਕੇ ਤੈਨੂੰ ਬੇਬੇ ਬਾਹਰ ਕੱਢੂ।"

ਫਿਰ ਉਹ ਪੀਂਦੇ ਜਾਂਦੇ। ਮੈਂ ਆਪਣਾ ਉਹੀ ਪੈਗ ਫੜੀ ਸੋਚਦਾ ਰਹਿੰਦਾ ਕਿ ਆਪਣੀ ਕੌਲੀ ਵਾਲੀ ਸਬਜ਼ੀ ਉਹਨਾਂ ਵਾਲੀ ਵਿਚ ਉਲੱਦ ਕੇ ਨਾਲ ਹੀ ਖਾਣ ਲੱਗ ਪਵਾਂ। ਪਰ ਅਜਿਹਾ ਮੈਥੋਂ ਕਦੀ ਹੋ ਨਾ ਸਕਦਾ। ਕਰਮੂ ਦੇ ਜਾਣ ਮਗਰੋਂ ਬੇਬੇ ਕਹਿੰਦੀ:

'ਵੇ ਸੀਤਿਆ ਤੂੰ ਤਾਂ ਆਪਣਾ ਦੀਨ-ਭ੍ਰਸ਼ਿਟ ਕਰੀ ਫਿਰਦੈਂ। ਇੱਕੋ ਕੌਲੀ ਵਿੱਚ ਭਾਜੀ ਪਾ ਲਈ। ਲੋਹੜਾ ਹੀ ਆ ਗਿਆ।"

ਤਾਂ ਵੀਰਾ ਉਂਗਲ ਉੱਤੇ ਵੱਲ ਚੁੱਕ ਕੇ ਕਹਿੰਦਾ:

"ਏਕ ਪਿਤਾ ਤਿਸ ਕੇ ਹਮ ਬਾਰਕ ਬੇਬੇ ਅਸੀਂ ਮਿਲਟਰੀ ਵਿੱਚ ਵੀਹ-ਵੀਹ ਜਣੇ ਗੋਲ ਦਾਇਰਾ ਬਣਾ ਕੇ ਖੜ੍ਹੇ ਹੋ ਜਾਂਦੇ ਹਾਂ। ਚਾਹ ਦਾ ਮੱਗ ਭਰਕੇ ਪਹਿਲਾ ਘੁੱਟ ਭਰਦਾ ਹੈ ਤੇ ਦੂਜੇ ਨੂੰ ਫੜਾ ਦਿੰਦਾ ਹੈ। ਦੂਜਾ ਘੁੱਟ ਭਰਕੇ ਤੀਜੇ ਨੂੰ ਤੇ ਤੀਜਾ ਚੌਥੇ ਨੂੰ ਇਸ ਤਰ੍ਹਾਂ ਮੱਗ ਗੇੜਾ ਕੱਢ ਕੇ ਫਿਰ ਪਹਿਲੇ ਕੋਲ ਆ ਜਾਂਦਾ ਹੈ। ਬੇਬੇ...ਅਸੀਂ ਸਾਰੇ ਮਨੁੱਖ ਹਾਂ ਮਨੁੱਖ...ਜਿਵੇਂ ਸਾਰੇ ਗਧੇ ਗਧੇ ਹੁੰਦੇ ਹਨ। ਸਾਰੇ ਕਾਂ ਕਾਂ ਹੁੰਦੇ ਹਨ, ਸਾਰੇ ਕੁੱਤੇ, ਕੁੱਤੇ ਹੁੰਦੇ ਹਨ। ਇਸੇ ਤਰ੍ਹਾਂ ਸਾਰੇ ਮਨੁੱਖ-ਮਨੁੱਖ ਹੁੰਦੇ ਹਨ। ਕਿਹੜਾ ਦੀਨ? ਕਿਹੜਾ ਧਰਮ? ਮੈਨੂੰ ਕੁਝ ਸਮਝ ਨਹੀਂ ਆਉਂਦੀ। ਆਪਾਂ ਡੰਗਰਾਂ ਨੂੰ ਇੱਕੋ ਖੁਰਲੀ ਵਿੱਚ ਪੱਠੇ ਪਾਉਂਦੇ ਹਾਂ ਉਹ ਚੁੱਪ ਚਾਪ ਖਾ ਲੈਂਦੇ ਹਨ। ਹੱਡਾ ਰੋੜੀ ਵਿੱਚ ਕੁੱਤੇ ਲੜਦੇ-ਭਿੜਦੇ ਨਹੀਂ। ਜੇ ਅਲੱਗ-ਅਲੱਗ ਬੁਰਕੀ ਸੁੱਟੋ ਤਾਂ ਹੀ ਝਗੜਾ ਹੁੰਦਾ ਹੈ। ਮਨੁੱਖ ਅਲੱਗ-ਅਲੱਗ ਖਾਂਦਾ ਏ ਨਾਂ, ਇਸੇ ਲਈ ਉਹ ਲੜਦਾ ਏ। ਮੈਂ ਤੈਨੂੰ ਇੱਕ ਗੱਲ ..।"

"ਤੂੰ ਜਾਣ ਦੇ ਵੇ ਮਾਰਨ ਲੱਗਿਐਂ ਉੱਘ ਦੀਆਂ ਪਤਾਲ...ਪੀ ਕੇ।' ਬੇਬੇ ਉਸ ਦੀ ਗੱਲ ਟੋਕ ਕੇ ਉਸ ਨੂੰ ਚੁੱਪ ਕਰਾ ਦਿੰਦੀ।

ਉਹ ਸੱਥ 'ਚ ਬੈਠੇ ਲੋਕਾਂ ਨੂੰ ਗਵਾਂਢੀ ਦੇਸ਼ਾਂ ਨਾਲ ਹੋਈਆਂ ਲੜਾਈਆਂ ਬਾਰੇ ਦੱਸਦਾ। ਕੋਈ ਉਸ ਨੂੰ ਪੁੱਛਦਾ:

' ਕਿਉਂ ਬਈ ਸੀਤੇ ਚੀਨੀ ਕਿੱਡੇ ਕਿੱਡੇ ਕੁ ਹੁੰਦੇ ਨੇ?"

"ਤੁਸੀਂ ਜੱਗੋ ਹੋਣਾਂ ਦੇ ਗਠੇ ਨਹੀਂ ਦੇਖੇ? ਬੱਸ ਉਂਨੇ-ਉਂਨੇ ਕੁ। ਸਹੁਰੀ ਦੇ ਰੁੜ੍ਹਕੇ ਬੰਦੇ ਦੇ ਪੈਰਾਂ 'ਚ ਆ ਵੜਨਗੇ। ਪਤਾ ਹੀ ਨੀ ਲਗਦਾ। ਇਕ ਚੀਨੀ ਲੜਾਈ ਸਮੇਂ ਉਵੇਂ ਰੁੜ੍ਹਦਾ-ਰੁੜ੍ਹਦਾ ਮੇਰੇ ਪੈਰਾਂ 'ਚ ਆ ਵੜਿਆ ਤੇ ਪਤਾ ਹੀ ਨਾ ਲੱਗਾ ਕਿ ਕਦੋਂ ਰਫ਼ਲ ਮੇਰੀ ਛਾਤੀ ਤੇ ਧਰ ਦਿੱਤੀ।

'ਫੇਰ ਕੀ ਹੋਇਆ?' ਲੋਕ ਉਤਸੁਕਤਾ ਨਾਲ ਪੁੱਛਦੇ।

'ਤੂੰ ਮੈਨੂੰ ਕਿਉਂ ਮਾਰਨ ਲੱਗਿਆ ਏਂ।' ਮੈਂ ਪੁੱਛਿਆ।

'ਜੇ ਮੈਂ ਤੈਨੂੰ ਨਾ ਮਾਰਿਆ ਤੂੰ ਮੈਨੂੰ ਮਾਰ ਦੇਵੇਂਗਾ।' ਉਹ ਹੱਸਿਆ।

'ਤੇਰੀ ਮਾਂ ਹੈ? ਪਤਨੀ ਹੈ? ਬੱਚੇ ਹਨ?' ਮੈਂ ਪੁੱਛਿਆ।

'ਆਹੋ ਹੈਗੇ।' ਉਹ ਬੋਲਿਆ।

'ਤੇ ਤੂੰ ਉਨ੍ਹਾਂ ਸਭਨਾਂ ਨੂੰ ਪਿਆਰ ਵੀ ਕਰਦਾ ਏਂ?'

'ਆਹੋ ਕਰਦਾ ਹਾਂ।' ਉਸ ਨੇ ਕਿਹਾ।

'ਤੇਰੇ ਵਾਂਗ ਹੀ ਮੇਰੀ ਮਾਂ ਹੈ, ਪਤਨੀ ਹੈ, ਬੱਚੇ ਹਨ। ਤੇ ਮੈਂ ਉਨ੍ਹਾਂ ਸਭਨਾਂ ਨੂੰ ਪਿਆਰ ਕਰਦਾ ਹਾਂ।'

'ਇਹ ਕੀ ਗੱਲ ਬਣੀ?' ਫੌਜੀ ਬੋਲਿਆ।

'ਇਹੀ ਤਾਂ ਗੱਲ ਏ ਜਿਹੜੀ ਦੇਸ਼ ਭਗਤਾਂ ਨੂੰ ਸਮਝ ਨਹੀਂ ਆਉਂਦੀ ਹੁੰਦੀ।' ਮੈਂ ਕਿਹਾ।

ਚੀਨੀ ਫੌਜੀ ਨੇ ਆਪਣੀ ਰਫਲ ਵਗਾਹ ਮਾਰੀ ਤੇ ਮੈਨੂੰ ਜੱਫੀ 'ਚ ਲੈ ਕੇ ਰੋਣ ਲੱਗ ਪਿਆ।

'ਝੂਠ...ਜਮ੍ਹਾਂ ਈ ਤੂਫ਼ਾਨ ਤੋਲਦੈ ਪਾਪੀ...ਕੋਈ ਸੱਚ ਨਾ ਮੰਨਿਓਂ.. ਮੈਨੂੰ ਤਾਂ ਇਹ ਵੀ ਝੂਠ ਲਗਦੈ ਬਈ ਇਹ ਲੜਾਈ 'ਚ ਗਿਆ ਹੋਊ।' ਦਫ਼ੇਦਾਰ ਚੰਨਣ ਸਿਉਂ ਉੱਚੀ-ਉੱਚੀ ਹੱਸਣ ਲਗਦਾ।

ਵੀਰਾ ਦੋਨੋਂ ਟਾਇਮ ਗੁਰਦੁਆਰੇ ਜ਼ਰੂਰ ਜਾਂਦਾ ਤੇ ਪਾਠ ਕਰਦਾ। ਦੁਪਹਿਰੇ ਉਹ ਬਗੀਚੀ ਵਾਲੇ ਮੰਦਰ 'ਚ ਚਲਾ ਜਾਂਦਾ। ਉਹ ਤੇ ਪੁਜਾਰੀ ਮੇਲਾ ਰਾਮ ਬਦਾਮ ਪਾ ਸਰਦਈ ਘੋਟਦੇ ਤੇ ਪੀਂਦੇ।

ਹੌਲੀ-ਹੌਲੀ ਵੀਰੇ ਦੀ ਦਾੜ੍ਹੀ-ਮੁੱਛ ਵਧ ਆਏ ਤੇ ਉਸਨੇ ਕੇਸਾਂ ਵਿਚ ਰਬੜ ਪਾ ਕੇ ਕਾਲੀ ਪਗੜੀ ਬੰਨਣੀ ਸ਼ੁਰੂ ਕਰ ਦਿੱਤੀ। ਬੇਬੇ ਉਸ ਵਲ ਵੇਖਦੀ ਕਹਿੰਦੀ:

'ਵੇਖ ਤਾਂ ਸੀਤਿਆ...ਹੁਣ ਕਿੰਨਾ ਸੁਹਣਾ ਲਗਦੈਂ, ਐਵੇਂ ਖਰਮੁੱਲਾ ਜਿਹਾ ਬਣੀਂ ਫਿਰਦਾ ਸੀ।'

ਵੀਰੇ ਦੀ ਛੁੱਟੀ ਦੇ ਦਿਨ ਪਰ ਲਾ ਕੇ ਉੱਡ ਗਏ ਤੇ ਉਹ ਦਿਨ ਚੜ੍ਹ ਆਇਆ ਜਦੋਂ ਮੁੜ ਸਾਰੇ ਪਰਵਾਰ ਨੇ ਉਦਾਸੀ ਵਿੱਚ ਡੁੱਬ ਜਾਣਾ ਸੀ।

ਵੀਰੇ ਨੇ ਚੁੱਪ-ਚਾਪ ਡਰੈਸ ਪਹਿਨੀ ਤੇ ਪਗੜੀ ਬੰਨ੍ਹ ਲਈ। ਫਿਰ ਬੇਬੇ ਨੂੰ ਕੋਲ ਸੱਦਦਾ ਬੋਲਿਆ:

'ਚੰਗਾ ਬੇਬੇ, ਸਾਰੇ ਜਣੇ ਇਕੱਠੇ ਹੋਵੋ, ਮਿਲ

ਲਈਏ। ਕਿਉਂਕਿ ਇਸ ਵਾਰੀ ਮੈਂ ਤੁਹਾਨੂੰ ਰੇਲਵੇ ਸਟੇਸ਼ਨ ਤੇ ਨਾਲ ਨਹੀਂ ਲੈ ਕੇ ਜਾਣਾ।'

'ਕਿਉਂ ਵੇ ਕੀ ਗੱਲ ?' ਬੇਬੇ ਬੋਲੀ।

'ਗੱਲ ਕੀ ਹੋਣੀ ਏਂ ? ਉਥੇ ਹਰ ਵਾਰੀ ਜਲੂਸ ਕੱਢਦੇ ਹੋ ?' ਮੈਨੂੰ ਲੱਗਾ ਜਿਵੇਂ ਵੀਰੇ ਨੇ ਮੂੰਹ ਦੀ ਗੱਲ ਫੜ ਲਈ ਹੋਵੇ।

'ਨਾ ਵੇ ਸੀਤਿਆ, ਮੈਂ ਤਾਂ ਜਾਊਂ।'

'ਤੈਨੂੰ ਸਹੁੰ ਲੱਗੇ ਜੇ ਜਾਵੇਂ !' ਵੀਰੇ ਨੇ ਕਿਹਾ ਤੇ ਬੇਬੇ ਅੱਖਾਂ ਭਰਕੇ ਰੋਣ ਲੱਗ ਪਈ।

ਵੀਰੇ ਦੀ ਸਹੁੰ ਅੱਗੇ ਬੇਬੇ ਝੁਕ ਗਈ। ਫਿਰ ਮਿਲਣੀਆਂ-ਗਿਲਣੀਆਂ ਤੇ ਰੋਣ-ਧੋਣ ਮੁਕਾ ਕੇ ਮੈਂ ਤੇ ਵੀਰੇ ਨੇ ਸਾਇਕਲ ਤੇ ਸਮਾਨ ਲੱਦਿਆ ਤੇ ਸਟੇਸ਼ਨ ਤੇ ਪਹੁੰਚ ਗਏ। ਪਲੇਟਫਾਰਮ ਤੇ ਸਮਾਨ ਰਖਵਾ ਕੇ ਉਹ ਬੋਲਿਆ :

'ਤੂੰ ਐਥੇ ਬੈਠ ਮੈਂ ਗੱਡੀ ਦਾ ਟਾਇਮ ਪਤਾ ਕਰ ਆਵਾਂ।'

ਪੱਚੀ-ਤੀਹ ਮਿੰਟਾਂ ਮਗਰੋਂ ਉਹ ਪਰਤਿਆ ਤਾਂ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਵੀਰੇ ਦੀ ਦਾਹੜੀ-ਮੁੱਛ ਸਫ਼ਾ-ਚੱਟ ਸੀ ਤੇ ਸਿਰ ਉਤੇ ਪਗੜੀ ਦੀ ਥਾਂ ਹਰੇ ਰੰਗ ਦੀ ਟੋਪੀ ਸੀ ਆਉਂਦਿਆਂ ਹੀ ਉਸ ਨੇ ਕੱਛ 'ਚ ਦਬੋਚੀ ਪਗੜੀ ਬੈਗ ਤੇ ਰੱਖ ਦਿੱਤੀ ਤੇ ਮੇਰੇ ਵੱਲ ਮੂੰਹ ਚੁਕਿਆ। ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ।

'ਤੂੰ ਘਰ ਜਾ ਕੇ ਨਾਂ ਦੱਸੀਂ। ਮੈਂ ਬੇਬੇ ਦਾ ਦਿਲ ਨਹੀਂ ਦੁਖਾਉਣਾ ਚਾਹੁੰਦਾ ਤੇ ਨਾਂ ਹੀ ਵਾਲ ਰੱਖਣੇ ਚਾਹੁੰਦਾ ਹਾਂ। ਹਿੰਦੂ ਜਾਂ ਸਿੱਖ ਹੋਣ 'ਚ ਕੋਈ ਗੱਲ ਨਹੀਂ। ਗੱਲ ਤਾਂ 'ਮਨੁੱਖ' ਬਣਨ 'ਚ। ਇਸ ਤੋਂ ਬਿਨਾਂ ਧਰਮ ਕੀ ਨੇ ? ਮੈਨੂੰ ਤਾਂ ਕੋਈ ਸਮਝ ਨਹੀਂ।

'ਸਮਝ ਤਾਂ ਮੈਨੂੰ ਵੀ ਨਹੀਂ !' ਬੈਂਚ ਤੇ ਬੈਠਿਆਂ ਮੇਰੀਆਂ ਅੱਖਾਂ 'ਚੋਂ ਹੰਝੂ ਉਮਡ ਆਏ ਤੇ ਆਪ-ਮੁਹਾਰੇ ਹੀ ਮੇਰੇ ਨਹੁੰ ਕਿਰਪਾਨ ਦੇ ਮਿਆਨ ਨੂੰ ਖੁਰਚਣ ਲੱਗ ਪਏ।

---

ਕਹਾਣੀ

# ਇਹ ਤਾਂ ਸ਼ੁਰੂਆਤ ਹੈ

**ਜਿੰਦਰ**

ਰੌਲਾ ਰੱਪਾ।

ਅਵਾਜ਼ਾਂ।

ਚੁੱਪ।

ਸੁੰਨ।

ਗੱਲ ਤੋਰੀ ਹੈ ਸਰਪੰਚ ਨੇ "ਹਾਂ ਬਈ ਦੁਮਣਾ—ਸੱਚ ਸੱਚ ਦਸੀਂ" ਭੂਮਿਕਾ ਬੰਨਣ ਲਈ। ਕਿਉਂ ? ਸਰਪੰਚ ਜਿਉਂ ਹੈ ਉਹ। ਬੱਸ ਇਸੇ ਕਰਕੇ ਈ। ਨਹੀਂ ਤਾਂ ਉਸ ਮਜ਼ਬੀਆਂ ਤੋਂ ਕੀ ਲੈਣਾ। ਵੋਟਾਂ। ਯਾਨੀ ਕਿ ਗੁੱਪਤ ਸਾਜ਼ਿਸ਼। ਚੰਗੀ ਤਰ੍ਹਾਂ ਜਾਣਦਾ ਹੈ ਉਹ ਇਸ ਗੱਲ ਨੂੰ। ਵੋਟਾਂ ਕਿਦਾਂ ਲੈਈਦੀਆਂ ਹਨ। ਚਾਰ ਦਿਨ ਸ਼ਰਾਬ ਪੀਲਾਤੀ ਜਾਂ ਉਧਾਰ ਪਰ ਸਨੇ ਵਿਆਜ਼ ਦਾਨਿਆਂ ਦੀ ਬੋਰੀ ਚੁੱਕਾਤੀ ਜਾਂ ਖੁੱਲਾ ਲੰਗਰ ਲਾਤਾ —ਫੇਰ ਕੀ ਆ—ਮਜ਼ਬੀਆਂ ਤੋਂ ਭਾਵੇਂ ਵੋਟਾਂ ਲਵੋ ਜਾਂ ਖ਼ੂਨ ਕਰਾ ਲਵੋ। ਨਿਕਲ ਚਲਿਆ ਸੀ ਉੱਝ ਤਾਂ ਉਹ ਸ਼ਹਿਰ ਨੂੰ ਇਹ ਕਹਿ ਕੇ ਸ਼ੰਕਰ ਪੰਚ ਨੂੰ "ਜਿਦਾਂ ਹੋਇਆ ਨਬੇੜ ਦਈਂ—ਮੇਰੇ ਬਿਨਾਂ ਵੀ ਸਰ ਸਕਦਾ—ਨਾਲੇ ਮੇਰੀ ਕਿੰਨੀ ਕੁ ਲੋੜ ਆ—ਇਹ ਕਿਹੜਾ ਜ਼ਰੂਰੀ ਮਕਦਮਾ" ਪਰ ਰੋਕ ਲਿਆ ਸੀ ਸ਼ੰਕਰ ਨੇ ਇਹ ਕਹਿ "ਇਸ ਨਾਲ ਤਾਂ ਪੰਚਾਇਤ ਦੀ ਬੇਇਜ਼ਤੀ ਹੋਊ।"

"ਹਾਂ ਬਈ ਦਸ" ਜੋਗਿੰਦਰ ਸਿੰਘ ਪੰਚ ਵੀ ਬੋਲਦਾ ਹੈ। ਪੋਲਾ ਜਿਹਾ ਮੂੰਹ ਬਣਾ ਕੇ ਜਿਵੇਂ ਉਸਨੂੰ ਇਸ ਗੱਲ ਦੀ ਉਕਾ ਈ ਸੂਅ ਤਕ ਨਾ ਹੋਵੇ।

ਭਲਾ ਸੂਅ ਵਾਲੀ ਕਿਹੜੀ ਗੱਲ ਰਹਿ ਜਾਂਦੀ ਹੈ ! ਤੇ ਉਹ ਵੀ ਇਸ ਘਟਨਾ ਵਰਗੀ। ਤਮਾਸ਼ਾ ਬਣ ਜਾਂਦਾ ਹੈ। ਲੋਕਾਂ ਲਈ। ਆਪਣੇ ਲਈ ਵੀ।

ਪੈਰੋਂ ਜੁੱਤੀ ਲਾਹੁੰਦਾ ਹੈ ਦੁਮਣ। ਸਿੰਜੀ ਹੋਈ ਮੱਕੀ ਦੇ ਟਾਂਡੇ ਵਾਂਗੂ ਝੂਲਦਾ ਹੋਇਆ। ਸਾਫੇ ਨੂੰ ਮੋਢਿਆਂ ਤੇ ਸਾਵਾਂ ਕਰਦਾ ਹੈ ਤੇ ਹੱਥ ਜੋੜ ਆਪਣੀ ਬਰਾਦਰੀ ਚੋਂ ਅਗਾਂਹ ਆਉਂਦਾ ਹੈ। ਪਹਿਲਾਂ ਸਰਪੰਚ ਵਲ ਦੇਖਦਾ ਹੈ। ਫੇਰ ਨਜ਼ਰਾਂ ਕੁਰਸੀ ਤੇ ਬੈਠੇ ਵਿੰਦਰ ਤੇ ਕੇਂਦ੍ਰਿਤ ਹੋ ਉਠਦੀਆਂ ਹਨ। ਮੱਚ ਉਠਦਾ ਹੈ ਸਾਰੇ ਦਾ ਸਾਰਾ ਉਹ। ਵਿੰਦਰ ਵੀ ਉਸ ਵਲ਼ ਸਿੱਧਾ ਈ ਦੇਖੀਂ ਜਾ ਰਿਹਾ ਸੀ। ਸ਼ਰਮ ਨਾਲ ਨਹੀਂ। ਸਗੋਂ ਆਕੜ ਨਾਲ। ਜਿਵੇਂ ਕਹਿ ਰਿਹਾ ਹੋਵੇ। ਮੈਂ ਜ਼ਮੀਨ ਵਾਲਾ। ਜਾਇਦਾਦ ਵਾਲਾ। ਲਾਨੇ ਵਾਲਾ। ਇਸ ਨਾਲ ਤਾਂ ਇਸਦੀ ਬਰਾਦਰੀ ਨੇ ਵੀ ਨਹੀਂ ਤੁਰਣਾ। ਜ਼ਾਤ ਦੀ ਕੋੜ ਕਿਰਲੀ-ਛਤੀਰਾਂ ਨੂੰ ਜੱਫੇ।

"ਸਰਦਾਰ ਜੀ—ਪਤਾ ਈ ਆ ਤੁਹਾਨੂੰ ਵੀ" ਥੁੱਕ ਨਿਗਲ ਕੇ, ਸਿਰ ਸੁਟੀ ਦਸਦਾ ਹੈ ਦੁਮਣ।

"ਉਹ ਤਾਂ ਸਾਰਿਆਂ ਨੂੰ ਪਤਾ ਈ ਆ" ਸਾਧੂ ਪੰਚ ਉਸਨੂੰ ਵਿੱਚੋਂ ਈ ਟੋਕਦਾ ਹੈ।

ਵਿੰਦਰ ਨੇ ਮੇਰੀ ਇਜ਼ਤ ਨੂੰ..." ਦੁਮਣ ਦੇ ਹੱਥ ਉ'ਝ ਦੇ ਉ'ਝ ਵੀ ਜੁੜੇ ਹਨ। ਜ਼ੁਬਾਨ ਥਿਥਲਾਉਣ ਲਗਦੀ ਹੈ; ਲਗਦਾ ਹੈ ਹੁਣ ਵੀ ਡਿੱਗਾ—ਹੁਣ ਵੀ ਡਿਗਾ। ਪਤਾ ਉਸਨੂੰ ਵੀ ਨਹੀਂ ਸੀ। ਕਿਦਾਂ ਆਪਣੇ ਆਪ ਨੂੰ ਸੰਭਾਲੀ ਰੱਖਿਆ। ਕਿਦਾਂ ਚੌਕੀਦਾਰ ਨੂੰ ਕਹਿ ਕੇ ਤੇ ਪੰਚਾਂ ਵਲ ਪੇਂਤੀ ਗੇੜੇ ਮਾਰ ਪੰਚਾਇਤ ਸੱਦੀ। ਕੰਬਦੀਆਂ ਲਤਾਂ ਆਖ਼ਿਰ ਏਥੇ ਲੈ ਈ ਆਈਆਂ ਹਨ ਉਸਨੂੰ।

—ਗੱਲ ਤਾਂ ਬੌਤ ਈ ਮਾੜੀ ਹੋਈ।

—ਤੇਰੀ ਧੀ-ਸਾਡੀ ਧੀ-ਸਾਰਿਆਂ ਦੀ ਧੀ।

—ਪਿੰਡ ਦੀ ਧੀ...ਪਿੰਡ ਦੀ ਇੱਜ਼ਤ।

'ਕੀ ਮਜ਼ਬੀਆਂ, ਅਧਰਮੀਆਂ ਦੀਆਂ ਕੁੜੀਆਂ ਸਾਡੀਆਂ ਕੁੜੀਆਂ ਨਹੀਂ.. ਦਸੋ ਭਲਾ...ਅਗਲੀਆਂ ਪੱਠੇ-ਦਤੇ ਲੈਣ 'ਖੇਤਿਆਂ ਵਿਚ ਨਾ ਜਾਣਗੀਆਂ...ਤਾਂ ਹੋਰ ਅਗਲੇ ਕੋਠਿਆਂ ਤੇ ਫਸਲਾ ਬੀਜਣੋ ਰਹੇ' ਸਰਪੰਚ ਮੱਮੋਠੱਗਣਾ ਕਹਿ ਰਿਹਾ ਹੈ। ਮਿੰਨਾ-2 ਹੱਸਦਾ ਹੋਇਆ ਤੇ ਮੁਖਾਤਿਬ ਹੁੰਦਾ ਹੈ ਇੰਦਰ ਨੂੰ 'ਠੀਕ ਆ ਕਾਕਾ ?'

'ਨਹੀਂ ਜੀ' ਵਿੰਦਰ ਕੁਰਸੀ ਤੇ ਬੈਠਾ ਹੋਇਆ ਜੁਆਬ ਦੇਂਦਾ ਹੈ।

'ਕੀ ਉਏ ?' ਦੁਮਣ ਦੀਆਂ ਮੁੱਠੀਆਂ ਮੀਚ ਹੁੰਦੀਆਂ ਜਾ ਰਹੀਆਂ ਹਨ।

'ਸਰਪੰਚ ਸਾਹਿਬ...ਤੁਸੀਂ ਸੋਚੋ...ਮੇਰਾ ਮੁੰਡਾ ਐਨੀ ਜੁਰਤ ਕਰ ਸਕਦਾ...ਦੁਮਣ ਮੈਨੂੰ ਕੋਈ ਦੂਹ-ਪਿਆਰਾ.. ਇਹ ਈ ਦਸੇ, ਕਦੀ ਮੈਂ ਇਸ ਨਾਲ ਫਰਕ ਕੀਤਾ, ਪੂਰੇ ਪੰਦਰਾਂ ਸਾਲ ਮੇਰੇ ਨਾਲ ਲੱਗਾ ਰਿਹਾ, ਦਸੋ ਕਦੀ ਤੂੰ ਤੂੰ ਮੈਂ ਮੈਂ ਹੋਈ ਸੀ...ਜਦੋਂ ਇਸ ਕਿਆ...ਮੈਂ ਨਹੀਂ ਰਹਿਣਾ.. ਮੈਂ ਕਿਆ ਚੰਗਾ ਬਈ ਭਲਿਆ ਲੋਕਾ ਤੇਰੀ ਮਰਜ਼ੀ.. ਮੈਂ ਮੱਕੀ ਦੀ ਬੋਰੀ ਆਪ ਘਲਾਈ ਇਸ ਦੇ ਘਰੇ...ਫੇਰ ਵੀ ਜਦੋਂ ਇਸ ਜੋ ਮੰਗਿਆ, ਹੱਸ ਕੇ ਦਿੱਤਾ.. ਸਾਰਾ ਲੈ ਜਾਏ, ਤੂੜੀ ਦੀ ਪੰਡ ਲੈ ਜਾਏ।' ਇੰਦਰ ਦਾ ਡੈਡੀ ਰਿਟਾਇਰਡ ਕੈਪਟਨ ਬੋਲ ਰਿਹਾ ਹੈ। ਰਿਕਾਰਡ ਫਰੋਲਦਾ ਹੋਇਆ ਬਾਗੀ ਸਿਪਾਹੀ ਦੀਆਂ ਫਾਇਲਾਂ 'ਚੋਂ।

'ਮੈਂ ਵੀ ਕਦੀ ਇਸ ਨਾਲ ਦੂਜ ਨਹੀਂ ਕੀਤੀ ਸੀ, ਮੇਰੇ ਹੱਥਾਂ 'ਚ ਜੰਮਿਆ ..ਸਕੂਲੇ ਇਹਨੂੰ ਮੈਂ ਛੱਡ ਕੇ ਔਂਦਾ ਰਿਹਾ ਕਈ ਆਰ ਤਾਂ ਸੌਂਦਾ ਵੀ ਮੇਰੇ ਨਾਲ ਹੁੰਦਾ ਸੀ . ਖੂਹ ਹੱਕਦਿਆਂ ਪੱਟਾਂ ਤੇ ਆ ਬੈਠਦਾ ਟਪੂਸੀ ਮਾਰ ਕੇ ਸੁਹਾਗੇ ਉਪਰ ਚੜ ਜਾਂਦਾ...ਆਪਣੇ ਪੁੱਤ ਵਰਗਾ ਈ ਲਗਦਾ ਸੀ ਪਰ ਆਹ ਗੱਲ ਤਾਂ ਮੇਰੇ ਚਿੱਤ ਚੇਤੇ ਈ ਨਹੀਂ ਸੀ...' ਦੁਮਣ ਸਿੱਧਾ ਈ ਕੈਪਟਨ ਵਲ ਦੇਖਦਾ ਹੈ। ਪਛਾਣ ਕਰਦਾ ਹੈ। ਕੈਪਟਨ ਪਹਿਲਾਂ ਵਾਲਾ ਹੈ ਜਾਂ ਬਦਲਿਆ। ਕੈਪਟਨ ਦੀਆਂ ਅੱਖਾਂ 'ਚ ਲਾਲ-2 ਡੋਰੇ ਉਭਰੇ ਸਨ ਤੇ ਉਹ ਬਾਰ-2 ਮੁੱਛਾਂ ਉਚੀਆਂ ਕਰ ਰਿਹਾ ਸੀ। ਜਿਵੇਂ ਉੱਚੀਆਂ ਮੁੱਛਾਂ ਈ ਉਸਦੀ ਉੱਚੀ ਸ਼ਾਨ ਦਾ ਸੰਕੇਤ ਸਨ।

'ਇਕ ਆਰ ਮੇਰੇ ਨਾਲ ਗੱਲ ਤਾਂ ਕਰਦਾ।' ਕੈਪਟਨ ਕਹਿੰਦਾ ਹੈ ਫੇਰ।'

'ਆ ਗੱਲ ਕਰਨ ਆਲੀ ਥੋੜੋ ਹੁੰਦੀ ਆ ?' ਬਰਾਦਰੀ 'ਚੋਂ ਕੋਈ ਮੁੰਡਾ ਤਲਖੀ 'ਚ ਆ ਕੇ ਬੋਲਿਆ ਹੈ ?

'ਚੁੱਪ ਬਈ ਕਾਕਾ ਤੂੰ ਚੁੱਪ ਰਹਿ।'

ਚੁੱਪ ਹੈ ਦੁਮਣ। ਗੁੰਮ ਹੈ। ਇਹ ਕੀ ਹੋ ਗਿਆ ਸੀ ਸਭ ਕੁਸ਼ ? ਇਸ ਸੋਚ ਨਾਲ। ਕੈਪਟਨ ਦੁਸ਼ਮਣ ਬਣ ਗਿਆ ਸੀ।

'ਤੂੰ ਸੱਚ ਬੋਲਦਾ ?' ਪੁੱਠਾ ਬੋਲਿਆ ਹੈ ਸਰਪੰਚ।

'ਹ . ਜੀ' ਮਨਕ ਦੇਣੀ ਜੁਆਬ ਦਿੱਤਾ ਹੈ ਵਿੰਦਰ ਨੇ।

'ਦੁਮਣਾ—ਫੇਰ ਕਿੱਦਾਂ ਕਰੀਏ ?' ਸ਼ੰਕਰ ਪੰਚ ਕੁਰਸੀ ਤੋਂ ਉਠ ਕੇ ਕਹਿੰਦਾ ਹੈ।

'ਲਉ ਸਰਦਾਰ ਜੀ...ਤੁਸੀਂ ਵੀ ਉਹਦੇ ਮਗਰ ਲਗ ਗਏ.. ਕੋਈ ਆਪਣੀ ਇੱਜਤ ਛੱਜ 'ਚ ਪਾ ਕੇ ਉੜਾਂਦਾ ਹੁੰਦਾ...ਇਹ ਤਾਂ ਉਸ ਵਿਚਾਰੀ ਨੇ ਹਿੰਮਤ ਕੀਤੀ—ਨਹੀਂ ਹੋਰ ਕੋਈ ਹੁੰਦੀ ਤ੍ਾਂ ਅੰਦਰ ਵੜ ਬਹਿ ਜਾਂਦੀ' ਕਿਸੇ ਬਜ਼ੁਰਗ ਦੀ ਪਿਛੋਂ ਅਵਾਜ਼ ਆ ਰਹੀ ਹੈ।

'ਚਲੋ ਦੋ ਬੰਦੇ ਜਾ ਕੇ ਕੁੜੀ ਨੂੰ ਲੈ ਆਓ—ਆਪੇ ਈ ਸਾਰੀ ਗੱਲ ਦਾ ਪਤਾ ਲਗ ਜਾਊ...ਕਦੀ ਕਦਾਈਂ ਤਾਂ ਉਹ ਵਿਚਾਰੀ ਪਿੰਡ ਔਂਦੀ ਆ...ਫੇਰ ਉਸਨੂੰ ਪਿੰਡ ਦਿਆਂ ਮੁੰਡਿਆਂ ਦੀ ਕਿੰਨੀ ਕੁ ਸਿਆਨ ਆ...ਐਵੇਂ ਹੋਰ ਈ ਨਾ ਨਿਕਲੇ ਕੋਈ' ਸਰਪੰਚ ਕਹਿੰਦਾ ਹੈ।

... ... ...

ਰਾਣੀ ਦਸੰਬਰ ਦੀਆਂ ਛੁੱਟੀਆਂ 'ਚ ਪਿੰਡ ਆਈ ਸੀ। ਇਕ ਹਫਤੇ ਲਈ। ਪਹਿਲਾਂ ਉਹ ਦਸੰਬਰ 'ਚ ਨਹੀਂ ਆਉਂਦੀ ਹੁੰਦੀ ਸੀ। ਇਸ ਵਾਰ ਏਸ਼ੀਅਨ ਖੇਡਾਂ ਕਰਕੇ ਟੈਸਟ ਪਹਿਲਾਂ ਹੋ ਗਏ ਸਨ ਤੇ ਉਸ ਮਾਮਿਆਂ ਦੇ ਜਾਣ ਦੀ ਥਾਂ ਆਪਣੇ ਪਿੰਡ ਜਾਣਾ ਈ ਠੀਕ ਸਮਝਿਆ ਸੀ। ਨਾਲ਼ੇ ਪਾਪੇ ਨੇ ਕਿੰਨੀ ਤਾਗੀਦ ਕੀਤੀ ਸੀ ਤੇ ਹੋਸਟਲ 'ਚ ਮਿਲਣ ਆਇਆਂ ਕਿਹਾ ਸੀ—ਜੇ ਐਤਕੀਂ ਨਾ ਆਈ ਰਾਣੀਏਂ ਤਾਂ ਫੇਰ ਮੈਂ ਵੀ ਨਹੀਂ ਆਇਆ ਕਰਨਾ।

ਪੇਪਰ ਹੁੰਦੇ ਤੇ ਉਹ ਹੋਸਟਲ ਛੱਡ ਮਾਮਿਆਂ ਦੇ ਚਲੇ ਜਾਂਦੀ। ਪਿੰਡ ਘੱਟ ਈ ਆਉਂਦੀ। ਪਾਪਾ ਉਸਨੂੰ

ਆ ਕੇ ਮਿਲ ਜਾਂਦਾ। ਹੋਰ ਕੌਣ ਸੀ ਉਸਦਾ ! ਮਾਂ ਜੰਮਣ ਵੇਲੇ ਪੂਰੀ ਹੋ ਗਈ ਸੀ ਤੇ ਉਹ ਪਿਉ ਦੀ 'ਕੱਲੀ ਸੰਤਾਨ ਰਹਿ ਗਈ ਸੀ।

ਪਾਪਾ ਕਹਿੰਦਾ—ਐਤਕੀਂ ਪਿੰਡ ਆਈ।

ਉਹ ਕਹਿ ਦੇਂਦੀ—ਅੱਛਾ।

ਪਰ ਮਾਮਿਆਂ ਵਲੋਂ ਕੋਈ ਨਾ ਕੋਈ ਉਸਨੂੰ ਲੈਣ ਆ ਜਾਂਦਾ। ਕਿਉਂਕਿ ਉਨ੍ਹਾਂ ਦੀ ਇਕੋ ਇਕ ਭੈਣ ਸੀ ਤੇ ਭੈਣ ਦੀ ਨਿਸ਼ਾਨੀ ਈ ਤਾਂ ਉਨ੍ਹਾਂ ਕੋਲ ਰਹਿ ਗਈ ਸੀ।

ਪਿੰਡ 'ਚ ਉਸ ਦਾ ਜੀਅ ਵੀ ਨਹੀਂ ਲਗਦਾ ਸੀ। ਕਿਸੇ ਨਾਲ ਸਾਂਝ ਉਸਦੀ ਨਹੀਂ ਪਈ ਸੀ ਮੁੱਢ ਤੋਂ ਈ। ਘਰ 'ਚ ਕੂੜੇ ਦਾ ਢੇਰ ਲੱਗਾ ਹੁੰਦਾ ਜਦੋਂ ਉਹ ਆਉਂਦੀ। ਸਿਲਵਰ ਦਿਆਂ ਭਾਂਡਿਆਂ ਤੇ ਗਿੱਠ 2 ਮੈਲ ਚੜ੍ਹੀ ਹੁੰਦੀ ਤੇ ਉਪਰੋਂ ਬਰਾਦਰੀ 'ਚੋਂ ਜ਼ਨਾਨੀਆਂ ਆਉਂਦੀਆਂ ਤੇ ਆਪਣੀ ਈ ਰਾਮ ਕਹਾਣੀ ਲੈ ਬੈਠ-ਦੀਆਂ। ਗੱਲ ਉਸਦੀ ਮਾਂ ਤੋਂ ਸ਼ੁਰੂ ਹੁੰਦੀ ਤੇ ਉਸਦਿਆਂ ਅਪ-ਟੂ-ਡੇਟ ਕਪੜਿਆਂ ਤੇ ਜਾ ਨਿਬੜਦੀ। ਅੱਕ ਜਾਂਦੀ ਉਹ ਜੁਆਬ ਦੇਂਦੀ।

ਕਿੰਨਾ ਲਾਡ ਦਿੱਤਾ ਸੀ ਮਾਮਿਆਂ। ਪੜ੍ਹਾਈ ਜਾ ਰਹੇ ਸਨ। ਭਾਵੇਂ ਘਰ 'ਚ ਵਿਰੋਧ ਵੀ ਉਠ ਖੜ੍ਹਿਆ ਸੀ।

—ਕੁੜੀ ਨੇ ਦਸ ਪੜ੍ਹ ਲਈਆਂ...ਅਸੀਂ ਕਿਹੜੀ ਨੌਕਰੀ ਕਰਾਉਣੀ ਆ' ਪਰ ਰਾਣੀ ਦੀ ਜ਼ਿੱਦ ਸੀ—ਮੈਂ ਅਗਾਂਹ ਪੜ੍ਹਨਾ ਜ਼ਰੂਰ।

ਤੇ ਨਾਨਾ ਜੀ ਨੇ ਫੈਸਲਾ ਸੁਣਾਇਆ ਸੀ—ਸੌਹਰੇਓ ਗੱਦਾ ਦਿਓ—ਪੰਜ ਕਮਾਉਣੇ ਕਿਸ ਲਈ—ਜਿੱਦਾਂ 'ਕੁੜੀ ਕਹਿੰਦੀ ਆ—ਉਦਾਂ ਈ ਕਰੋ।

ਤੇ ਉਹ ਜਲੰਧਰ ਕਾਲਜ 'ਚ ਦਾਖਲ ਹੋ ਗਈ ਸੀ। ਪਹਿਲਾ ਸਾਲ ਬੀਤਿਆ। ਦੂਜਾ ਬੀਤਿਆ ਤੇ ਤੀਜਾ ਅੱਧ ਟੱਪ ਗਿਆ ਸੀ।

... ... ...

ਰਾਣੀ ਗੁੰਮ ਸੁੰਮ ਬੈਠੀ ਹੈ। ਉਸਨੂੰ ਪਤਾ ਈ ਨਹੀਂ ਲੱਗਾ—ਇਹ ਕਿਵੇਂ ਵਾਪਰ ਗਿਆ। ਬਸ ਉਹ ਤਾਂ ਡਿੱਗਦੀ ਢਹਿੰਦੀ ਘਰ ਆ ਗਈ ਸੀ—ਹਨੇਰੇ 'ਚ ਈ ਤੇ ਉਸਨੂੰ ਲੱਗਾ ਸੀ ਜਿਵੇਂ ਉਸ ਸਾਰੀ ਦੁਨੀਆਂ ਗੁਆ ਲਈ ਹੋਵੇ। ਪਲ 'ਚ ਕੀ ਦਾ ਕੀ ਬਣ ਕੇ ਰਹਿ ਗਿਆ ਸੀ ? ਉਹ ਕੀ ਬਣ ਗਈ ਸੀ ? ਦੁਨੀਆਂ ਕੀ ਬਣ ਗਈ ਸੀ ?

ਕਿਤਾਬ ਚੁੱਕਦੀ ਹੈ ਉਹ। ਖੋਲਦੀ ਹੈ। ਪੰਨੇ ਪਲਟਦੀ ਹੈ। ਉਸ ਨੂੰ ਲੱਗਦਾ ਹੈ ਇਹ ਕਿਤਾਬਾਂ ਤਾਂ ਵਿਅਰਥ ਹਨ। ਕਿਤਾਬਾਂ ਤੋਂ ਬਾਹਰ ਵੀ ਇਕ ਦੁਨੀਆਂ ਵਸਦੀ ਹੈ। ਦੁਨੀਆਂ ਜਿਸਦੇ ਆਪਣੇ ਕਾਇਦੇ ਕਾਨੂੰਨ ਹਨ। ਗੁੱਸੇ ਨਾਲ ਉਹ ਕਿਤਾਬ ਅੰਗੀਠੀ ਉਪਰ ਚੁੱਕ ਕੇ ਮਾਰਦੀ ਹੈ ਤੇ ਹੰਝੂ ਭਿੱਜੀਆਂ ਅੱਖਾਂ ਨੂੰ ਪੂੰਝਦੀ ਹੈ। ਹੰਝੂਆਂ ਦਾ ਹੜ ਈ ਆ ਰਿਹਾ ਹੈ। ਭਾਵੇਂ ਪਾਪੇ ਨੇ ਰਾਤੀਂ ਉਸਨੂੰ ਦਿਲਾਸਾ ਦਿੱਤਾ ਸੀ 'ਚੁੱਪ ਕਰ ਪੁੱਤ—ਜੋ ਹੋ ਗਿਆ—ਦੇਖੀ ਜਾਊ' ਪਾਪੇ ਦੇ ਲਾਡ ਨੇ ਵੀ ਉਸ ਅੰਦਰ ਉਠੇ ਰੋਹ ਨੂੰ ਮੱਠਾ ਨਹੀਂ ਪਾਇਆ ਸੀ ! ਬੱਸ ਇਕ ਸੋਚ ਉਸ ਤੇ ਭਾਰੂ ਹੁੰਦੀ ਜਾ ਰਹੀ—ਇਹ ਕਿਉਂ ਹੋਇਆ ? ਇਹ ਕਿਉਂ ਹੋਇਆ ਦਾ ਹੱਲ ਉਸਨੂੰ ਨਹੀਂ ਮਿਲ ਰਿਹਾ। ਉਹ ਘੁਲ ਰਹੀ ਹੈ। ਆਪਣੇ ਹਾਲਾਤਾਂ ਨਾਲ।

"ਪੁੱਤ-ਘਰੈ ਈ ਆਂ ?' ਵਿਹੜੇ 'ਚੋਂ ਲਗਦੀ ਚਾਚੀ ਦਰਾਂ 'ਚੋਂ ਈ ਪੁਛਦੀ ਹੈ !

"ਹਾਂ-ਚਾਚੀ ਜੀ !

"ਪੁੱਤ-ਦੁੱਮਣ ?"

"ਉਹ ਪੰਚਾਇਤ 'ਚ ਗਏ ਨੇ"

"ਕੀ ਲੈਣਾ ਸੀ ਪੁੱਤ ਇਸ ਕਾਸੇ ਤੋਂ—ਸਗੋਂ ਆਪਣੀ ਬਦਨਾਮੀ ਹੋਈ ਆਂ—ਦੇਖ ਲਈਂ—ਕੁਝ ਨਹੀਂ ਬਨਣਾ।' ਚਾਚੀ ਆਪਣੇ ਅਨੁਭਵ ਦਸਦੀ ਹੈ। ਇਹ ਕੁਝ ਦੇਖਦਿਆਂ ਈ ਤਾਂ ਉਸਦੇ ਵਾਲੋ ਕਾਲਿਆਂ ਤੋਂ ਚਿੱਟੇ ਹੋ ਗਏ ਸਨ।

"ਕੋਈ ਗੱਲ ਨਹੀਂ।"

ਜੱਟ ਛੱਡਦੇ ਆਂ—ਸਾਡੀਆਂ ਕੁੜੀਆਂ ਜ਼ਨਾਨੀਆਂ ਨੂੰ—ਅਗਲੀਆਂ ਅਗੋਂ ਕੀ ?..."

"ਚਾਚੀ ਜੀ—ਬਸ ਚੁੱਪ ਰਹੋ" ਰਾਣੀ ਸਖ਼ਤੀ ਨਾਲ ਕਹਿੰਦੀ ਹੈ। ਉਸਨੂੰ ਲਗਦਾ ਹੈ। ਇਹ ਚਾਚੀ ਜਿਉਂਦੀ ਜਾਨ ਨਹੀਂ ਹੈ। ਇਕ ਬੁੱਤ ਹੈ ਤੇ ਕਿਸੇ ਚੀਜ਼ ਦਾ ਕੋਈ ਅਸਰ ਨਹੀਂ ਹੁੰਦਾ। ਇਸਤੇ। ਬੁੱਤ ਜਿਉਂ ਹੈ। ਬੁੱਤ ਜੋ ਕੱਲੇ ਵੀ ਸੀ। ਅੱਜ ਵੀ ਹੈ ਤੇ ਇਹ ਚਾਹੁੰਦੀ ਹੈ ਇਹ ਬੁੱਤ ਕੱਲ ਨਾ ਰਹੇ। ਇਹ ਬੁੱਤ ਜਾਗੇ। ਆਪਣਾ ਹੱਕ ਮੰਗੇ। ਉਹ ਕੌਣ ਹੈ ? ਕੀ ਹੈ ? ਦਾ ਭੇਦ ਜਾਣੇ।

... ... ...

ਅਗੇ ਅਗੇ ਦੋਵੇਂ ਪੰਚ ਹਨ। ਸਾਧੂ ਤੇ ਜੋਗਿੰਦਰ ਸਿੰਘ। ਪਿਛੇ-2 ਦੁਮਣ ਹੈ : ਦੁਮਣ ਦੇ ਨਾਲ ਨਾਲ ਤੁਰ ਰਹੀ ਹੈ ਰਾਣੀ।

ਦੁੱਮਣ ਦੀ ਮਨੋਅਵਸਥਾ ਹਰ ਪਲ ਬਣਦੀ/ਟੁੱਟਦੀ ਜਾ ਰਹੀ ਹੈ। ਅੱਖਾਂ ਅਗੇ ਕਾਲੋਂ ਉਭਰ ਰਹੀ ਹੈ। ਸੰਘ ਸੁੱਕਦਾ ਜਾ ਰਿਹਾ ਹੈ। ਸੋਚਦਾ ਹੈ ਦੁਮਣ। ਕਿਸੇ ਇਹ ਕਿਉਂ ਨਹੀਂ ਿਹਾ—ਕੁੜੀਆਂ ਪੰਚਾਇਤ 'ਚ ਜਾਂਦੀਆਂ ਚੰਗੀਆਂ ਨਹੀਂ ਲਗਦੀਆਂ—ਪਿੰਡ ਦੀ ਬਦਨਾਮੀ ਹੁੰਦੀ ਆ ਇਸ ਨਾਲ। ਸਗੋਂ ਸਾਧੂ ਤੇ ਜੋਗਿੰਦਰ ਸਿੰਘ ਹਸਦੇ ਹਸਦੇ ਜਾ ਰਹੇ ਹਨ।

ਰਾਣੀ ਦੋ ਵਿਚਾਰਾਂ ਦੀ ਕਿਸ਼ਤੀ ਸਮੁੰਦਰ 'ਚ ਗੋਤੇ ਖਾ ਰਹੀ ਹੈ। ਕਦੀ ਡੋਲਦੀ ਹੈ ਤੇ ਫੇਰ ਬੇੜੀ ਦੀ ਪਤਵਾਰ ਸੰਭਾਲਦੀ ਹੈ। ਬੈਂਲਿਸ ਸਤੁੰਲਨ 'ਚ ਲਿਆਉਂਦੀ

ਹੈ ਤੇ ਅਗਾਂਹ ਚਲਦੀ ਹੈ।

ਅਵਾਜ਼ਾਂ ਹਨ।

—ਕੀ ਕਰ ਲਊ ਵਿਚਾਰੀ।

—ਡਿੱਗ ਗਈ।

—ਖੱਪੇ ਲਾਈ ਫਿਰਦੀ ਸੀ ਦਿਨੇ ਰਾਤੀਂ।

—ਹੋਰ ਕੱਢ ਟੋਰ।

ਅਗਲਾ ਕੀ ਕਰਦਾ।

—ਚੂੜਿਆਂ ਦੀ ਕੁੜੀ ਤਾਂ ਲਗਦੀ ਨਹੀਂ।

—ਸੱਚੀਂ।

ਅਵਾਜ਼ਾਂ ਰਾਣੀ ਵੀ ਸੁਣਦੀ ਹੈ। ਅੱਧ ਪਚੱਦਾ। ਹਿਲਾ ਕੇ ਰੱਖ ਦੇਂਦੀਆਂ ਹਨ ਉਸਨੂੰ ਇਹ ਆਵਾਜ਼ਾਂ।

ਯਾਦ ਆ ਰਿਹਾ ਹੈ ਉਸਨੂੰ। ਜਦ ਕਦੀ ਕਦਾਈਂ ਉਹ ਬਲਾਤਕਾਰ ਦੀ ਖਬਰ 'ਚ ਪੜ੍ਹਦੀ ਜਾਂ ਰਿਪੋਰਟ ਕਿਸੇ ਪਤ੍ਰਿਕਾ 'ਚ ਵੇਖਦੀ ਜਾਂ ਕਿਸ ਤੋਂ ਵਾਰਦਾਤ ਸੁਣਦੀ ਤਾਂ ਸੋਚਦੀ ਹੁੰਦੀ ਸੀ-ਕਿਵੇਂ ਦਾ ਹੁੰਦਾ ਹੋਊ ਬਲਾਤਕਾਰ? ਕਿੰਨਾ ਵਹਿਸ਼ੀ ਹੋ ਜਾਂਦਾ ਹੋਵੇਗਾ ਆਦਮੀ? ਕੀ ਸੱਚੀ ਇਹ ਸਭ ਕੁਸ਼ ਹੁੰਦਾ ਹੈ? ਇਕ ਡਰ ਨਾਲ ਉਹ ਕੰਬ ਉਠਦੀ ਸੀ ਤੇ ਉਸਦੇ ਵਧੇ ਜਾ ਰਹੇ ਅੰਗ ਸੁੰਗੜਣ ਲਗਦੇ ਸਨ ਤੇ ਇਸਨੂੰ ਲਗਦਾ ਹੁੰਦਾ ਸੀ ਉਹ ਤਾਂ ਅਜੇ ਬਾਲੜੀ ਹੈ। ਪਰ ਕਦੀ ਉਸ ਇਹ ਨਹੀਂ ਸੋਚਿਆ ਸੀ ਕਿ ਉਹ ਵੀ ਖਬਰ ਬਣ ਕੇ ਰਹਿ ਜਾਵੇਗੀ। ਕੰਬ ਉਠੀ ਹੈ ਉਹ ਪੈਰਾਂ 'ਚ ਪਾਈਆਂ ਬਾਟਾ ਦੀਆਂ ਚਪਲਾਂ ਸਮੇਤ।

ਚੁੱਪ ਹੈ।

"ਆ ਜਾ ਬੀਬੀ—ਕੁਰਸੀ ਤੇ ਬਹਿ ਜਾ" ਸਰਪੰਚ. ਉਠ ਕੇ ਖੜ ਜਾਂਦਾ ਹੈ ਤੇ ਆਲੇ ਦੁਆਲੇ ਦੇਖਦਾ ਹੈ ਕਿਵੇਂ ਸੋਚ ਰਿਹਾ ਹੋਵੇ—ਗੱਲ ਕਿੱਥੋਂ ਸ਼ੁਰੂ ਕੀਤੀ ਜਾਵੇ।

ਨਜ਼ਰਾਂ ਦਾ ਮੱਕਾ ਮਦੀਨਾ ਬਣ ਰਹੀ ਹੈ ਰਾਣੀ।

"ਪੁੱਤ—ਇਹ ਸਬੂਤ ਮੰਗਦੇ" ਅੰਦਰੋਂ ਜ਼ੋਰ ਦੇ ਕੇ ਸ਼ਬਦ ਉਗਲੇ ਹਨ ਦੁਮਣ ਨੇ।

ਰਾਣੀ ਉਠਦੀ ਹੈ ਤੇ ਲਹੂ ਭਿੱਜੀ ਅੰਡਰਵੀਅਰ ਵਿੰਦਰ ਦੇ ਅਗੇ ਸੁੱਟ ਦੇਂਦੀ ਹੈ। ਇਕੋ ਝਟਕੇ ਨਾਲ। ਹੈ-ਹੈ ਹੋਣ ਲੱਗੀ ਹੈ।

ਆਵਾਜ਼ਾਂ ਹਨ।

—ਸ਼ੇਰ ਦੀ ਬੱਚੀ।

—ਕਮਾਲ ਹੋ ਗਿਆ।

—ਕਲਯੁਗ ਜਿਉਂ ਆ।

"ਹੁਣ ਦਸ ਬਈ ਵਿੰਦਰਾ" ਸਰਪੰਚ ਉਚੀ ਦੇਣੀ ਪੁਛਦਾ ਹੈ। ਪਹਿਲੀ ਦੋਵੇਂ ਸ਼ਬਦ ਉੱਚੀ ਕਹਿੰਦਾ ਹੈ ਤੇ ਵਿੰਦਰ ਸ਼ਬਦ ਤੇ ਪਿਆਰ ਦੀ ਭਾਵਨਾ ਪ੍ਰਗਟ ਕਰਦਾ ਹੈ।

ਕੁੱਤੇ ਦਾ ਪੁੱਤ ਨਾ ਹੋਵੇ... ਰਾਣੀ ਦੀਆਂ ਅੱਖਾਂ 'ਚ ਨਾਲ-2 ਡੋਰੇ ਉਭਰੇ ਹਨ।

"ਮੂੰਹ ਸੰਭਾਲ ਕੇ ਬੋਲ ਕੁੜੀਏ। ਕੈਪਟਨ ਰਿਵਾਲਰ ਨੂੰ ਹੱਥ ਪਾਉਂਦਾ ਹੈ।

ਬੰਦੇ ਦਾ ਪੁੱਤ ਹੁੰਦਾ ਤਾਂ..."

"ਮੇਰਾ ਪਤਾ..." ਕੈਪਟਨ ਉਠਿਆ ਹੈ।

"ਚੁੱਪ ਕਰੋ— ਤੁਸੀਂ ਆਪਣੀ ਰਮਾਇਣ ਛੇੜ ਲਾਈ" ਜੋਗਿੰਦਰ ਸਿੰਘ ਚੁੱਪ ਰਹਿਣ ਲਈ ਕਹਿੰਦਾ ਹੈ ਤੇ ਸਰਪੰਚ ਨੂੰ ਉਠ ਕੇ ਸਲਾਹ ਕਰਨ ਲਈ ਇਸ਼ਾਰਾ ਕਰਦਾ ਹੈ।

... ... ...

"ਹਾਂ ਬਈ ਕੈਪਟਨ ਸਾਹਿਬ—ਤੇਰਾ ਮੁੰਡਾ ਕਸੂਰ-ਵਾਰ ਆ" ਸਰਪੰਚ, ਪੰਚ ਤੇ ਪਿੰਡ ਮੋਹਤਵਾਰਾਂ ਨਾਲ ਸਲਾਹ ਕਰਕੇ ਫੈਸਲਾ ਸੁਣਾਉਂਦਾ ਹੈ।

ਕੈਪਟਨ ਚੁੱਪ ਹੈ।

"ਅਸੀਂ ਫੈਸਲਾ ਕੀਤਾ—ਵਿੰਦਰ ਨੂੰ ਸੌ ਰੁਪਿਆ ਜੁਰਮਾਨਾ ਕੀਤਾ ਜਾਵੇ।" ਕਹਿ ਸਰਪੰਚ ਲੋਕਾਂ ਵਲ ਦੇਖਦਾ ਹੈ ਪ੍ਰਤੀਕਰਮ ਜਾਨਣ ਵਜੋਂ

'ਸਾਨੂੰ ਮੰਜ਼ੂਰ ਹੈ' ਕੈਪਟਨ ਬੋਲਿਆ ਹੈ।

'ਕੀ?' ਰਾਣੀ ਤੜਫ ਉਠੀ ਹੈ। 'ਮੇਰੀ ਇਜ਼ਤ ਦਾ ਮੁੱਲ ਸਿਰਫ ਸੌ ਰੁਪਿਆ—ਨਹੀਂ—ਮੇਰਾ ਮੁੱਲ।'

'ਕੁੜੀਆਂ ਪੰਚਾਇਤ 'ਚ ਨਹੀਂ ਬੋਲਦੀਆਂ ਹੁੰਦੀਆਂ' ਕੋਈ ਬਜ਼ੁਰਗ ਪਿਛੋਂ ਕਹਿੰਦਾ ਹੈ।

ਇਕ ਵਾਰ ਤਾਂ ਸੁੰਨ ਹੋ ਕੇ ਰਹਿ ਜਾਂਦਾ ਹੈ ਦੁਮਣ। ਫੇਰ ਉਸਦੀ ਚੇਤਨਤਾ ਪਰਤਦੀ ਹੈ। ਉਹ ਆਲੇ ਦੁਆਲੇ ਦੇਖਦਾ ਹੈ। ਉਸਨੂੰ ਦਿਓ ਲਗਦੇ ਹਨ ਸਾਰੇ। ਆਪਣੀ ਬਰਾਦਰੀ ਦੇ ਬੰਦੇ ਵੀ। ਸੋਚ ਸਫਰ ਕਰ ਜਾਂਦੀ ਹੈ ਇਤਿਹਾਸ ਨੂੰ ਜੜ੍ਹਾਂ ਤੋਂ ਫਰੋਲਦਿਆਂ ਹੋਇਆਂ। ਤਰਖਾਂਣਾਂ ਦੇ ਪੀਤੇ ਦਾ ਮੂੰਹ ਕਿਉਂ ਕਾਲਾ ਹੋਇਆ ਸੀ? ਅਧਰਮੀਆਂ ਦੇ ਪੱਪੂ ਨੂੰ ਖੋਤੇ ਤੇ ਕਿਉਂ ਬਿਠਾਇਆ ਸੀ? ਨਾਲੇ ਸਾਰਿਆਂ ਨੂੰ ਪਤਾ ਸੀ। ਕਸੂਰ ਸਰਦਾਰਾਂ ਦੀ ਨੌਂਹ ਦਾ ਸੀ। ਉਹ ਸੱਦਦੀ ਸੀ ਤੇ ਉਹ ਜਾਂਦਾ ਸੀ। ਉਨ੍ਹਾਂ ਦੀ ਕਿਸੇ ਇਕ ਨਹੀਂ ਸੁਣੀ ਸੀ ਤੇ ਨਾਲ ਈ ਚੇਤਾਵਨੀ ਦਿੱਤੀ ਸੀ ਇਸੇ ਸਰਪੰਚ ਨੇ—ਐਤਕੀਂ ਤਾਂ ਕਾਲਾ ਮੂੰਹ ਈ ਕੀਤਾ...ਜੇ ਫੇਰ ਕਿਸੇ ਇਲਤ ਕੀਤੀ ਤਾਂ ਸਾਰੀ ਬਰਾਦਰੀ ਦਾ ਡਗੀ ਡੇਰਾ ਚੁਕਾ ਦਵਾਂਗੇ ਪਿੰਡੋਂ ਈ।

'ਦਸ ਬਈ ਦੁਮਣਾ—ਫੈਸਲਾ ਮੰਜ਼ੂਰ ਆ?' ਪੁੱਛਦਾ ਹੈ ਭਾਨਾ ਚੌਕੀਦਾਰ ਕੋਰਾ ਰਜਿਸਟਰ ਲਿਆ ਕੇ।

'ਨਹੀਂ...ਨਹੀਂ' ਰਾਣੀ ਤੇ ਦੁਮਣ ਇਕੋ ਵਾਰ ਬੋਲੇ ਹਨ।

'ਮੇਰੀ ਇੱਜ਼ਤ ਦਾ ਮੁੱਲ ਸਿਰਫ਼ ਸੌ ਰੁਪਿਆ!' ਰਾਣੀ ਗਰਜਦੀ ਹੈ। ਮੱਚਦੀ ਹੈ ਟਾਂ

ਦੇ ਸੇਕ ਨਾਲ ।

ਅਵਾਜ਼ਾਂ ਹਨ ।

—ਪੰਚਾਇਤ ਦਾ ਕਿਆ ਨਹੀਂ ਮੋੜੀਦਾ ।

—ਪੰਚਾਇਤ ਰੱਬ ਦਾ ਰੂਪ ਹੁੰਦੀ ਆ ।

—ਭਾਈਆਂ ਨਾਲ ਗੱਲ ਹੁੰਦੀ ਆ ।

—ਕਿਸੇ ਤੁਹਾਡੇ ਨਾਲ ਨਹੀਂ ਤੁਰਣਾ ।

—ਅਗੇ ਵੀ ਬੰਦਿਆਂ ਦੀ ਲੋੜ ਆ ।

ਰਾਣੀ ਉੱਠੀ ਹੈ ਤੇ ਸਰਪੰਚ ਨੂੰ ਬਾਹੋਂ ਫੜ੍ਹ ਪੁਛਦੀ ਹੈ—'ਫੈਸਲਾ ਤੁਸੀਂ ਕੀਤਾ ?'

'ਨਹੀਂ'—ਸਾਰਿਆਂ ਨੇ ।' ਸਰਪੰਚ ਕੰਬ ਉਠਿਆ ਹੈ ।

'ਜੇ ਤੁਹਾਡੀ ਕੁੜੀ...' ਕਿੰਨਾ ਕੁਝ ਕਹਿ ਜਾਣ ਦੀ ਉਸ ਜੁਰਤ ਕੀਤੀ ਹੈ ।

ਸਰਪੰਚ ਚੁੱਪ ਹੈ ।

ਪੰਚ ਚੁੱਪ ਹਨ ।

ਲੋਕ ਚੁੱਪ ਹਨ ।

'ਸਾਨੂੰ ਨਹੀਂ ਤੁਹਾਡਾ ਫੈਸਲਾ ਮੰਜ਼ੂਰ' ਰਾਣੀ ਕਹਿੰਦੀ ਹੈ ਤੇ ਉੱਠਕੇ ਸ਼ਹਿਰ ਵਲ ਨੂੰ ਤੁਰ ਪੈਂਦੀ ਹੈ । ਮਗਰੇ ਈ ਦੁਮਣ ਹੈ । ਇਕ ਹੋਰ ਲੜਾਈ ਸ਼ੁਰੂ ਹੁੰਦੀ ਹੈ ।

---

# ਪੰਜਾਬੀਅਤ ਦਾ ਸੰਕਟ

ਜਸਬੀਰ ਸਿੰਘ

1. ਪੰਜਾਬੀਅਤ ਦਾ ਜ਼ਿਕਰ ਪੰਜਾਬ ਦੇ ਅਜੋਕੇ ਫਿਰਕੂ ਮਾਹੌਲ ਵਿਚ ਬਿਲਕੁਲ ਉਸੇ ਤਰ੍ਹਾਂ ਹੈ, ਜਿਵੇਂ ਅਸੀਂ ਰੂੜੀ ਉਪਰ ਪਏ ਗੁਲਾਬ ਦੇ ਕਿਸੇ ਫੁੱਲ ਦਾ ਜ਼ਿਕਰ ਕਰ ਰਹੇ ਹੋਈਏ । ਮਜ਼੍ਹਬਾਂ ਦੇ ਰੌਲੇ 'ਚ ਪੰਜਾਬੀਅਤ ਦਾ ਸੰਕਲਪ ਬੁਰੀ ਤਰ੍ਹਾਂ ਰੁਲ ਕੇ ਰਹਿ ਗਿਆ ਹੈ । ਸਵੇਰੇ-ਸਵੇਰੇ ਜਦੋਂ ਅਸੀਂ ਅਖ਼ਬਾਰ ਪੜ੍ਹਨ ਲਈ ਪਹਿਲੇ ਸਫ਼ੇ ਉਪਰ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਹਿੰਦੂਆਂ... ਜਾਂ ਸਿੱਖਾਂ ਦੇ ਮਰਨ ਦੀ ਖਬਰ ਤਾਂ ਜ਼ਰੂਰ ਮਿਲ ਜਾਂਦੀ ਹੈ, ਹਿੰਦੂਆਂ ਜਾਂ ਸਿੱਖਾਂ ਨਾਲ ਕੀਤੇ ਜਾਂਦੇ 'ਧੱਕੇ' ਬਾਰੇ ਵੀ ਸੁਣਨ ਨੂੰ ਮਿਲ ਜਾਂਦਾ ਹੈ, ਪਰ ਕਦੇ ਵੀ ਪੰਜਾਬੀਆਂ ਦੇ ਮਰਨ ਜਾਂ ਪੰਜਾਬੀਅਤ ਨਾਲ ਹੁੰਦੇ ਧੱਕੇ ਬਾਰੇ ਸੁਣਨ ਨੂੰ ਨਹੀਂ ਮਿਲਦਾ । ਭਾਵੇਂ ਇਕ ਵਿਸ਼ੇਸ਼ ਪਾਰਟੀ ਨੇ ਅੰਦੋਲਨ ਸ਼ੁਰੂ ਕੀਤਾ ਹੋਇਆ ਹੈ ਪਰ ਉਹ ਵੀ ਆਪਣੇ ਧਾਰਮਿਕ ਆਧਾਰ ਕਰਕੇ ਪੰਜਾਬੀਅਤ ਦੇ ਸੰਕਲਪ ਤੋਂ ਕੋਹਾਂ ਦੂਰ ਚਲੀ ਗਈ ਹੈ ।

2. ਇਹ ਸਾਰਾ ਕੁਝ ਸੋਚ ਕੇ ਸਾਡੇ ਮਨਾਂ ਵਿਚ ਇਕ ਸਵਾਲ ਖੜਾ ਹੁੰਦਾ ਹੈ ਕਿ ਇਸ ਸਭ ਕਾਸੇ ਦਾ ਕਾਰਣ ਕੀ ਹੈ ? ਕੀ ਇਹ ਕੁਝ ਮੁੱਠੀ ਭਰ 'ਕੌਮ ਦੁਸ਼ਮਣ ਫੁਟਪਾਊ' ਅਨਸਰਾਂ ਦੀ ਕਾਰਵਾਈ ਹੈ ? ਜਾਂ ਵਿਦੇਸ਼ੀ ਸ਼ਕਤੀਆਂ ਦੇ ਬੁਰੇ ਇਰਾਦਿਆਂ ਦਾ ਸਿੱਟਾ ਹੈ ? ਜਾਂ ਕੁਝ ਹੋਰ ?

ਕਿਸੇ ਵੀ ਵਸਤੂ (ਜਾਂ ਸਮਾਜ) ਵਿਚ ਹੁੰਦੀਆਂ ਤਬਦੀਲੀਆਂ ਜਾਂ ਵਰਤਾਰੇ ਦਾ ਮੁੱਢਲਾ ਕਾਰਣ ਉਸਦੇ ਆਪਣੇ ਹੀ ਵਜੂਦ ਵਿਚ ਹੁੰਦਾ ਹੈ । ਸਿਰਫ਼ ਬਾਹਰੀ ਕਾਰਕ ਹੀ ਉਸਦਾ ਰੂਪ (Form) ਨਹੀਂ ਬਦਲ ਸਕਦੇ। ਇਸ ਸੱਚਾਈ ਨੂੰ ਲੈ ਕੇ ਅਸੀਂ ਪੰਜਾਬੀਅਤ ਦੇ ਸੰਕਟ ਨੂੰ ਘੋਖ ਸਕਦੇ ਹਾਂ ।

3. ਅਜੋਕੇ ਪੰਜਾਬੀ ਸਭਿਆਚਾਰ ਦੇ ਸੰਕਟ ਦਾ ਸਭ ਤੋਂ ਵੱਡਾ ਕਾਰਣ ਕੌਮ ਦੀਆਂ ਗਲਤ ਪਰਿਭਾਸ਼ਾਵਾਂ ਹਨ । ਅੱਜ ਮੁੱਖ ਰੂਪ ਵਿਚ ਦੋ ਧਾਰਨਾਵਾਂ ਸਾਡੇ ਸਾਹਮਣੇ ਹਨ : ਇਕ ਸਿਆਸੀ ਹੱਦਾਂ ਨੂੰ ਕੌਮ ਦਾ ਆਧਾਰ ਮੰਨਣਾ ਅਤੇ ਦੂਜਾ ਧਰਮ ਨੂੰ ਕੌਮ ਦਾ ਆਧਾਰ ਮੰਨਣਾ ।

ਅੱਜ ਜਦੋਂ ਸਾਡੇ ਲੋਕ ਇਤਿਹਾਸ ਪੜ੍ਹਦੇ ਹਨ ਤਾਂ ਉਹਨਾਂ ਨੂੰ ਪਤਾ ਲੱਗਦਾ ਹੈ ਕਿ ਕੁਝ ਸਮਾਂ ਪਹਿਲਾਂ ਅਜੋਕੇ ਪਾਕਿਸਤਾਨ ਅਤੇ ਬੰਗਲਾਦੇਸ਼ ਭਾਰਤ ਦਾ ਹੀ ਅੰਗ ਸਨ । ਪਰ ਉਦੋਂ ਹੀ ਇਹ ਵੀ ਸੁਣਨ ਵਿਚ ਮਿਲ ਜਾਂਦਾ ਹੈ ਕਿ ਅੱਜ 'ਭਾਰਤ ਇਕ ਕੌਮ ਹੈ' । ਜੇ ਗੱਲ ਇਸੇ ਤਰ੍ਹਾਂ ਹੈ ਤਾਂ ਫਿਰ 1947 ਤੋਂ ਪਹਿਲਾਂ ਪਾਕਿਸਤਾਨ ਅਤੇ ਬੰਗਲਾਦੇਸ਼ ਵੀ 'ਭਾਰਤ-ਇਕ ਕੌਮ' ਦੇ ਨਾਹਰੇ ਵਿਚ ਸ਼ਾਮਲ ਹੁੰਦੇ ਸਨ । ਕੀ 1947 ਤੋਂ ਬਾਅਦ ਪਈਆਂ ਸਿਆਸੀ ਹੱਦਬੰਦੀਆਂ ਨੇ ਲੋਕਾਂ ਦੀ 'ਕੌਮ' ਵੱਖ ਕਰ ਦਿੱਤੀ ? ਅੱਗੇ ਚਲਕੇ ਅਸੀਂ ਵੇਖਦੇ ਹਾਂ ਕਿ 1971 ਤੱਕ ਪਾਕਿਸਤਾਨ ਅਤੇ ਬੰਗਲਾ ਦੇਸ਼ ਇਕ ਸਨ ਅਰਥਾਤ ਉਹ ਇਕ 'ਕੌਮ' ਦਾ ਅੰਗ ਸਨ । ਪਰ 1971 ਤੋਂ ਬਾਅਦ ਪਈਆਂ ਸਿਆਸੀ ਹੱਦਬੰਦੀਆਂ ਨੇ ਹੀ ਕੀ ਦੋ 'ਕੌਮਾਂ' ਨੂੰ ਜਨਮ ਦੇ ਦਿੱਤਾ ? ਤਾਂ ਕੀ ਕੌਮ ਦਾ ਸਵਾਲ ਪੈਰਾਮੀਸ਼ੀਅਮ 'ਚ ਵਾਪਰਦੀ ਬਾਈਨਰੀ ਫਿਸ਼ਨ ਦੀ ਜਣਨ ਕਿਰਿਆ (Reproduction by Binnary Fission in Paramecium) ਵਾਂਗ ਹੈ ਜਿਸ ਵਿਚ ਇਕ ਪੈਰਾ-ਮੀਸ਼ੀਅਮ (Parent Paramecium) ਦੇ ਟੁੱਟਣ ਨਾਲ ਦੋ ਪੈਰਾਮੀਸ਼ੀਅਮ(Daughter Paramecium) ਬਣ ਜਾਂਦੇ ਹਨ ?

ਉਪਰੋਕਤ ਸਵਾਲ ਨੂੰ ਸਿਕਮ 'ਤੇ ਵੀ ਲਾਗੂ ਕੀਤਾ ਜਾ ਸਕਦਾ ਹੈ ।

ਉਪਰੋਕਤ ਧਾਰਨਾ ਦੀ ਪ੍ਰਤੀਨਿਧਤਾ ਮੁੱਖ ਤੌਰ 'ਤੇ ਦਿੱਲੀ ਦੀ ਰਾਜਸੱਤਾ 'ਤੇ ਕਾਬਜ਼ ਹਾਕਮ ਜਮਾਤਾਂ ਅਤੇ

ਉਹਨਾਂ ਦੀਆਂ ਪ੍ਰਤੀਨਿਧ ਸਿਆਸੀ ਪਾਰਟੀਆਂ (ਕਾਂਗਰਸ, ਲੋਕ ਦਲ, ਭਾਰਤੀ ਜਨਤਾ ਪਾਰਟੀ, ਜਨਤਾ ਪਾਰਟੀ, ਸੀ.ਪੀ.ਆਈ., ਸੀ.ਪੀ.ਐਮ. ਆਦਿ) ਕਰਦੀਆਂ ਹਨ ।

ਦੂਸਰੀ ਧਾਰਨਾ ਜੋ ਕੌਮ ਦੇ ਸੰਕਲਪ ਨੂੰ ਗੰਧਲਾਉਂਦੀ ਹੈ—ਉਹ ਹੈ ਧਰਮ ਨੂੰ ਆਧਾਰ ਮੰਨ ਕੇ ਕੌਮ ਦੀ ਪਰਿਭਾਸ਼ਾ ਦੇਣੀ । ਇਸ ਅਨੁਸਾਰ ਧਰਮ ਹੀ ਕੌਮ ਹੁੰਦਾ ਹੈ ਅਤੇ ਕੌਮ ਹੀ ਧਰਮ । ਭਾਰਤ ਵਿਚ ਇਸਦਾ ਸਭ ਤੋਂ ਵੱਧ ਢੰਡੋਰਾ ਮੁਸਲਿਮ ਲੀਗ ਨੇ ਅੰਗਰੇਜ਼ ਸਾਮਰਾਜ ਦੀ ਸ਼ਹਿ ਉਤੇ ਲੋਕਾਂ ਦੇ ਸਾਮਰਾਜ ਵਿਰੋਧੀ ਘੋਲਾਂ ਦੀ ਧਾਰ ਨੂੰ ਖੁੰਢਾ ਕਰਨ ਵਾਸਤੇ ਪਿੱਟਿਆ ਜਿਸ ਵਿਚੋਂ ਅੱਗੇ ਚਲ ਕੇ ਪਾਕਿਸਤਾਨ ਦਾ ਸੰਕਲਪ ਉਭਰਿਆ । ਆਰ. ਐਸ.ਐਸ. ਜਾਂ ਹਿੰਦੂ ਧਰਮ ਨੂੰ ਉੱਚਾ ਚੁੱਕਣ ਵਾਲੀਆਂ ਜਥੇਬੰਦੀਆਂ ਨੇ ਭਾਰਤ ਵਿਚ ਰਹਿਣ ਵਾਲੇ ਸਾਰੇ ਹਿੰਦੂ' ਦਾ ਨਾਹਰਾ ਦੇ ਕੇ ਇਸ ਸੰਕਲਪ ਦੀ ਝੰਡਾ ਬਰਦਾਰੀ ਕੀਤੀ । ਅੱਜ ਕੱਲ ਪੰਜਾਬ ਵਿਚ ਅਕਾਲੀ ਦਲ ਇਸ ਸੰਕਲਪ ਦਾ ਸਾਰਿਆਂ ਤੋਂ ਵੱਡਾ ਢੰਡੋਰਚੀ ਹੈ ।

ਕੌਮ ਦੀ ਇਸ ਗਲਤ ਧਾਰਨਾ ਅਨੁਸਾਰ ਲੋਕਾਂ ('ਕੌਮ') ਦੀ ਏਕਤਾ ਦਾ ਆਧਾਰ ਸਿਰਫ ਧਰਮ ਹੀ ਹੁੰਦਾ ਹੈ । ਪਰ ਅਸਲੀਅਤ ਇਸਤੋਂ ਉਲਟ ਹੈ । ਜੇਕਰ ਗੱਲ ਇਉਂ ਹੀ ਹੁੰਦੀ ਤਾਂ ਦੁਨੀਆਂ ਦੇ ਮੁਸਲਮਾਨ 50 ਦੇਸ਼ਾਂ ਵਿਚ ਕਿਉਂ ਵੰਡੇ ਪਏ ਹਨ ? ਕਿਉਂ ਨਹੀਂ ਯੂਰਪ ਦੇ ਸਾਰੇ ਦੇਸ਼ ਇਸਾਈ ਹੋਣ ਦੇ ਬਾਵਜੂਦ ਇਕ ਹੋ ਜਾਂਦੇ ? ਕਿਉਂ ਇਰਾਨ—ਇਰਾਕ ਇਕ ਦੂਜੇ ਨੂੰ ਤਬਾਹ ਕਰਨ ਤੁਲੇ ਹੋਏ ਹਨ ? ਕਿਉਂ ਯੂਰਪ ਦੇ ਪੂਰਬੀ ਅਤੇ ਪੱਛਮੀ ਦੇਸ਼ ਇੱਕ ਦੂਸਰੇ ਵਿਰੁੱਧ ਸਰਵਨਾਸ਼ੀ ਮਿਜ਼ਾਇਲਾਂ ਬੀੜੀ ਬੈਠੇ ਹਨ ? ਕਿਉਂ ਪਾਕਿਸਤਾਨ ਅਤੇ ਬੰਗਲਾਦੇਸ਼ ਇਕ ਨਾ ਰਹਿ ਸਕੇ ?

4. ਉਪਰੋਕਤ ਸਾਰਾ ਕੁਝ ਵਾਚਕੇ ਕੋਈ ਪੁੱਛ ਸਕਦਾ ਹੈ ਕਿ ਕੌਮ ਦੀ ਸਹੀ ਧਾਰਨਾ ਕੀ ਹੈ ? ਜੇਕਰ ਸਿਆਸੀ ਹੱਦਾਂ ਜਾਂ ਧਰਮ ਕੌਮ ਦੀ ਪਛਾਣ ਨਹੀਂ ਤਾਂ ਹੋਰ ਕਿਹੜੀ ਚੀਜ਼ (ਜਾਂ ਲੱਛਣ) ਕੌਮ ਦੀ ਪਛਾਣ ਹੈ (ਹਨ) ।

ਕੌਮ ਦੀ ਪਛਾਣ ਉਸ ਕੌਮ ਦਾ ਸਭਿਆਚਾਰ, ਆਰਥਕਤਾ, ਇਲਾਕਾ, ਬੋਲੀ, ਲੋਕਾਂ ਦੇ ਵਿਸਵਾਸ਼, ਕਲਾ, ਸਮਾਜਿਕ ਰਸਮੋ ਰਿਵਾਜ ਸਦਾਚਾਰਕ ਰਵਾਇਤਾਂ ਖਾਣ-ਪੀਣ ਦੀਆਂ ਵਿਸ਼ੇਸ਼ਤਾਈਆਂ, ਮਨੁੱਖੀ ਸੁਭਾਅ ਵਿੱਚ ਸਾਂਝ ਆਦਿ ਤੋਂ ਕੀਤੀ ਜਾ ਸਕਦੀ ਹੈ । ਸਟਾਲਿਨ ਦੇ ਸ਼ਬਦਾਂ ਵਿਚ, "ਕੌਮ ਇਤਿਹਾਸਕ ਤੌਰ 'ਤੇ ਹੋਂਦ ਵਿੱਚ ਆਇਆ ਲੋਕਾਂ ਦਾ ਇੱਕ ਸਥਿਰ ਭਾਈਚਾਰਾ ਹੁੰਦਾ ਹੈ । ਇਹ ਭਾਈਚਾਰਾ ਇਕੋ ਸਾਂਝੀ ਬੋਲੀ, ਇਲਾਕੇ ਆਰਥਕ ਜੀਵਨ ਰਾਹੀਂ ਪਰਗਟ ਹੁੰਦੀ ਮਨੋਵਿਗਿਆਨਕ ਬਣਤਰ ਦੇ ਆਧਾਰ ਉਤੇ ਉਸਰਿਆ ਹੁੰਦਾ ਹੈ ।"

ਉਪਰੋਕਤ ਸਾਰੀਆਂ ਵਿਸ਼ੇਸ਼ਤਾਈਆਂ ਮਿਲਕੇ ਇੱਕ ਕੌਮ ਦੀ ਹੋਂਦ ਬਣਾਉਂਦੀਆਂ ਹਨ । ਇਹਨਾਂ ਵਿਚੋਂ ਕੋਈ ਇੱਕ ਵਿਸ਼ੇਸ਼ਤਾ ਆਪਣੇ ਆਪ 'ਚ ਕੌਮ ਨਹੀਂ ਪਰ ਕਿਸੇ ਇੱਕ ਨੁਕਤੇ ਨੂੰ ਵੀ ਛੱਡਕੇ ਕੌਮ ਦੀ ਪਰਿਭਾਸ਼ਾ ਦੇਣੀ ਮੁਸ਼ਕਲ ਹੈ ।

ਭਾਗ 3 ਵਿਚੋਂ ਵਰਨਣ ਕੀਤੇ ਕੌਮ ਦੇ ਦੋਵੇਂ ਗਲਤ ਸੰਕਲਪ ਕੌਮ ਦੀਆਂ ਇਹਨਾਂ ਵਿਸ਼ੇਸ਼ਤਾਈਆਂ ਨੂੰ ਧੁੰਦਲਾ ਕਰਦੇ ਹਨ । ਉਹਨਾਂ ਦੋਵਾਂ ਸੰਕਲਪਾਂ ਨੇ ਪੰਜਾਬੀ ਕੌਮ ਦੇ ਸੰਕਲਪ ਨੂੰ ਬੁਰੀ ਤਰ੍ਹਾਂ ਰੋਲਿਆ ਹੈ । ਪੰਜਾਬੀ ਕਦੇ ਵੀ ਆਪਣੇ ਆਪ ਨੂੰ ਇੱਕ ਕੌਮ ਦੇ ਤੌਰ 'ਤੇ ਇਕੱਠਾ ਨਹੀਂ ਕਰ ਸਕੇ । ਸਿਆਸੀ ਹੱਦਬੰਦੀਆਂ ਨਾਲੋਂ ਧਾਰਮਿਕ ਧਾਰਨਾਵਾਂ ਨੇ ਕੌਮ ਦੀ ਪਰਿਭਾਸ਼ਾ ਨੂੰ ਕੁਝ ਜ਼ਿਆਦਾ ਹੀ ਲਿਤਾੜਿਆ ਹੈ । ਪੰਜਾਬੀਆਂ ਨੂੰ ਹਮੇਸ਼ਾਂ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਦੇ ਨਾਂ ਉਪਰ ਵੰਡਿਆ ਗਿਆ, ਲੜਾਇਆ ਗਿਆ ਅਤੇ ਆਪਣੇ ਸੁਆਰਥਾਂ ਦੀ ਪੂਰਤੀ ਕੀਤੀ ਗਈ । ਅੱਜ ਪੰਜਾਬ ਵਿੱਚ ਉਭਰ ਰਿਹਾ "ਸਿੱਖ ਇਕ ਵੱਖ ਕੌਮ" ਦਾ ਨਾਹਰਾ ਵੀ 1947 'ਚ ਹੋਏ ਅੰਗਰੇਜ਼ ਮੁਸਲਿਮ ਲੀਗ—ਕਾਂਗਰਸ ਦੇ ਤ੍ਰੈ-ਪੱਖੀ ਸਮਝੌਤੇ ਦਾ ਸਿੱਟਾ ਹੈ ਜਿਸ ਵਿੱਚ ਮੁਸਲਿਮ ਲੀਗ ਦੇ ਧਰਮ ਆਧਾਰਤ ਨਾਹਰੇ ਨੂੰ ਮਾਨਤਾ ਦੇਕੇ ਪਾਕਿਸਤਾਨ ਦੀ ਹੋਂਦ ਉਸਾਰੀ ਗਈ ।

ਜੇਕਰ ਪਹਿਲਾਂ ਵਰਣਨ ਕੀਤੀਆਂ ਵਿਸ਼ੇਸ਼ਤਾਈਆਂ ਨੂੰ ਅਸੀਂ ਪੰਜਾਬੀਆਂ ਉਪਰ ਲਾਗੂ ਕਰਕੇ ਵੇਖੀਏ ਤਾਂ ਅਸੀਂ ਵੇਖ ਸਕਦੇ ਹਾਂ ਕਿ ਇਹ ਗੱਲਾਂ ਸਾਡੇ 'ਤੇ ਪੂਰੀ ਤਰ੍ਹਾਂ ਲਾਗੂ ਹੁੰਦੀਆਂ ਹਨ । ਸਾਡਾ ਆਪਣਾ ਸਭਿਆਚਾਰ ਹੈ; ਪੰਜਾਬੀਆਂ ਦੇ ਆਪਣੇ ਵਿਸ਼ਵਾਸ਼ ਹਨ, ਆਪਣੀ ਕਲਾ ਹੈ, ਸਮਾਜਿਕ ਰਸਮਾਂ ਹਨ, ਖਾਣ-ਪੀਣ ਦੀਆਂ ਰਿਵਾਇਤਾਂ ਹਨ, ਪੰਜਾਬੀਆਂ ਦੇ ਸੁਭਾਅ ਦੀਆਂ ਆਪਣੀਆਂ ਵਿਸ਼ੇਸ਼-ਹਨ. ਖੇਤੀਬਾੜੀ 'ਤੇ ਆਧਾਰਤ ਆਰਥਕਤਾ ਹੈ ਅਤੇ ਅਸੀਂ ਇਤਿਹਾਸਕ ਤੌਰ 'ਤੇ ਪੰਜਾਬੀ ਇਕ ਭਾਈਚਾਰੇ ਦੇ ਤੌਰ 'ਤੇ ਵਿਕਸਤ ਹੋਏ ਹਨ । ਇਹ ਠੀਕ ਹੈ ਕਿ ਪੂੰਜੀਵਾਦ ਅਤੇ ਵਿਗਿਆਨ ਦੇ ਵਿਕਾਸ ਨੇ ਸਾਡੇ ਵਿਸ਼ਵਾਸ਼ਾਂ, ਰਿਵਾਜਾਂ ਸਭਿਆਚਾਰ, ਕਲਾ ਅਤੇ ਖਾਣ-ਪੀਣ ਦੀਆਂ ਵਿਸ਼ੇਸ਼ਤਾਈਆਂ ਵਿੱਚ ਜ਼ਰੂਰ ਦਖਲ ਅੰਦਾਜ਼ੀ ਕੀਤੀ ਹੈ ਪਰ ਇਹ ਕਿਸੇ ਵਿਸ਼ੇਸ਼ ਫਿਰਕੇ 'ਤੇ ਹੀ ਨਹੀਂ ਬਲਕਿ ਸਾਰੇ ਪੰਜਾਬੀਆਂ 'ਤੇ ਹੀ ਇਸਦਾ ਪ੍ਰਭਾਵ ਪਿਆ ਹੈ । ਜਿਵੇਂ ਖੇਤੀਬਾੜੀ 'ਚ ਮਸ਼ੀਨੀਕਰਣ ਵਧਿਆ ਹੈ ਪਰ ਮਸ਼ੀਨੀਕਰਣ ਨੇ ਇਹ ਨਹੀਂ ਵੇਖਿਆ ਕਿ ਖੇਤੀ ਕਰਨ ਵਾਲਾ ਸਿੱਖ ਹੈ ਜਾਂ ਹਿੰਦੂ ।

ਕੌਮ ਦਾ ਸੰਕਲਪ ਜਿਥੇ ਧਰਮਾਂ ਦੇ ਘੇਰੇ ਵਿੱਚ ਨਹੀਂ ਆਉਂਦਾ ਉਥੇ ਸਿਆਸੀ ਹੱਦਬੰਦੀਆਂ ਦੀ ਕਾਇਮੀ

ਵੀ ਇਸ 'ਤੇ ਜ਼ਿਆਦਾ ਪ੍ਰਭਾਵ ਨਹੀਂ ਪਾ ਸਕਦੀ। ਇਹੀ ਕਾਰਣ ਹੈ ਕਿ ਪੂਰਬੀ ਅਤੇ ਪੱਛਮੀ ਪੰਜਾਬ ਦੇ ਲੋਕਾਂ ਵਿੱਚ ਬਹੁਤ ਸਾਰੀਆਂ ਗੱਲਾਂ ਦੀ ਸਾਂਝ ਹੈ। ਬੰਗਾਲੀਆਂ ਅਤੇ ਬੰਗਲਾ ਦੇਸ਼ੀਆਂ ਵਿਚ ਕਈ ਗੱਲਾਂ ਸਾਂਝੀਆਂ ਹਨ। ਇਸ ਆਧਾਰ ਤੇ 'ਅਸੀਂ' ਕਹਿ ਸਕਦੇ ਹਾਂ ਉਧਰਲੇ ਪੰਜਾਬੀ ਅਤੇ ਇਧਰਲੇ ਪੰਜਾਬੀ ਇੱਕ ਕੌਮ ਦਾ ਅੰਗ ਹਨ। (ਇਹ ਵੱਖਰੀ ਗੱਲ ਹੈ ਕਿ ਸਾਡੇ ਹਿੰਦੀ ਅਤੇ ਅੰਗਰੇਜ਼ੀ ਦੇ ਨਾਮ ਉਤੇ ਅਤੇ ਉਧਰ ਉਰਦੂ ਅਤੇ ਅੰਗਰੇਜ਼ੀ ਦੇ ਨਾਮ ਉਤੇ ਸਾਡੀ ਸਾਂਝੀ ਮਾਂ ਬੋਲੀ, ਪੰਜਾਬੀ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਜਾ ਰਿਹਾ ਹੈ) ਇਸ ਤੋਂ ਵੀ ਅੱਗੇ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਕਈ ਕੌਮਾਂ ਦਾ ਸਮੂਹ ਹੈ,ਜਿਸਦਾ ਆਧਾਰ ਪਹਿਲਾ ਦੱਸੀਆਂ ਵਿਸ਼ੇਸ਼ਤਾਈਆਂ ਬਣਦੀਆਂ ਹਨ। ਇਸੇ ਤਰਾਂ ਪਾਕਿਸਤਾਨ ਵਿਚ ਵੀ ਸਿੰਧੀ, ਪੰਜਾਬੀ, ਬਲੋਚੀ, ਪਖਤੂਨ, ਕਸ਼ਮੀਰੀ ਆਦਿ ਕਈ ਕੌਮਾਂ ਹਨ।

ਜੇਕਰ ਕੌਮ ਦੇ ਸਵਾਲ ਨੂੰ ਠੀਕ ਤਰ੍ਹਾਂ ਨਜਿੱਠਿਆ ਜਾਂਦਾ ਤਾਂ ਕੋਈ ਵਜ੍ਹਾ ਨਹੀਂ ਸੀ ਕਿ ਪੰਜਾਬ ਦੇ ਪੈਦਾ ਹੋਏ ਅਜੋਕੇ ਫਿਰਕੂ ਸੰਕਟ ਨੂੰ ਘੱਟ ਨਾ ਕੀਤਾ ਜਾ ਸਕਦਾ।

ਪਰ ਕੀ ਕੌਮ ਦੇ ਸਵਾਲ ਦਾ ਹੱਲ ਹੀ ਸਿਰਫ ਫਿਰਕਾਪ੍ਰਸਤੀ ਦਾ ਸਹੀ ਹੱਲ ਹੈ ? ਜਵਾਬ ਨਾਂਹ ਵਿਚ ਹੈ। ਇਸਦੇ ਕਈ ਹੋਰ ਵੀ ਕਾਰਣ ਹਨ।

5. ਪੰਜਾਬੀਅਤ ਦੇ ਸੰਕਟ ਦਾ ਦੂਸਰਾ ਵੱਡਾ ਕਾਰਣ ਇਤਿਹਾਸ ਨੂੰ ਠੀਕ ਤਰ੍ਹਾਂ ਨਾ ਸਮਝਣਾ ਹੈ। ਪੰਜਾਬ ਦੇ ਇਤਿਹਾਸ ਵਿੱਚ ਆਧਿਆਤਮਿਕਤਾ ਦਾ ਸੰਬੰਧ ਲੋਕ-ਘੋਲਾਂ ਨਾਲ ਮੱਧ-ਯੁਗ ਦੇ ਸਮੇਂ ਕਾਫੀ ਜੁੜਿਆ ਰਿਹਾ ਹੈ। ਇਸ ਆਧਿਆਤਮਿਕਤਾ ਨੇ ਵੀ ਪੁਰਾਣੇ ਬ੍ਰਾਹਮਣੀ ਸੰਸਕਾਰਾਂ ਦੀ ਜਕੜ ਵਿਰੁੱਧ ਬਗਾਵਤ ਕੀਤੀ। ਬ੍ਰਾਹਮਣੀ ਸਮਾਜ ਦੀਆਂ ਜ਼ਾਤਪਾਤੀ ਰਸਮਾਂ ਦਾ ਕਰੜਾ ਵਿਰੋਧ ਕੀਤਾ ਅਤੇ ਲੋਕਾਂ ਨੂੰ ਅੰਧ ਵਿਸ਼ਵਾਸਾਂ ਵਿਚੋਂ ਕੱਢਣ ਲਈ ਤਕੜਾ ਹੰਭਲਾ ਮਾਰਿਆ। ਉਸ ਸਮੇਂ ਇਸ ਅਧਿਆਤਮਿਕ (ਭਗਤੀ) ਲਹਿਰ ਦੇ ਆਗੂਆਂ ਨੇ ਲੋਕਾਂ ਦੀ ਬੋਲੀ ਵਿਚ ਆਪਣੀਆਂ ਰਚਨਾਵਾਂ ਰਚ ਕੇ ਉਹਨਾਂ ਨੂੰ ਤਕੜਾ ਹਲੂਣਾ ਦਿੱਤਾ। ਥੋੜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਉਸ ਸਮੇਂ ਇਸ ਲਹਿਰ ਨੇ ਇਕ ਅਗਾਂਹਵਧੂ ਭੂਮਿਕਾ ਨਿਭਾਈ। ਇਹੋ ਅਧਿਆਤਮਿਕ ਲਹਿਰ ਅੱਗੇ ਚਲ ਕੇ ਸਿੱਖ ਲਹਿਰ ਵਿਚ ਵਿਕਸਤ ਹੋਈ।

ਉਦਾਹਰਣ ਦੇ ਤੌਰ 'ਤੇ ਗੁਰੂ ਨਾਨਕ ਨੇ ਜਨੇਊ ਪਾਉਣ ਦੀ ਰਸਮ ਨੂੰ ਰੱਦ ਕੀਤਾ ਅਤੇ ਮਨੁੱਖ ਦੇ ਗੁਣਾਂ-ਔਗੁਣਾਂ ਨੂੰ ਹੀ ਉਸਦੀ ਚੰਗਿਆਈ ਜਾਂ ਬੁਰਾਈ ਦਾ ਮਾਪਦੰਡ ਦੱਸਿਆ। ਹਰਦੁਆਰ 'ਚ ਗੰਗਾ 'ਚੋਂ ਸੂਰਜ ਨੂੰ ਪਾਣੀ ਦੇ ਰਹੇ ਬ੍ਰਾਹਮਣਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਤੀਰਥਾਂ ਉਤੇ ਇਸ਼ਨਾਨ ਕਰਨ ਨੂੰ ਵਿਅਰਥ ਦੱਸਿਆ ਜਿਸਨੂੰ ਅੱਗੇ ਚਲ ਕੇ ਗੁਰੂ ਅਮਰਦਾਸ ਨੇ 'ਸਾਧ ਭਲੇ ਅਣਨਾਤਿਆ ਚੋਰ ਸੁ ਚੋਰਾ ਚੋਰ' ਕਹਿ ਕੇ ਹੋਰ ਪਰਚੰਡ ਕੀਤਾ।

(ਉਪਰੋਕਤ ਵਾਕ ਵਿਚ ਸਾਧ ਤੋਂ ਭਾਵ ਭਲੇ ਮਨੁੱਖ ਤੋਂ ਹੈ ਕਿਸੇ ਭਗਵੇਂ ਰੰਗੇ ਕੱਪੜਿਆਂ ਵਾਲੇ ਤੋਂ ਨਹੀਂ ਕਿਉਂਕਿ ਇਕ ਹੋਰ ਥਾਂ ਉਹਨਾਂ ਹੀ ਕਿਹਾ ਹੈ 'ਜੋਗ ਨਾ ਭਗਵੀਂ ਕਪੜੀ ਜੋਗ ਨਾ ਮੈਲੇ ਵੇਸ'।)

ਗੁਰੂ ਨਾਨਕ ਨੇ ਧਰਮਾਂ ਦੀ ਸੜਿਆਂਦ ਮਾਰਦੀ ਥੇ ਵਿਚੋਂ ਮਨੁਖਾਂ ਨੂੰ ਕੱਢਣ ਲਈ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਹੋਕਾ ਦਿੱਤਾ ਜਿਹੜਾ ਕਿ ਸਪੱਸ਼ਟ ਕਰਦਾ ਹੈ ਕਿ ਉਹਨਾਂ ਨੇ ਧਰਮਾਂ ਦੇ ਆਧਾਰ 'ਤੇ ਵੰਡੀ ਮਨੁੱਖਤਾ ਨੂੰ ਇਕ ਕਰਨ ਦਾ ਸੰਕਲਪ ਉਭਾਰਿਆ। ਇਥੇ ਹੀ ਬੱਸ ਨਹੀਂ ਸਿੱਖ ਲਹਿਰ ਦੇ ਕਿਸੇ ਵੀ ਆਗੂ (ਗੁਰੂ) ਨੇ ਕਿਸੇ ਵੱਖਰੇ ਧਰਮ ਦੀ ਸਥਾਪਨਾ ਨਹੀਂ ਕਰਨੀ ਚਾਹੀ। ਇਹੀ ਕਾਰਣ ਹੈ ਕਿ ਉਹਨਾਂ ਨੇ ਗੁਰਮਤ ਦੇ ਅਸੂਲਾਂ ਦੀ ਅਨੁਸਾਰੀ ਹੋਰ ਬਹੁਤ ਸਾਰੇ ਵਿਅਕਤੀਆਂ ਦੀ ਕਵਿਤਾ ਨੂੰ ਗੁਰੂ ਗਰੰਥ ਸਾਹਿਬ ਵਿਚ ਸ਼ਾਮਲ ਕੀਤਾ।

ਇਕ ਕਹਾਣੀ ਗੁਰੂ ਗੋਬਿੰਦ ਸਿੰਘ ਦੇ ਬਚਪਣ ਦੀ ਹੈ ਕਿ ਉਹਨਾਂ ਕੋਲ ਦੋ ਕੁੱਜੀਆਂ ਲਿਆਂਦੀਆਂ ਗਈਆਂ ਜਿਨ੍ਹਾਂ ਵਿਚੋਂ ਇਕ ਨੂੰ ਹਿੰਦੂਆਂ ਦੀ ਅਤੇ ਇਕ ਨੂੰ ਮੁਸਲਮਾਨਾਂ ਦੀ ਮੰਨਿਆ ਗਿਆ। ਗੁਰੂ ਜੀ ਨੇ ਦੋਹਾਂ ਕੁੱਜੀਆਂ ਨੂੰ ਫੜ ਲਿਆ ਜਿਸਨੇ ਸਪੱਸ਼ਟ ਕੀਤਾ ਕਿ ਉਹ ਦੋਹਾਂ ਫਿਰਕਿਆਂ ਦੀ ਰੱਖਿਆ ਕਰਨਗੇ। ਇਹ ਘਟਨਾ ਭਾਵੇਂ ਕਿਸੇ ਅਣਜਾਣ ਬੱਚੇ ਵੱਲੋ ਦੋਹਾਂ ਕੁੱਜੀਆਂ ਨੂੰ ਪ੍ਰਾਪਤ ਕਰਨ ਦੀ ਰੀਝ ਵਿਚੋਂ ਵਾਪਰ ਸਕਦੀ ਹੈ ਪਰ ਇਹ ਦੋ ਤੱਥਾਂ ਦੀ ਗਵਾਹੀ ਦਿੰਦੀ ਹੈ। ਇਕ ਤਾਂ ਇਹ ਕਿ ਗੁਰੂ ਜੀ ਮਜ਼ਹਬੀ ਦਾਇਰਿਆਂ ਤੋਂ ਉਪਰ ਸਨ। ਦੂਜੀ ਇਹ ਕਿ ਉਸ ਸਮੇਂ ਤੱਕ ਸਿੱਖ ਧਰਮ ਹੋਂਦ ਵਿਚ ਨਹੀਂ ਆਇਆ ਸੀ (ਸਿੱਖ ਲਹਿਰ ਜ਼ਰੂਰ ਕਾਰਜਸ਼ੀਲ ਸੀ) ਕਿਉਂਕਿ ਜੇਕਰ ਸਿੱਖ ਧਰਮ ਹੋਂਦ 'ਚ ਆ ਗਿਆ ਹੁੰਦਾ ਤਾਂ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਕੁੱਜੀਆਂ ਦੇ ਨਾਲ ਸਿੱਖ ਧਰਮ ਦੀ ਕੁੱਜੀ ਵੀ ਲਿਆਂਦੀ ਗਈ ਹੁੰਦੀ। (ਕਾਸ਼ ! ਅੱਜ ਦੇ ਬਾਬਿਆਂ ਕੋਲ ਇਤਨੀ ਸਹਿਣਸ਼ੀਲਤਾ ਹੁੰਦੀ।)

ਇਸੇ ਗੁਰੂ ਨੇ ਅੱਗੇ ਚਲ ਕੇ ਖਾਲਸਾ ਫੌਜ ਦੀ ਸਥਾਪਨਾ ਕੀਤੀ ਜਿਸ ਵਿਚ ਹਰ ਉਹ ਸ਼ਖਸ ਸ਼ਾਮਲ ਹੋ ਸਕਦਾ ਸੀ ਜਿਹੜਾ ਜਬਰ ਜ਼ੁਲਮ ਦੇ ਖਿਲਾਫ ਲੜਦਾ ਸੀ। ਮਜ਼ਹਬੀ ਸੌੜਾਪਣ ਉਹਨਾਂ ਤੋਂ ਕੋਹਾਂ ਦੂਰ ਸੀ। (ਉਦਾਹਰਣ ਦੇ ਤੌਰ 'ਤੇ ਬੁੱਧਸ਼ਾਹ ਪੀਰ)। ਅੱਗੇ ਚੱਲ ਸ਼ਾਹ ਮੁਹੰਮਦ ਕਹਿੰਦਾ ਹੈ :

ਮੇਵਾ ਸਿੰਘ 'ਤੇ ਮਾਖੇ ਖਾਂ ਹੋਏ ਸਿੱਧੇ
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਉਪਰੋਕਤ ਸਤਰਾਂ ਵਿਚ ਸਿੰਘ ਸ਼ਬਦ ਤੋਂ ਭਾਵ ਮੇਵਾ ਸਿੰਘ ਵੀ ਹੈ ਅਤੇ ਮਾਖੇ ਖਾਂ ਵੀ।

6. ਪਰ ਅੱਜ ਕੱਲ ਅਸੀਂ ਇਹਨਾਂ ਸੱਚਾਈਆਂ ਨੂੰ ਭੁੱਲਣ ਦਾ ਪ੍ਰਤੱਖ ਪ੍ਰਮਾਣ ਦੇ ਰਹੇ ਹਾਂ ਜਦੋਂ ਅਸੀਂ ਕਹਿੰਦੇ ਹਾਂ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਨ। ਨਹੀਂ ਇਹ ਗਲਤ ਹੈ। ਉਹ ਕਿਸੇ ਧਰਮ ਦੇ ਬਾਨੀ ਨਹੀਂ ਸਨ। ਉਹ ਸਿੱਖ ਲਹਿਰ ਦੇ ਬਾਨੀ ਸਨ ਜਿਸਦਾ ਆਸ਼ਾ ਸਮਾਜਿਕ, ਆਰਥਿਕ ਅਤੇ ਸਿਆਸੀ ਢਾਂਚੇ ਵਿਚ ਪਈਆਂ ਬੁਰਾਈਆਂ ਨੂੰ ਦੂਰ ਕਰਨਾ ਸੀ।

7. ਅਗਲਾ ਵਿਚਾਰਣਯੋਗ ਸੰਵਾਲ ਇਹ ਹੈ ਕਿ ਜੇਕਰ ਸਿੱਖ ਧਰਮ ਦੀ ਸਥਾਪਨਾ ਉਹਨਾਂ ਦੀ ਮਨਸਾ ਨਹੀਂ ਸੀ ਤਾਂ ਸਿੱਖ ਧਰਮ ਪੈਦਾ ਕਿਵੇਂ ਹੋਇਆ ?

ਸਮਾਜ ਵਿਚ ਵਾਪਰਦਾ ਕੋਈ ਵੀ ਵਰਤਾਰਾ ਕਿਸੇ ਇਕ (ਜਾਂ ਦਸ) ਵਿਅਕਤੀਆਂ ਦੀ ਇੱਛਾ ਅਨੁਸਾਰ ਨਹੀਂ ਹੁੰਦਾ। ਇਹ ਤਾਂ ਸਮਾਜ 'ਚ ਹੋਈਆਂ ਤਬਦੀਲੀਆਂ ਦਾ ਹੀ ਸਿੱਟਾ ਹੁੰਦਾ ਹੈ।

ਸਿੱਖ ਧਰਮ ਦੀ ਸਥਾਪਨਾ ਨੂੰ ਵੀ ਅਸੀਂ ਇਸੇ ਪੱਰਸੰਗ 'ਚ ਰੱਖ਼ ਕੇ ਘੋਖਾਂਗੇ।

ਸਿੱਖ ਲਹਿਰ ਜਗੀਰੂ ਸਮਾਜ ਦੀਆਂ ਗਲਤ ਰਸਮਾਂ ਵਿਰੁੱਧ ਬਗ਼ਾਵਤ ਸੀ ਅਤੇ ਇਸਦਾ ਖੇਤਰ ਅਧਿਆਤ-ਮਿਕਤਾ ਦੇ ਸੀਮਤ ਘੇਰੇ 'ਚ ਰਹਿ ਕੇ ਹੀ ਮਨੁੱਖਤਾ ਦੀ ਝੰਡਾ ਬਰਦਾਰੀ ਕਰਨਾ ਸੀ। ਜਿਵੇਂ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਦੇ ਚੇਤੰਨ ਦਿਮਾਗ ਨੇ ਧਰਤੀ ਦੇ ਕਿਸੇ ਬਲਦ ਦੇ ਸਿੰਗ ਉਪਰ ਖੜੇ ਹੋਣ 'ਤੇ ਕਿੰਤੂ ਕੀਤਾ। ਪਰ ਉਸ ਸਮੇਂ ਸਮਾਜ ਦਾ ਵਿਕਾਸ ਇਸ ਪੱਧਰ ਤੱਕ ਨਹੀਂ ਸੀ ਪਹੁੰਚਿਆ ਕਿ ਉਹ ਇਸ ਦੀ ਕੋਈ ਵਿਗਿਆਨਕ ਵਿਆਖਿਆ ਦੇ ਸਕਦੇ। ਇਸੇ ਤਰ੍ਹਾਂ ਉਹ ਤੀਰਥਾਂ ਦੇ ਪਾਣੀ ਨੂੰ ਪਵਿੱਤਰ ਸਮਝ ਕੇ ਗੋਤੇ ਲਾਉਣ ਵਾਲਿਆਂ ਨੂੰ ਇਹ ਨਹੀਂ ਸਨ ਦੱਸ ਸਕਦੇ ਕਿ ਪਾਣੀ ਆਕਸੀਜਨ ਅਤੇ ਹਾਈਡਰੋਜਨ ਦੇ ਖਾਸ ਅਨੁਪਾਤ ਅਨੁਸਾਰ ਬਣਦਾ ਹੈ ਚਾਹੇ ਉਹ ਕਿਤੋਂ ਦਾ ਵੀ ਹੋਵੇ। ਬਲਕਿ ਇਹਨਾਂ ਅਖੌਤੀ ਪਵਿੱਤਰ ਪਾਣੀਆਂ ਵਿਚ ਸੌ ਗੰਦ ਮੰਦ ਰਲ ਕੇ ਇਹ ਅਪਵਿੱਤਰ (ਅਸ਼ੁੱਧ) ਹੋ ਜਾਂਦਾ ਹੈ।

ਬੰਦਾ ਬਹਾਦਰ ਦੀ ਮੌਤ ਤੋਂ ਬਾਅਦ ਕਾਫੀ ਗਿਣਤੀ ਵਿਚ ਜਾਗੀਰਦਾਰ ਅਤੇ ਸਰਦਾਰ ਸਿੱਖ ਲਹਿਰ ਦੇ ਆਗੂ ਬਣ ਗਏ। ਉਹਨਾਂ ਦੀ ਇਹ ਇਕ ਜਮਾਤੀ ਲੋੜ ਸੀ ਕਿ ਉਹ ਸਿੱਖ ਲਹਿਰ ਨੂੰ ਇਕ ਧਰਮ ਵਿਚ ਬਦਲਣ। ਇਸਦਾ ਸਭ ਤੋਂ ਜ਼ਿਆਦਾ ਕੰਮ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਹੋਇਆ ਜਿਸ ਅੰਮ੍ਰਿਤਸਰ ਦੇ ਗੁਰਦੁਆਰੇ ਨੂੰ, ਜੋ ਕਿਸੇ ਸਮੇਂ ਲੋਕਾਂ ਨੂੰ ਜਥੇਬੰਦ ਕਰਨ ਦਾ ਕੇਂਦਰ ਸੀ, ਸੋਨੇ 'ਚ ਮੜ੍ਹ ਕੇ ਧਾਰਮਿਕ ਸਥਾਨ ਦਾ ਦਰਜਾ ਦਿੱਤਾ। ਇਹ ਸੋਨਾ ਉਸਦੀ ਆਪਣੇ ਦਸਾਂ ਨੌਹਾਂ ਦੀ ਕਮਾਈ ਨਹੀਂ ਸੀ, (ਜੋ ਕਿ ਸਿੱਖੀ ਦਾ ਪ੍ਰਮੁੱਖ ਅਸੂਲ ਸੀ) ਬਲਕਿ ਲੋਕਾਂ ਅਤੇ ਰਾਜਿਆਂ ਤੋਂ ਲੁੱਟਿਆ ਹੋਇਆ ਸੀ।

ਅੰਗਰੇਜ਼ ਸਾਮਰਾਜ ਦੇ ਆਗਮਨ ਨਾਲ ਭਾਰਤ ਵਿਚ ਪੂੰਜੀਵਾਦ ਦਾ ਪ੍ਰਵੇਸ਼ ਹੋਇਆ। ਜਾਗੀਰਦਾਰੀ ਸਮਾਜ ਦੀ ਉਪਜ ਸਿੱਖ ਲਹਿਰ ਨੇ ਪੂੰਜੀਵਾਦੀ ਸਮਾਜ ਦੀਆਂ ਕਦਰਾਂ ਕੀਮਤਾਂ ਅਨੁਸਾਰ ਬਦਲਣ ਤੋਂ ਆਪਣੇ ਆਪਨੂੰ ਅਸਮੱਰਥ ਪਾਇਆ ਜਿਸਦੇ ਸਿੱਟੇ ਵਜੋਂ ਸਿੱਖ ਲਹਿਰ ਦਾ ਵਿਕਾਸ ਰੁਕ ਗਿਆ ਅਤੇ ਇਹ ਇਕ ਧਰਮ ਦੇ ਰੂਪ ਵਿਚ ਤਬਦੀਲ ਹੋ ਗਈ। ਇਸੇ ਕਰਕੇ ਇਸਦੀ ਲੰਗਰ ਦੀ ਪ੍ਰਥਾ ਰੁਕੀ। ਇਕੋ ਘਰ ਵਿਚ ਇਕ ਲੰਗਰ (ਚੁੱਲ੍ਹੇ) ਤੋਂ ਹੀ ਕਈ-ਕਈ ਲੰਗਰ ਹੋਣ ਲੱਗੇ। ਕਈ ਹੋਰ ਮਨੌਤਾਂ ਦੀ ਮਹੱਤਤਾ ਵੀ ਘਟੀ। ਜਿਵੇਂ ਆਪਾਂ ਅੱਰਦਾਸ ਨੂੰ ਲੈਂਦੇ ਹਾਂ। ਜਿਸ ਸਮੇਂ ਅਰਦਾਸ ਸ਼ੁਰੂ ਹੋਈ ਤਾਂ ਉਸ ਸਮੇਂ ਆਮ ਤੌਰ 'ਤੇ ਤਲਵਾਰਾਂ ਅਤੇ ਨੇਜ਼ਿਆਂ ਦੀ ਲੜਾਈ ਹੁੰਦੀ ਸੀ ਜਿਸ ਵਾਸਤੇ ਜ਼ਰੂਰੀ ਸੀ ਕਿ ਖਾਲਸਾ ਫੌਜ ਦੇ ਸਿਪਾਹੀਆਂ ਅੰਦਰ ਜੁਝਾਰੂ ਭਾਵਨਾ ਭਰਨ ਲਈ ਉਹਨਾਂ ਨੂੰ ਰਚਾਇਆ ਜਾਏ ਕਿ ਅਰਦਾਸ ਕਰਕੇ ਪਿੱਛੇ ਹਟਣਾ ਕਾਇਰਤਾ ਹੈ। ਇਹ ਗੱਲ ਉਸ ਸਮੇਂ ਠੀਕ ਸੀ ਪਰ ਇਹੋ ਗੱਲਾਂ ਅੰਗਰੇਜ਼ਾਂ ਨਾਲ ਹੋਈਆਂ ਲੜਾਈਆਂ ਵਿਚ ਗਲਤ ਸਿੱਧ ਹੋਈ ਕਿਉਂਕਿ ਉਹਨਾਂ ਕੋਲ ਅਤਿ ਆਧੁਨਿਕ ਤੋਪਾਂ ਅਤੇ ਬੰਦੂਕਾਂ ਸਨ ਜਿਸ ਵਾਸਤੇ ਜ਼ਰੂਰੀ ਸੀ ਕਿ ਦੁਸ਼ਮਣ 'ਤੇ ਸਿੱਧਾ ਹਮਲਾ ਕਰਨ ਦੀ ਬੇਜਾਏ ਪਿੱਛੇ ਮੁੜ ਕੇ ਪਾਸੇ ਤੋਂ ਹਮਲਾ ਕੀਤਾ ਜਾਏ। ਪਰ ਨਹੀਂ ਇੰਜ ਨਹੀਂ ਹੋਇਆ। ਸਿੱਖ ਫੌਜ ਪਿੱਛੇ ਮੁੜਨ ਨੂੰ ਨਵੀਆਂ ਪੈਦਾ ਹੋਈਆਂ ਹਾਲਤਾਂ ਵਿਚ ਵੀ ਕਾਇਰਤਾ ਹੀ ਸਮਝਦੀ ਰਹੀ ਜਿਸਦਾ ਸਿੱਟਾ ਹਾਰ ਵਿਚ ਨਿਕਲਿਆ।

ਇਥੇ ਹੀ ਬੱਸ ਨਹੀਂ ਜਿਸ ਤੀਰਥਾਂ 'ਤੇ ਨਹਾਉਣ ਨੂੰ ਗੁਰੂ ਸਾਹਿਬ ਨੇ ਪੈਰ-ਪੈਰ 'ਤੇ ਰੱਦ ਕੀਤਾ ਸੀ ਅੱਜ ਉਹਨਾਂ ਦੇ ਨਾਮ 'ਤੇ ਹੀ ਤੀਰਥ ਬਣਾਏ ਜਾਣ ਲੱਗੇ ਅਤੇ ਤਲਾਬ ਪੁੱਟੇ ਜਾਣ ਲੱਗੇ (ਅਤੇ ਲੋਕ 'ਮੁਕਤੀ' ਵਾਸਤੇ ਇਹਨਾਂ ਵਿਚ ਗੋਤੇ ਲਾਉਣ ਲੱਗੇ)। ਜਿਸ ਜ਼ਾਤਪਾਤ ਨੂੰ ਸਿੱਖ ਲਹਿਰ ਵਿਚ ਕੋਈ ਥਾਂ ਨਹੀਂ ਸੀ ਉਹਨਾਂ ਸਿੱਖਾਂ ਨੂੰ ਹੀ ਰਾਮਦਾਸੀਏ ਸਿੱਖ, ਰਾਮਗੜੀਏ ਸਿੱਖ, ਮਜ਼ਬੀ ਸਿੱਖ, ਜੱਟ ਸਿੱਖ ਆਦਿ ਦੇ ਨਾਮ ਨਾਲ ਜਾਣਿਆਂ ਜਾਣ

ਲਗਾ। ਤਿੰਨ ਫੁੱਟੀ ਕ੍ਰਿਪਾਨ ਜੋ ਕਦੇ ਯੁੱਧ ਦਾ ਹਥਿਆਰ ਹੁੰਦੀ ਸੀ ਘਟਦੀ-ਘਟਦੀ 15 ਇੰਚ ਤੱਕ ਰਹਿ ਗਈ।

ਸਿੱਖ ਲਹਿਰ 'ਚੋਂ ਸਿੱਖ ਧਰਮ ਤੱਕ ਦਾ ਸਫਰ ਕਾਫੀ ਅਧਿਐਨ ਦੀ ਮੰਗ ਕਰਦਾ ਹੈ। ਪਰ ਸਾਡੇ ਵਿਦਵਾਨ ਇਸ ਸੱਚਾਈ ਨੂੰ ਛੱਡਦੇ ਹੋਏ ਪ੍ਰਚਲਿਤ ਕਥਾਵਾਂ ਦੀ ਵਿਆਖਿਆ ਕਰਨ ਵਿਚ ਹੀ ਲੱਗੇ ਹੋਏ ਹਨ। ਅਜੋਕੇ ਮਾਹੌਲ ਵਿਚ ਪੰਜਾਬੀਅਤ ਨੂੰ ਉਭਾਰਨ ਲਈ ਜ਼ਰੂਰੀ ਹੈ ਕਿ ਸਿਖ ਧਰਮ ਨੂੰ ਹੋਰਨਾਂ ਧਰਮਾਂ ਵਾਂਗ ਹੀ ਸਮਝਿਆ ਜਾਏ ਨਾ ਕਿ ਪੰਜਾਬ ਦੇ ਵਾਰਸ ਵਜੋਂ। ਸਿੱਖ ਅੱਜ ਪੰਜਾਬੀ ਕੌਮ ਦਾ ਇਕ ਫਿਰਕਾ ਹਨ। ਜਿਤਨਾ ਚਿਰ ਇਤਿਹਾਸ ਵਿਚ ਵਾਪਰੇ ਇਸ ਲਹਿਰ ਤੋਂ ਧਰਮ ਤੱਕ ਦੇ ਵਰਤਾਰੇ ਨੂੰ ਅਸੀਂ ਸਮਝ ਨਹੀਂ ਲੈਂਦੇ ਉਤਨਾ ਚਿਰ ਪੰਜਾਬੀਅਤ ਨੂੰ ਸਮਝਣਾ ਬਹੁਤ ਔਖਾ ਹੈ।

8. 1947 ਤੋਂ ਬਾਅਦ ਦਿੱਲੀ ਦੇ ਤਖ਼ਤ 'ਤੇ ਕਾਬਜ਼ ਹੋਏ ਹਾਕਮਾਂ ਨੇ ਧਾਰਮਿਕ ਅਤੇ ਜਾਤਪਾਤੀ ਵੰਡ ਦਾ ਪੂਰਾ-ਪੂਰਾ ਲਾਭ ਉਠਾਇਆ। ਵੱਖਰੇ ਪਾਕਿਸਤਾਨ ਦੇ ਹੋਂਦ 'ਚ ਆਉਣ ਕਰਕੇ ਕਾਂਗਰਸ ਨੂੰ ਹਿੰਦੂ ਸ਼ਾਵਨ-ਵਾਦ ਝੰਡਾ ਉੱਚਾ ਚੁੱਕਣ ਦਾ ਹੋਰ ਮੌਕਾ ਮਿਲ ਗਿਆ। ਹਰ ਸਰਕਾਰੀ ਸਮਾਗਮ 'ਚ ਹਿੰਦੂ ਧਾਰਮਿਕ ਗਰੰਥਾਂ ਦਾ ਪਾਠ ਕੀਤਾ ਜਾਣ ਲੱਗਾ। ਹਿੰਦੀ ਨੂੰ 'ਰਾਸ਼ਟਰੀ' ਭਾਸ਼ਾ ਦਾ ਦਰਜਾ ਦੇ ਕੇ ਭਾਰਤੀ ਕੌਮਾਂ ਸਿਰ ਮੜਿਆ ਗਿਆ। ਹਿੰਦੂ ਫਿਲਾਸਫੀ ਅਨੁਸਾਰ 'ਪਵਿਤਰ' ਪੰਛੀ ਮੋਰ ਨੂੰ 'ਰਾਸ਼ਟਰੀ' ਪੰਛੀ ਐਲਾਨਿਆ ਗਿਆ। 'ਜਨ ਗਣ ਮਨ' ਅਤੇ 'ਬੰਦੇ ਮਾਤਰਮ' ਆਦਿ ਗੀਤਾਂ ਨੂੰ ਅਪਣਾਇਆ ਗਿਆ ਜਿਸ ਵਿਚ ਹਿੰਦੂ ਸ਼ਾਵਨਵਾਦ ਦੇ ਗੁਣਗਾਨ ਕੀਤੇ ਗਏ। ਹਿੰਦੂ ਧਰਮ ਨਾਲ ਸੰਬੰਧਤ ਦੋ ਸ਼ਹਿਰਾਂ ਨੂੰ 'ਪਵਿੱਤਰ' ਸ਼ਹਿਰ ਕਰਾਰ ਦੇ ਕੇ ਲੋਕਾਂ ਦੀ ਨਿੱਜੀ ਸਵਤੰਤਰਤਾ 'ਤੇ ਵਾਰ ਕੀਤਾ ਗਿਆ। ਹਿੰਦੂ ਧਰਮ ਦੀ ਸਟੱਡੀ ਵਾਸਤੇ ਹਿੰਦੂ ਯੂਨੀਵਰਸਿਟੀ ਬਨਾਰਸ ਦੀ ਸਥਾਪਨਾ ਕੀਤੀ ਗਈ। ਹਿੰਦੂ, ਮੁਸਲਿਮ ਪਰਸਨਲ ਲਾਅ ਬਣਾ ਕੇ ਭਾਰਤੀ ਕੌਮਾਂ ਨੂੰ ਧਰਮ ਦੇ ਆਧਾਰ 'ਤੇ ਵੰਡਿਆ ਗਿਆ। ਪ੍ਰਮੁੱਖ ਹਾਕਮਾਂ ਨੇ ਵੀ ਹਿੰਦੂ ਧਰਮ ਦਾ ਖੁੱਲੇਆਮ ਪਰਚਾਰ ਕੀਤਾ। ਇਸਦੀ ਸਭ ਤੋਂ ਵੱਡੀ ਉਦਾਹਰਣ ਇੰਦਰਾ—ਫਿਰੋਜ਼ ਵਿਆਹ ਹੈ ਜਿਸ ਵਿਚ ਨਹਿਰੂ ਦੀ ਇਜਾਜ਼ਤ ਤਾਂ ਹੀ ਮਿਲੀ ਜਦੋਂ ਫੀਰੋਜ਼ ਗਾਂਧੀ ਨੇ ਹਿੰਦੂ ਧਰਮ ਅਪਨਾ ਲਿਆ। ਮਹਾਤਮਾ ਗਾਂਧੀ ਵੀ ਮੰਦਰ 'ਚ ਗਿਆ ਮਾਰਿਆ ਗਿਆ। ਹਿੰਦੂ ਫਿਰਕਾਪ੍ਰਸਤ ਫਾਸ਼ੀ ਗਰੋਹਾਂ ਆਰ.ਐਸ.ਐਸ., ਜਨਸੰਘ, ਹਿੰਦੂ ਸ਼ਿਵ ਸੈਨਾ, ਹਿੰਦੂ ਸੁਰੱਖਿਆ ਸੰਮਤੀ ਆਦਿ ਨੂੰ ਪੂਰਨ ਖੁੱਲ੍ਹ ਦਿੱਤੀ ਗਈ।

ਅਜਿਹੀ ਸਥਿਤੀ ਵਿੱਚ ਲਾਜ਼ਮੀ ਸੀ ਕਿ ਹੋਰਨਾਂ ਧਰਮਾਂ ਨਾਲ ਸੰਬੰਧਤ ਜਥੇਬੰਦੀਆਂ ਵੀ ਹੋਂਦ 'ਚ ਆਉਂਦੀਆਂ ਪੰਜਾਬ ਵਿੱਚ ਅਕਾਲੀ ਦਲ ਪਹਿਲਾਂ ਤੋਂ ਹੀ ਸਰਗਰਮ ਸੀ। ਇਸਨੇ ਸਿੱਖ ਧਰਮ ਨੂੰ ਉੱਚਾ ਚੁੱਕਣਾ ਸ਼ੁਰੂ ਕੀਤਾ ਜਿਸ ਵਿਚੋਂ ਇਸਦੀਆਂ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜ਼ਾ, ਸਿੱਖ ਇਕ ਵੱਖ ਕੌਮ, ਸਿੱਖ ਪਰਸਨਲ ਲਾਅ, ਸਿੱਖ ਯੂਨੀਵਰਸਿਟੀ, ਟਰਾਂਸਮੀਟਰ ਅਤੇ ਗੁਰਦੁਆਰਾ ਐਕਟ ਵਰਗੀਆਂ ਧਾਰਮਿਕ ਮੰਗਾਂ ਉਭਰੀਆਂ। ਕਾਂਗਰਸ ਸਰਕਾਰ ਪਹਿਲਾਂ ਹੀ ਕਾਫੀ ਸੀ। ਹਿੰਦੂ ਧਰਮ ਨਾਲ ਸੰਬੰਧਤ ਇਹ ਗੱਲਾਂ ਪਹਿਲਾਂ ਮੰਨੀਆਂ ਜਾ ਚੁਕੀਆਂ ਸੀ। ਅਜਿਹੀ ਹਾਲਤ ਵਿੱਚ ਕਾਂਗਰਸ ਨਾਂ ਤਾਂ ਆਪਣੀ ਫਿਰਕੂ ਸੋਚ ਕਾਰਣ ਅਜਿਹੀਆਂ ਮੰਗਾਂ ਮੰਨ ਸਕਦੀ ਸੀ ਅਤੇ ਨਾਂ ਹੀ ਰੱਦ ਕਰ ਸਕਦੀ ਸੀ।

ਪਰ ਇਸ ਸਭ ਕਾਸੇ ਦੇ ਚੱਕਰ ਨੇ ਪੰਜਾਬੀਅਤ ਨੂੰ ਕਾਫੀ ਢਾਹ ਲਾਈ ਜਿਹੜਾ ਕਿ ਕਾਂਗਰਸੀ ਹਾਕਮਾਂ ਦਾ ਮੁੱਖ ਨਿਸ਼ਾਨਾ ਸੀ। ਅਕਾਲੀਆਂ ਵੱਲੋਂ ਆਰਥਿਕ ਮੰਗਾਂ ਨਾਲੋਂ ਧਾਰਮਿਕ ਮੰਗਾਂ (ਜੋ ਕਿ 45 ਵਿਚੋਂ ਸਿਰਫ਼ ਪੰਜ ਹਨ) ਉਪਰ ਵੱਧ ਜ਼ੋਰ ਦੇਣ ਕਰਕੇ ਪੰਜਾਬੀ ਫਿਰ ਧਰਮਾਂ ਵਿੱਚ ਵੰਡੇ ਗਏ। ਭਿੰਡਰਾਂ ਵਾਲੇ ਵਲੋਂ ਇਕ ਫਿਰਕੇ ਦੇ ਪੰਜ-ਪੰਜ ਹਜ਼ਾਰ ਪੰਜਾਬੀਆਂ ਨੂੰ ਕਤਲ ਕਰਨ ਦੀਆਂ ਧਮਕੀਆਂ (ਅਤੇ ਅਮਲ) ਨੇ ਇਸ ਬਲਦੀ ਉਪਰ ਤੇਲ ਪਾਇਆ। ਹਿੰਦੂ ਜਨੂੰਨੀਆਂ ਦੀਆਂ ਜਵਾਬੀ ਕਾਰਵਾਈਆਂ ਨੇ ਕੰਮ ਹੋਰ ਵਿਗਾੜਿਆ। ਪੰਜਾਬੀ, ਪੰਜਾਬੀ ਨਾ ਰਹਿਕੇ ਹਿੰਦੂ ਅਤੇ ਸਿੱਖ ਬਣ ਗਏ।

9 ਪੰਜਾਬੀਅਤ ਦੇ ਸੰਕਟ ਦਾ ਇੱਕ ਹੋਰ ਕਾਰਣ ਪੰਜਾਬੀਆਂ ਦੇ ਇਕ ਹਿੱਸੇ ਵਲੋਂ ਆਪਣੇ ਸਭਿਆਚਾਰ ਅਤੇ ਮਾਂ ਬੋਲੀ ਤੋਂ ਮੁੱਨਕਰ ਹੋਣਾ ਹੈ। ਇਸ ਵਿਚੋਂ ਕੁਝ ਨੇ ਤਾਂ ਧਰਮਾਂ ਦੀ ਜ਼ਹਿਰ ਪੀਕੇ ਅਜਿਹਾ ਕੀਤਾ ਅਤੇ ਕੁਝ ਨੇ ਆਪਣੇ ਜਮਾਤੀ ਹਿੱਤਾਂ ਦੀ ਪੂਰਤੀ ਵਾਸਤੇ। ਪਹਿਲੇ ਹਿੱਸੇ ਨੇ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ ਅਤੇ ਦੂਸਰੇ ਨੇ ਅੰਗਰੇਜ਼ੀ ਨੂੰ ਅਪਣਾਇਆ। ਕੀ ਬੋਲੀ ਦਾ ਕੋਈ ਧਰਮ ਨਾਲ ਸੰਬੰਧ ਹੁੰਦਾ ਹੈ ? ਨਹੀਂ। ਇਸਦਾ ਸਬੂਤ ਅਕਾਲੀਆਂ ਜਾਂ ਹੋਰ ਸਿੱਖ ਸੰਸਥਾਵਾਂ ਵਲੋਂ ਚਲਾਈਆਂ ਜਾਂਦੀਆਂ ਅੰਗਰੇਜ਼ੀ ਮਾਧਿਅਮ ਵਾਲੀਆਂ ਵਿਦਿਅਕ ਸੰਸਥਾਵਾਂ ਹਨ। ਅੰਗਰੇਜ਼ੀ ਨਾਲ ਪਿਆਰ ਪੀਘਾਂ ਪਾਉਣ ਵਾਲੇ ਗਰੁਪ ਦੀ ਤਾਂ ਸਮਝ ਆ ਸਕਦੀ ਹੈ ਪਰ ਦੂਸਰੇ ਹਿੱਸੇ ਦੀ ਗੱਲ ਜ਼ਰੂਰੀ ਚੁਭਦੀ ਹੈ।

10. ਦਿੱਲੀ ਦੇ ਹਾਕਮਾਂ ਨੇ ਸਿਰਫ ਹਿੰਦੂ ਧਰਮ ਦੀ ਝੰਡਾ ਬਰਦਾਰੀ ਕਰਕੇ ਹੀ (ਪੰਜਾਬੀ ਕੌਮ ਸਮੇਤ) ਸਾਰੀਆਂ ਭਾਰਤੀ ਕੌਮਾਂ ਨੂੰ ਮਾਨਸਿਕ ਤੌਰ 'ਤੇ ਧਰਮਾਂ ਵਿਚ ਨਹੀਂ ਵੰਡਿਆ ਬਲਕਿ ਭਾਰਤੀ ਸਮਾਜ ਵਿਚ ਰਚ ਚੁਕੀ ਜ਼ਾਤਪਾਤ

ਦੀ ਪ੍ਰਥਾ ਨੂੰ ਵੀ ਨ ਸਿਰਫ਼ ਵਰਤਿਆਂ ਬਲਕਿ ਹੋਰ ਪਰਚੰਡ ਵੀ ਕੀਤਾ। ਇਸਦਾ ਸਭ ਤੋਂ ਵੱਡਾ ਸਬੂਤ ਰੀਜ਼ਰਵੇਸ਼ਨ ਹੈ ਜਿਸਦਾ ਆਧਾਰ ਹੀ ਜ਼ਾਤਪਾਤ ਹੈ। ਇਸ ਰੀਜ਼ਰਵੇਸ਼ਨ 'ਚ ਵੀ ਹਾਕਮਾਂ ਦੀ ਫ਼ਿਰਕੂ ਪਹੁੰਚ ਸਪਸ਼ੱਟ ਦਿਖਾਈ ਦਿੰਦੀ ਹੈ ਕਿਉਂਕਿ ਇਸਦਾ ਅਧਿਕਾਰ ਸਿਰਫ਼ ਹਿੰਦੂ ਧਰਮ ਨੂੰ ਮੰਨਣ ਵਾਲੇ ਹਰੀਜ਼ਨਾ ਨੂੰ ਹੀ ਹੈ। ਜੇਕਰ ਉਹ ਆਪਣਾ ਧਰਮ ਤਬਦੀਲ ਕਰ ਲੈਂਦੇ ਹਨ ਤਾਂ ਉਹਨਾਂ ਦਾ ਅਧਿਕਾਰ ਖੁੱਸ ਜਾਂਦਾ ਹੈ। (ਸਿੱਖ ਹਰੀਜਨਾਂ ਨੂੰ ਇਹ ਅਧਿਕਾਰ ਇਸ ਕਰਕੇ ਹੈ ਕਿਉਂਕਿ ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਮੰਨਿਆ ਗਿਆ ਹੈ।)

ਰੀਜ਼ਰਵੇਸ਼ਨ ਦੇ ਜ਼ਾਤਪਾਤ 'ਤੇ ਆਧਾਰਤ ਇਸ ਪ੍ਰਬੰਧ ਕਾਰਣ ਪੰਜਾਬੀ ਕੌਮ ਵੀ ਜਾਤਾਂ ਵਿੱਚ ਵੰਡੀ ਗਈ। ਇਹ ਹਾਕਮ ਜਮਾਤਾਂ ਦੀ ਮੁੱਖ ਲੋੜ ਸੀ ਕਿਉਂਕਿ ਜੇਕਰ ਰੀਜ਼ਰਵੇਸ਼ਨ ਦਾ ਅਧਿਕਾਰ ਆਰਥਕਤਾ ਹੁੰਦਾ, ਤਾਂ ਗਰੀਬ ਲੋਕਾਂ ਨੂੰ ਜ਼ਰੂਰ ਇਸਦਾ ਇਲਮ ਹੋ ਜਾਣਾ ਸੀ ਕਿ ਉਹ ਗਰੀਬ ਕਿਉਂ ਹਨ ? ਅਜਿਹਾ ਹੋਣਾ ਹਾਕਮਾਂ ਲਈ ਖਤਰਨਾਕ ਹੋਣਾ ਸੀ। ਜਾਤਾਂ 'ਚ ਵੰਡੇ ਪੰਜਾਬੀ (ਹੋਰਨਾਂ ਭਾਰਤੀ ਕੌਮਾਂ ਵਾਂਗ) ਅੱਜ ਵੀ ਜੱਟ, ਬ੍ਰਾਹਮਣ, ਬਾਣੀਏ, ਚਮਿਆਰ, ਤਰਖਾਣ, ਸੁਨਿਆਰ, ਛੀਊਰ, ਮਜ਼ਬੀ ਆਦਿ ਦੇ ਨਾਂ ਨਾਲ ਜਾਣੇ ਜਾਂਦੇ ਹਨ।

ਇਥੇ ਹੀ ਬੱਸ ਨਹੀਂ, ਹਾਕਮਾਂ ਨੇ ਜਦੋਂ ਵੀ ਹਰੀਜਨਾਂ ਨੂੰ [ਸਿਰਫ਼ ਦੋ ਕਮਰਿਆਂ ਵਾਲੇ] ਘਰ ਬਣਾਕੇ ਦੇਣੇ ਤਾਂ ਉਹ ਪਿੰਡ ਤੋਂ ਬਾਹਰ-ਬਾਹਰ ਬਣਾਉਣੇ ਤਾਂ ਕਿ ਪਿੰਡ ਵਿੱਚ ਵਸਦੇ ਹੋਰਨਾਂ ਮਿਹਨਤਕਸ਼ ਲੋਕਾਂ ਨੂੰ "ਹਰੀਜਨ ਕਾਲੋਨੀ" (ਪਹਿਲਾਂ ਵਿਹੜੇ) ਵਿੱਚ ਰਹਿ ਰਹੇ ਆਪਣੇ ਮਿਹਨਤੀ ਭਰਾਵਾਂ ਨਾਲ ਈਰਖਾ ਹੋ ਸਕੇ।

11. ਅਖੀਰਲਾ ਸਵਾਲ ਹੈ ਕਿ ਪੰਜਾਬੀਅਤ ਦੇ ਉਭਰੇ ਇਸ ਸੰਕਟ ਨੂੰ ਹੱਲ ਕਿਵੇਂ ਕੀਤਾ ਜਾਵੇ ? ਕੀ ਕਾਂਗਰਸ ਅਕਾਲੀ ਸਮਝੌਤਾ ਇਸ ਮਸਲੇ ਨੂੰ ਹੱਲ ਕਰ ਦੇਵੇਗਾ ? ਕੀ ਭਿੰਡਰਾਂਵਾਲੇ ਜਾਂ ਪਵਨ ਕੁਮਾਰ ਸ਼ਰਮਾ ਵਰਗਿਆਂ ਦੀ ਮੌਤ ਹੀ ਇਸਦਾ ਹੱਲ ਹੈ ? ਨਹੀਂ ਇਸ ਤਰ੍ਹਾਂ ਨਹੀਂ।

ਪੰਜਾਬੀਅਤ ਨੂੰ ਸਭ ਤੋਂ ਵੱਡਾ ਧੱਕਾ ਧਰਮ ਨੂੰ ਸਮਾਜਿਕ ਅਤੇ ਸਿਆਸੀ ਸਰਗਰਮੀਆਂ ਦਾ ਅੰਗ ਬਣਾਉਣ ਕਰਕੇ ਵੱਜਾ ਹੈ। ਇਤਿਹਾਸ ਵਿੱਚ ਜਦੋਂ ਵੀ ਕਿਸੇ ਧਰਮ ਨੂੰ ਰਾਜ ਧਰਮ ਬਣਾਇਆ ਜਾਂ ਕਿਸੇ ਹੋਰ ਤਰੀਕੇ ਨਾਲ ਸੜਕਾਂ 'ਤੇ ਲਿਆਂਦਾ ਗਿਆ ਤਾਂ ਉਸ ਸਮੇਂ ਹੀ ਫਿਰਕਾ-ਪ੍ਰਸਤੀ ਦੇ ਕਾਲੇ ਨਾਗ ਨੇ ਸਿਰ ਉੱਚਾ ਚੁਕਿਆ ਹੈ। ਸੋ ਇਸ ਵਾਸਤੇ ਜ਼ਰੂਰੀ ਹੈ ਕਿ ਹਾਕਮਾਂ ਤੋਂ ਇਸ ਗੱਲ ਦੀ ਮੰਗ ਕੀਤੀ ਜਾਵੇ ਕਿ ਧਰਮ ਨੂੰ ਨਿੱਜੀ ਮਾਮਲਾ ਕਰਾਰ ਦੇ ਕੇ ਕਿਸੇ ਵਿਸ਼ੇਸ਼ ਧਰਮ ਨੂੰ ਮਿਲਦੀਆਂ ਸਹੂਲਤਾਂ ਬੰਦ ਕੀਤੀਆਂ ਜਾਣ ਅਤੇ ਧਰਮ ਦੇ ਆਧਾਰ 'ਤੇ ਲੋਕਾਂ ਦੀ ਨਿੱਜੀ ਆਜ਼ਾਦੀ 'ਤੇ ਡਾਕੇ ਮਾਰਨੇ ਬੰਦ ਕੀਤੇ ਜਾਣ।

ਇਸਤੋਂ ਇਲਾਵਾ ਕੌਮ ਦੇ ਪ੍ਰਚੱਲਤ ਗਲਤ ਸੰਕਲਪਾਂ ਨੂੰ ਤੋੜਨ ਵਾਸਤੇ "ਪੰਜਾਬੀ—ਇੱਕ ਵੱਖ ਕੌਮ" ਦਾ ਨਾਹਰਾ ਦੇ ਕੇ ਕੌਮਾਂ ਦੇ ਆਪਾ ਨਿਰਣੇ ਦੇ ਹੱਕ ਨੂੰ ਬੁਲੰਦ ਕੀਤਾ ਜਾਵੇ।

ਰਾਖਵਾਕਰਣ ਦਾ ਆਧਾਰ ਜਾਤਪਾਤ ਦੀ ਥਾਂ ਆਰਥਕਤਾ ਹੋਵੇ।

ਲੋਕਾਂ ਦੇ ਵੱਖ-ਵੱਖ ਤਬਕਿਆਂ ਦੇ ਆਰਥਿਕ ਮਸਲਿਆਂ ਉਪਰ ਹਾਕਮਾਂ ਦੇ ਵਿਰੁਧ ਸਿੱਧੇ ਘੋਲ ਹੀ ਫਿਰਕਾਪ੍ਰਸਤੀ ਨੂੰ ਠੱਲ ਪਾ ਸਕਦੇ ਹਨ।

ਮਾਨਤਾ ਪ੍ਰਾਪਤ ਵਿਅਕਤੀਆਂ (ਜਿਵੇਂ ਸ਼ਹੀਦ ਭਗਤ ਸਿੰਘ) ਦੀਆ ਵਿਗਿਆਨਿਕ ਅਤੇ ਨਾਸਤਿਕਵਾਦੀ ਲਿਖਤਾਂ ਨੂੰ ਲੋਕਾਂ ਵਿਚਕਾਰ ਲੈਕੇ ਜਾਇਆ ਜਾਵੇ।

ਇਹਨਾਂ ਨੁਕਤਿਆਂ ਦੁਆਲੇ ਹੋਈ ਲਾਮਬੰਦੀ ਪੰਜਾਬੀਆਂ ਨੂੰ ਇੱਕ ਕੌਮ ਵਿੱਚ ਪਰੋਕੇ ਫ਼ਿਰਕੂ ਨਾਗਾਂ ਦੇ ਸਿਰ ਕੁੱਟ ਸਕਦੀ ਹੈ। ਇਸੇ ਵਿੱਚ ਹੀ ਸਰਬੱਤ ਦਾ ਭਲਾ ਹੈ।

o—o

## ਤਾਨਾਸ਼ਾਹੀ ਸ਼ਬਦ ਦੀ ਵਰਤੋਂ

ਕਮਿਊਨਿਸਟ ਦਸਤਾਵੇਜ਼ਾਂ ਦੇ ਪੰਜਾਬੀ ਵਿਚ ਅਨੁਵਾਦ ਵੇਲੇ ਇਕ ਸ਼ਬਦ 'ਪ੍ਰੋਲੇਤਾਰੀਆਂ ਦੀ ਤਾਨਾਸ਼ਾਹੀ' ਵਰਤਿਆ ਜਾਣ ਲਗ ਪਿਆ ਹੈ। ਇਹ 'Dictatorship of the Proletariat' ਵਾਸਤੇ ਹੈ, ਪਰ 'ਤਾਨਾਸ਼ਾਹੀ' ਬੜਾ ਹੀ ਚੁਭਵਾਂ ਅਤੇ ਨਿਖੇਧਾਤਮਕ ਸ਼ਬਦ ਹੈ। ਇਕ ਐਸਾ ਨਿਜ਼ਾਮ ਜਿਸਨੇ ਮਨੁੱਖ ਲਈ ਇਤਿਹਾਸ ਵਿਚ ਪਹਿਲੀ ਵਾਰ ਇਕ ਨਿਆਂਸ਼ੀਲ ਸਮਾਜ ਦੀ ਨੀਂਹ ਰਖਣੀ ਹੈ, ਉਸਦੇ ਨਾਲ 'ਤਾਨਾਸ਼ਾਹੀ' ਸ਼ਬਦ ਜੋੜਨਾ ਬਿਲਕੁਲ ਠੀਕ ਨਹੀਂ। ਪ੍ਰੋਲਤਾਰੀਆਂ ਦੀ 'ਸਰਦਾਰੀ' ਜਾਂ ਇਹੋ ਜਿਹਾ ਕੋਈ ਹੋਰ ਸ਼ਬਦ ਲਭਣਾ ਚਾਹੀਦਾ ਹੈ ਜਾਂ ਕੋਈ ਨਵਾਂ ਸ਼ਬਦ ਇਜਾਦ ਕਰਨਾ ਚਾਹੀਦਾ ਹੈ। ਤਾਨਾਸ਼ਾਹੀ ਸ਼ਬਦ ਵਰਤਨ ਤੋਂ ਗੁਰੇਜ਼ ਕਰੀਏ ਤਾਂ ਠੀਕ ਹੈ/ਗੁਰਸ਼ਰਨ ਸਿੰਘ

## ਕੈਨਡਾ ਤੋਂ ਇਕ ਦਸਤਾਵੇਜ਼ (ਫਿਰਕਾਪ੍ਰਸਤੀ ਵਿਰੁਧ ਦੂਰ ਬੈਠੇ ਸਾਡੇ ਭਰਾ ਸਾਡੀ ਲੜਾਈ ਵਿਚ ਸ਼ਾਮਿਲ ਹਨ/ਰਹਿਣਗੇ)

# ਧਾਰਮਿਕ ਜਨੂੰਨ ਅਤੇ ਫਿਰਕਾਪ੍ਰਸਤੀ ਦਾ ਵਿਰੋਧ ਕਰੋ ! ਹਿੰਦੂ-ਸਿੱਖ ਏਕਤਾ ਮਜ਼ਬੂਤ ਕਰੋ !!

ਪਿਛਲੇ ਕੁਛ ਮਹੀਨਿਆਂ ਦੌਰਾਨ ਪੰਜਾਬ ਅਤੇ ਹਰਿਆਣੇ ਵਿਚ ਵਾਪਰੀਆਂ ਘਟਨਾਵਾਂ ਨੇ ਪੰਜਾਬ ਦੇ ਮਹੌਲ ਨੂੰ ਬਹੁਤ ਹੀ ਗੰਭੀਰ ਬਣਾ ਦਿੱਤਾ ਹੈ । ਉਹ ਪੰਜਾਬ ਜਿਸਦੀ ਧਰਤੀ 'ਤੇ ਹਿੰਦੂ ਅਤੇ ਸਿੱਖ ਸੈਂਕੜੇ ਸਾਲਾਂ ਤੋਂ ਭਰਾਂ ਭਰਾ ਦੀ ਤਰ੍ਹਾਂ ਰਹਿ ਰਹੇ ਸਨ ਅੱਜ ਧਰਮ ਦੇ ਨਾਉਂ ਹੇਠ ਇਕ ਦੂਸਰੇ ਦੇ ਦੁਸ਼ਮਣ ਬਣਾਏ ਜਾ ਰਹੇ ਹਨ ਅਤੇ 1947 ਵਰਗਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ । ਪੰਜਾਬ ਦੇ ਗੰਭੀਰ ਹਾਲਾਤ ਦੇਖਦਿਆਂ ਅਸੀਂ ਆਪਣਾ ਸਟੈਂਡ ਲੋਕਾਂ ਵਿਚ ਸਪੱਸ਼ਟ ਕਰਨਾ ਜ਼ਰੂਰੀ ਸਮਝਦੇ ਹਾਂ ।

ਹਜ਼ਾਰਾਂ ਮੀਲਾਂ ਦੂਰ ਇਹਨਾਂ ਦੁਖਦਾਇਕ ਘਟਨਾਵਾਂ ਦਾ ਅਸਰ ਇਥੇ ਉੱਤਰੀ ਅਮਰੀਕਾ ਵਿਚ ਰਹਿੰਦੇ ਭਾਰਤੀਆਂ ਤੇ ਵੀ ਪੈ ਰਿਹਾ ਹੈ । ਕੈਨੇਡਾ ਅਤੇ ਅਮਰੀਕਾ ਵਿਚ ਛਪਦੀਆਂ ਭਾਰਤੀਆਂ ਕਮਿਊਨਿਟੀ ਦੀਆਂ ਕੁਝ ਅਖਬਾਰਾਂ ਨੇ ਅਜਿਹਾ ਪ੍ਰਾਪੇਗੰਡਾ ਕੀਤਾ ਹੈ ਕਿ ਜਿਵੇਂ ਉੱਤਰੀ ਅਮਰੀਕਾ ਵਿਚ ਰਹਿਣ ਵਾਲੇ ਸਾਰੇ ਹੀ ਸਿੱਖ ਖਾਲਿਸਤਾਨ ਦੀ ਮੰਗ ਦੀ ਮਦਦ ਕਰਦੇ ਹੋਣ । ਇਸ ਵਿਚ ਕੋਈ ਸ਼ੱਕ ਨਹੀਂ ਕਿ ਕੈਨੇਡਾ ਅਤੇ ਅਮਰੀਕਾ ਵਿਚ ਰਹਿ ਰਹੇ ਕੁਝ ਮੁੱਠੀ ਭਰ ਸਿਖ ਖਾਲਿਸਤਾਨ ਦੀ ਮੰਗ ਦੀ ਹਾਮੀ ਭਰਦੇ ਹਨ ਪਰ ਇਥੇ ਰਹਿ ਰਹੀ ਭਾਰਤੀ ਵਸੋਂ ਦਾ ਵੱਡਾ ਹਿੱਸਾ ਖਾਲਿਸਤਾਨ ਦੀ ਮੰਗ ਦਾ ਵਿਰੋਧ ਕਰਦਾ ਹੈ ਅਤੇ ਹਰਿਆਣੇ ਵਿਚ ਫਿਰਕੂ ਜਨੂੰਨੀਆਂ ਦੀਆਂ ਕਾਰਵਾਈਆਂ ਦੀ ਨਿਖੇਧੀ ਕਰਦਾ ਹੈ ।

ਹਿੰਦੋਸਤਾਨ ਦੀਆਂ ਸਾਰੀਆਂ ਜਮਹੂਰੀ ਅਤੇ ਦੇਸ਼ ਭਗਤ ਤਾਕਤਾਂ ਇਹ ਜਾਣਦੀਆਂ ਹਨ ਕਿ ਕਾਂਗਰਸ ਅਤੇ ਅਕਾਲੀ ਸਿਆਸੀ ਚਾਲਬਾਜ਼ੀ ਪੰਜਾਬ ਦੇ ਫਿਰਕੂ ਮਹੌਲ ਲਈ ਜ਼ਿੰਮੇਂਵਾਰ ਹੈ । ਦੋਨੋਂ ਧਿਰਾਂ ਆਪਣੇ ਸੌੜੇ ਸਿਆਸੀ ਮਨੋਰਥਾਂ ਨੂੰ ਪੂਰਾ ਕਰਨ ਲਈ ਆਪਣੀ ਘਿਨਾਉਣੀ ਖੇਡ ਜਾਰੀ ਰੱਖਕੇ ਪੰਜਾਬ ਤੇ ਹਰਿਆਣੇ ਵਿਚ ਹਿੰਦੂ-ਸਿੱਖਾਂ-ਦੀ ਆਪਸੀ ਸਾਂਝ ਅਤੇ ਏਕੇ ਦੀ ਬਲੀ ਦੇ ਰਹੀਆਂ ਹਨ

ਅਕਾਲੀਆਂ ਨੂੰ ਪੰਜਾਬ ਵਿਚ ਆਪਦਾ "ਮੋਰਚਾ" ਸ਼ੁਰੂ ਕੀਤਿਆਂ ਦੋ ਸਾਲ ਤੋਂ ਵੱਧ ਹੋ ਚੁਕੇ ਹਨ । ਪੰਜਾਬ ਅਤੇ ਦੇਸ਼ ਦੇ ਇਨਸਾਫ ਪਸੰਦ ਲੋਕ ਸ਼ੁਰੂ ਤੋਂ ਹੀ ਫਿਰਕੂ ਜਨੂੰਨੀਆਂ ਦੀਆਂ ਕਾਰਵਾਈਆਂ ਦੀ ਨਿਖੇਧੀ ਕਰਦੇ ਆਏ ਹਨ ਪਰ ਕਾਂਗਰਸ ਸਰਕਾਰ ਨੇ ਨਾ ਤਾਂ ਫਿਰਕੂ ਜਨੂੰਨੀਆਂ ਦੀਆਂ ਕਾਰਵਾਈਆਂ ਰੋਕੀਆਂ ਅਤੇ ਨਾ ਹੀ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਵਿਚ ਦਿਲਚਸਪੀ ਦਿਖਾਈ ।

### ਇੰਦਰਾ ਸਰਕਾਰ ਮੁੱਖ ਤੌਰ 'ਤੇ ਜ਼ਿੰਮੇਵਾਰ

ਅਸਲ ਵਿਚ ਫਿਰਕੂ ਜਨੂੰਨੀਆਂ ਦੀਆਂ ਕਾਰਵਾਈਆਂ ਨਾ ਰੋਕਣ ਪਿੱਛੇ ਇੰਦਰਾ ਸਰਕਾਰ ਦੀ ਗਿਣੀ ਮਿਥੀ ਚਾਲ ਹੈ । ਇੰਦਰਾ ਸਰਕਾਰ "ਪਾੜੋ ਅਤੇ ਰਾਜ ਕਰੋ" ਦੀ ਨੀਤੀ ਵਿਚ ਮਾਹਰ ਹੈ । ਸਰਕਾਰ ਦੀ ਹਮੇਸ਼ਾਂ ਇਹ ਨੀਤੀ ਰਹੀ ਹੈ ਕਿ ਲੋਕਾਂ ਵਿਚ ਜਾਤਪਾਤ, ਧਰਮ, ਤਬਕੇ, ਇਲਾਕੇ ਅਤੇ ਬੋਲੀ ਦੇ ਅਧਾਰ 'ਤੇ ਮੱਤਭੇਦ ਵਧਾਏ ਜਾਣ ਤਾਂ ਕਿ ਇਕੱਠੇ ਹੋ ਕੇ ਲੋਕ ਆਪਣੇ ਸਾਂਝੇ ਘੋਲ ਨਾ ਲੜ ਸਕਣ । ਕਾਂਗਰਸ ਨਾ ਸਿਰਫ ਲੋਕਾਂ ਨੂੰ ਪਾੜਨ ਅਤੇ ਕੁਚਲਣ ਦੀ ਨੀਤੀ ਲਾਗੂ ਕਰਦੀ ਰਹੀ ਹੈ, ਬਲਕਿ ਆਪਣੇ ਆਪ ਨੂੰ ਘੱਟ ਗਿਣਤੀਆਂ ਅਤੇ ਕਮਜ਼ੋਰ ਤਬਕਿਆਂ ਦੀ ਹਮਾਇਤ ਹੋਣ ਦਾ ਦਾਅਵਾ ਕਰਕੇ ਅਤੇ ਜਾਬਰ ਅਧਿਕਾਰਾਂ ਆਸਰੇ ਹਰ ਕਿਸਮ ਦੀ ਸਿਆਸੀ ਵਿਰੋਧਤਾ ਕੁਚਲਦੀ ਰਹੀ ਹੈ । ਇੰਦਰਾ ਸਰਕਾਰ ਨੇ ਅਜਿਹੀ ਨੀਤੀ ਪੰਜਾਬ ਵਿਚ ਹੀ ਨਹੀਂ ਬਲਕਿ ਅਸਾਮ ਅਤੇ ਜੰਮੂ ਕਸ਼ਮੀਰ ਵਿਚ ਵੀ ਅਪਣਾਈ ।

ਕਾਂਗਰਸ ਸਰਕਾਰ ਨੇ ਪਿਛਲੇ ਦੋ ਸਾਲਾਂ ਤੋਂ ਪੰਜਾਬ ਵਿਚ ਧਾਰਮਿਕ ਜਨੂੰਨੀਆਂ ਨੂੰ ਖੁੱਲ੍ਹ ਦੇ ਰੱਖੀ ਹੈ ਤਾਂਕਿ ਉਹ ਅਕਾਲੀ ਦਲ ਦੇ ਵੱਖ ਵੱਖ ਧੜਿਆਂ ਵਿਚ ਭੇੜ ਕਰਵਾਕੇ ਅਕਾਲੀ ਪਾਰਟੀ ਨੂੰ ਕਮਜ਼ੋਰ ਕਰ ਸਕੇ । ਗੈਰ-ਸਿੱਖ ਵਸੋਂ ਵਿਚ ਅਸੁਰਖਿਆ ਭਾਵਨਾ ਨੂੰ ਕਾਇਮ ਰੱਖਣ ਲਈ ਕਾਂਗਰਸ ਸਰਕਾਰ ਨੇ ਅਕਾਲੀ ਦਲ ਦੇ "ਅੰਦੋਲਨ" ਨੂੰ ਚੱਲਦਾ ਰਹਿਣ ਦੇਣਾ ਅੱਛਾ ਸਮਝਿਆ । ਇਹੀ ਕਾਰਨ ਹੈ ਕਿ ਇੰਦਰਾ ਸਰਕਾਰ ਅਕਾਲੀ ਦਲ ਨਾਲ ਗੱਲਬਾਲ ਮੁੜ ਮੁੜ ਸ਼ੁਰੂ ਕਰਕੇ ਪਿੱਛੇ ਹਟਦੀ ਰਹੀ ਹੈ ।

ਅਕਤੂਬਰ 1983 ਦੌਰਾਨ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਕੇ ਸਰਕਾਰ ਨੇ ਆਪਣੇ ਆਪ ਨੂੰ ਜਾਬਰ ਅਧਿਕਾਰਾਂ ਨਾਲ ਲੈਸ ਕਰ ਲਿਆ । ਸਰਕਾਰ ਨੇ ਆਪਣੇ ਆਪ ਨੂੰ ਇਨੇ ਜਾਬਰ ਅਧਿਕਾਰਾਂ ਨਾਲ ਲੈਸ ਕਰਨ ਦਾ ਕਾਰਨ ਜਨੂੰਨੀਆਂ ਦੀਆਂ ਕਾਰਵਾਈਆਂ ਨੂੰ ਰੋਕਣਾ ਦੱਸਿਆ ਹੈ । ਪੰਜਾਬ ਦੇ ਅਤਿਵਾਦੀ ਅਨਸਰਾਂ ਨਾਲ ਨਜਿੱਠਣ ਲਈ ਸਰਕਾਰ ਨੂੰ ਹੋਰ ਜਾਬਰ ਅਧਿਕਾਰਾਂ ਦੀ ਜ਼ਰੂਰਤ ਨਹੀਂ । ਇਨ੍ਹਾਂ ਮੁੱਠੀ ਭਰ ਅਤਿਵਾਦੀਆਂ ਨਾਲ ਨਜਿੱਠਣ ਲਈ ਸਰਕਾਰ ਕੋਲ ਪਹਿਲਾਂ ਹੀ ਕਾਫੀ ਅਧਿਕਾਰ ਹਾਸਲ ਹਨ । ਪਿਛਲੇ ਤਜਰਬਿਆਂ ਤੋਂ ਸਾਫ ਜ਼ਾਹਰ ਹੈ ਕਿ ਇਹ ਜਾਬਰ ਅਧਿਕਾਰ ਅਤਿਵਾਦੀਆਂ ਲਈ ਨਹੀਂ ਬਲਕਿ ਲੋਕਾਂ ਦੇ ਹੱਕੀ ਘੋਲਾਂ ਨੂੰ ਕੁਚਲਣ

ਲਈ ਵਰਤੇ ਜਾਣਗੇ । ਜਿੰਨ੍ਹਾਂ ਅਤਿਵਾਦੀਆਂ ਨੂੰ ਸਰਕਾਰ 'ਕੁਚਲਣ' ਦੀ ਗੱਲ ਕਰਦੀ ਹੈ ਉਹ ਸ਼ਰੇਆਮ ਡਾਕੇ ਮਾਰ ਕੇ ਅਤੇ ਲੋਕਾਂ ਦੇ ਕਤਲ ਕਰਕੇ ਹਰਿਮੰਦਰ ਸਾਹਿਬ ਵਿੱਚ, ਪੁਲਸ ਅਤੇ ਫੌਜ ਦੇ ਘੇਰੇ ਦੇ ਬਾਵਜੂਦ ਵੀ ਬੜੀ ਆਸਾਨੀ ਨਾਲ ਆ ਜਾ ਰਹੇ ਹਨ । ਰੇਲਵੇ ਸਟੇਸ਼ਨਾਂ ਅਤੇ ਹੋਰ ਸਰਕਾਰੀ ਇਮਾਰਤਾਂ ਉਪਰ ਬੰਬ ਸੁੱਟੇ ਜਾ ਰਹੇ ਹਨ ਪਰ ਪੁਲਸ ਇਹਨਾਂ ਅਤਿਵਾਦੀਆਂ ਨੂੰ ਫੜਨ ਵਿਚ ਨਾਕਾਮਯਾਬ ਰਹਿੰਦੀ ਹੈ ।

## ਜਨੂੰਨੀ—ਸਰਕਾਰ ਦੇ ਭਾਈਵਾਲ

ਇੰਦਰਾ ਸਰਕਾਰ ਦੇ ਨਾਲ ਨਾਲ ਪੰਜਾਬ ਦੇ ਮੌਜੂਦਾ ਹਾਲਾਤ ਲਈ ਫਿਰਕੂ ਜਨੂੰਨੀ ਵੀ ਜ਼ਿੰਮੇਵਾਰ ਹਨ, ਜਿੰਨ੍ਹਾਂ ਵਿਚ ਜਰਨੈਲ ਸਿੰਘ ਭਿੰਡਰਾਂਵਾਲਾ, ਦਲ ਖਾਲਸਾ, ਬੱਬਰ ਖਾਲਸਾ ਅਤੇ ਹਿੰਦੂ ਸੁਰੱਖਿਆ ਸੰਮਤੀ ਆਦਿ ਸ਼ਾਮਲ ਹਨ । ਇਹਨਾਂ ਜਨੂੰਨੀ ਤਾਕਤਾਂ ਵਿਚੋਂ ਜਿਹੜੀ ਸਖਸ਼ੀਅਤ ਸਭ ਤੋਂ ਵੱਧ ਉਭਰ ਕੇ ਸਾਹਮਣੇ ਆਈ ਹੈ, ਉਹ ਹੈ ਜਰਨੈਲ ਸਿੰਘ ਭਿੰਡਰਾਂਵਾਲਾ, ਜਿਸਦੇ ਬਾਰੇ ਆਮ ਕਿਹਾ ਜਾਂਦਾ ਹੈ ਕਿ ਉਸਨੂੰ ਉਭਾਰਨ ਵਿਚ ਵੀ ਕਾਂਗਰਸ ਦਾ ਹੀ ਹੱਥ ਸੀ । ਭਿੰਡਰਾਂਵਾਲੇ ਦੇ ਚੇਲੇ ਉਸਨੂੰ ਵੀਹਵੀਂ ਸਦੀ ਦਾ ਗੁਰੂ ਗੋਬਿੰਦ ਸਿੰਘ ਕਹਿ ਕੇ ਪ੍ਰਚਾਰ ਰਹੇ ਹਨ । ਪਰ ਭਿੰਡਰਾਂਵਾਲੇ ਵੱਲੋਂ ਦਿਤੇ ਜਾਂਦੇ ਜ਼ਹਿਰੀਲੇ ਬਿਆਨ ਅਤੇ ਉਸਦੇ ਚੇਲਿਆਂ ਵੱਲੋਂ ਕੀਤੀਆਂ ਗੁੰਡਾਗਰਦੀਆਂ ਨੂੰ ਦੇਖਦਿਆਂ ਹੋਇਆਂ ਉਸਨੂੰ ਇਕ ਸੰਤ ਕਹਿਣਾ ਵੀ ਆਪਣੇ ਆਪ ਨੂੰ ਧੋਖਾ ਦੇਣ ਵਾਲੀ ਗੱਲ ਹੈ । ਭਿੰਡਰਾਂਵਾਲੇ ਦੇ ਸਾਜੇ 'ਸ਼ਹੀਦੀ ਜੱਥਿਆਂ' ਦਾ ਖੂਨੀ ਚਿਹਰਾ ਲੋਕਾਂ ਸਾਹਮਣੇ ਬੜੀ ਚੰਗੀ ਤਰ੍ਹਾਂ ਨੰਗਿਆਂ ਹੋ ਚੁਕਿਆ ਹੈ । ਸਟੇਨਗੰਨਾਂ ਅਤੇ ਬੰਦੂਕਾਂ ਨਾਲ ਲੈਸ ਇਹ ਖੂਨੀ ਜੱਥੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਭੋਲੇ ਭਾਲੇ ਲੋਕਾਂ, ਕਿਰਤ ਕਰਦੇ ਮਜ਼ਦੂਰਾਂ, ਮੁਲਾਜ਼ਮਾਂ, ਛੋਟੀਆਂ ਮੋਟੀਆਂ ਦੁਕਾਨਾਂ ਦੇ ਮਾਲਕ ਜਾਂ ਵਪਾਰੀਆਂ ਨੂੰ ਕਤਲ ਕਰਦੇ ਹਨ ਅਤੇ ਬੈਂਕਾਂ ਤੇ ਦੁਕਾਨਾਂ ਨੂੰ ਲੁੱਟ ਕੇ ਧਰਮ ਦੀ ਆੜ ਲੈ ਕੇ ਗੁਰਦੁਆਰਿਆਂ ਵਿਚ ਜਾ ਲੁਕਦੇ ਹਨ ।

ਜੇ ਭਿੰਡਰਾਂਵਾਲੇ ਅਤੇ ਹੋਰ ਸਿੱਖ ਜਨੂੰਨੀਆਂ ਦੀ ਇਹ ਗੱਲ ਮੰਨ ਵੀ ਲਈ ਜਾਵੇ ਕਿ ਸਿੱਖ ਧਰਮ ਨਾਲ ਵਧੀਕੀਆਂ ਹੋ ਰਹੀਆਂ ਹਨ ਤਾਂ ਕੀ ਇਸਦਾ ਇਲਾਜ ਹਿੰਦੂਆਂ ਨੂੰ ਕਤਲ ਕਰਨਾ ਹੈ ? ਆਪਣੇ ਆਪ ਨੂੰ ਵੀਹਵੀਂ ਸਦੀ ਦਾ ਗੁਰੂ ਗੋਬਿੰਦ ਸਿੰਘ ਅਖਵਾਉਣ ਵਾਲਾ ਭਿੰਡਰਾਂਵਾਲਾ ਸ਼ਾਇਦ ਨਹੀਂ ਜਾਣਦਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਅਤੇ ਮਜ਼ਲੂਮਾਂ ਦੀ ਖਾਤਰ ਆਪਣਾ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਮਜ਼ਲੂਮਾਂ ਦੀ ਰੱਖਿਆ ਕਰਨ ਅਤੇ ਜ਼ਾਲਮਾਂ ਦਾ ਟਾਕਰਾ ਕਰਨ ਲਈ ਸਾਜਿਆ ਸੀ । ਉਹਨਾਂ ਦੀ ਫੌਜ ਵਿਚ ਸਿੱਖ ਵੀ ਸਨ, ਹਿੰਦੂ ਵੀ ਸਨ ਅਤੇ ਮੁਸਲਮਾਨ ਵੀ । ਸ਼ਾਇਦ ਇਹ ਜਨੂੰਨੀ ਨਹੀਂ ਜਾਣਦੇ ਕਿ ਮੀਆਂ ਮੀਰ, ਬੁੱਧੂ ਸ਼ਾਹ, ਸਾਈਂ ਭੀਖਣ ਸ਼ਾਹ, ਨਬੀ ਖਾਂ, ਗਨੀ ਖਾਂ ਅਤੇ ਬੰਦਾ ਬਹਾਦਰ ਕੌਣ ਸਨ ।

ਇਹ ਜਨੂੰਨੀ ਸਿਰਫ ਬੇਕਸੂਰ ਹਿੰਦੂਆਂ ਨੂੰ ਹੀ ਕਤਲ ਨਹੀਂ ਕਰ ਰਹੇ ਸਗੋਂ ਪੰਜਾਬੀ ਲਿਖਾਰੀਆਂ ਅਤੇ ਅਗਾਂਹਵਧੂ ਲੇਖਕਾਂ, ਜਿਨ੍ਹਾਂ ਨੇ ਪੰਜਾਬੀ ਬੋਲੀ ਦੀ ਸੇਵਾ ਕੀਤੀ ਹੈ ਅਤੇ ਹੱਕ ਸੱਚ ਤੇ ਇਨਸਾਫ ਲਈ ਆਵਾਜ਼ ਉਠਾਈ ਹੈ, ਨੂੰ ਵੀ ਆਪਣਾ ਨਿਸ਼ਾਨਾ ਬਣਾ ਰਹੇ ਹਨ । ਇਹਨਾਂ ਦਰਿੰਦਿਆਂ ਨੇ ਪ੍ਰੀਤਲੜੀ ਦੇ ਐਡੀਟਰ ਸੁਮੀਤ, ਚੰਗਿਆੜੀ ਦੇ ਸੰਪਾਦਕ ਸੁਖਰਾਜ ਸਿੰਘ ਅਤੇ ਪੰਜਾਬੀ ਦੇ ਜਾਣੇ ਪਛਾਣੇ ਲੇਖਕ ਵਿਸ਼ਵਾਨਾਥ ਤਿਵਾੜੀ ਦੇ ਖੂਨ ਨਾਲ ਹੋਲੀ ਖੇਡਣ ਤੋਂ ਵੀ ਸੰਕੋਚ ਨਹੀਂ ਕੀਤਾ ।

ਜਦਕਿ ਸਿੱਖ ਜਨੂੰਨੀ ਬੇਗੁਨਾਹ ਹਿੰਦੂਆਂ ਨੂੰ ਕਤਲ ਕਰ ਰਹੇ ਹਨ ਉਥੇ ਹਿੰਦੂ ਜਨੂੰਨੀ ਵੀ ਘੱਟ ਨਹੀਂ । ਹਿੰਦੂ ਜਨੂੰਨੀਆਂ ਨੇ ਇੰਦਰਾ ਕਾਂਗਰਸ ਦੀ ਸ਼ਹਿ 'ਤੇ 14 ਫਰਵਰੀ ਨੂੰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਅੱਗਾਂ ਲਾਈਆਂ, ਸਿੱਖਾਂ ਦੀਆਂ ਦੁਕਾਨਾਂ ਲੁੱਟੀਆਂ ਅਤੇ ਧਾਰਮਿਕ ਭਾਵਨਾਵਾਂ ਨੂੰ ਭੜਕਾਇਆ । ਹਰਿਆਣੇ ਦੇ ਵੱਖ ਵੱਖ ਸ਼ਹਿਰਾਂ ਕਰਨਾਲ, ਕੈਥਲ ਅਤੇ ਪਾਨੀਪਤ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਜਨੂੰਨੀਆਂ ਨੇ ਸਿੱਖ ਮੁਸਾਫਰਾਂ ਉਪਰ ਪੁਲਸ ਦੀ ਸ਼ਹਿ ਨਾਲ ਜ਼ੁਲਮ ਕੀਤਾ । ਸਰਕਾਰ ਦੀ ਸ਼ਹਿ ਨਾਲ ਪਾਨੀਪਤ ਵਿਚ ਹਜ਼ਾਰਾਂ ਭੜਕੇ ਹੋਏ ਹਿੰਦੂ ਜਨੂੰਨੀਆਂ ਨੇ 8 ਸਿੱਖਾਂ ਨੂੰ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਅਤੇ 6 ਗੁਰਦੁਆਰਿਆਂ ਨੂੰ ਅੱਗ ਲਾ ਦਿੱਤੀ । ਪੁਲਸ ਖੜੀ ਇਹ ਤਮਾਸ਼ਾ ਦੇਖਦੀ ਰਹੀ ।

## ਅਕਾਲੀ ਦਲ ਦਾ ਰੋਲ

ਪੰਜਾਬ ਦੀ ਮੌਜੂਦਾ ਸਥਿਤੀ ਲਈ ਅਕਾਲੀ ਦਲ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ । 'ਅਕਾਲੀ ਮੋਰਚਾ' ਸਿੱਖ ਧਰਮ ਦੇ ਨਾਂ 'ਤੇ ਗਰੀਬ ਤੇ ਮਿਹਨਤਕਸ਼ ਸਿੱਖ ਵਸੋਂ ਨੂੰ, ਹਰ ਉਸ ਵਿਅਕਤੀ ਵਿਰੁੱਧ ਜੋ ਸਿੱਖ ਧਰਮ ਨੂੰ ਨਹੀਂ ਮੰਨਦਾ, ਨੂੰ ਸਿੱਖ ਧਰਮ ਦਾ ਦੁਸ਼ਮਣ ਦਰਸਾ ਕੇ, ਸਿੱਖ ਧਰਮ ਦੀ ਰਾਖੀ ਲਈ 'ਡਟ' ਜਾਣ ਦਾ ਸੱਦਾ ਦਿੰਦਾ ਹੈ ਅਤੇ ਇਸ ਤਰ੍ਹਾਂ ਸਿੱਖਾਂ ਅਤੇ ਦੂਸਰੇ ਧਰਮਾਂ ਨੂੰ ਮੰਨਣ ਵਾਲਿਆਂ ਦਰਮਿਆਨ ਨਫਰਤ ਪੈਦਾ ਕਰਦਾ ਹੈ ਤੇ ਵਧਾਉਂਦਾ ਹੈ । ਅਕਾਲੀ ਦਲ ਜਾਣ ਬੁਝ ਕੇ ਪੰਜਾਬੀਆਂ ਦੀਆਂ ਕੁਝ ਸਮੱਸਿਆਵਾਂ ਨੂੰ ਇਕੱਲੇ ਸਿੱਖਾਂ ਦੀ ਸਮੱਸਿਆਵਾਂ ਕਹਿ ਕੇ ਪ੍ਰਚਾਰ ਰਿਹਾ ਹੈ ਅਤੇ ਇਸਦੀ ਜੜ੍ਹ 'ਹਿੰਦੂ ਸਾਮਰਾਜ' ਨੂੰ ਦਰਸਾ ਰਿਹਾ ਹੈ । ਭਾਰਤੀ ਹਾਕਮ ਜਮਾਤ ਨੂੰ 'ਹਿੰਦੂ ਸਾਮਰਾਜ' ਕਹਿਣਾ

ਇਕ ਸੋਚੀ ਸਮਝੀ ਚਾਲ ਹੈ, ਸੱਚਾਈ ਇਹ ਹੈ ਕਿ ਹਾਕਮ ਜਮਾਤ ਵਿਚ ਸਿੱਖ ਵੀ ਹਨ, ਹਿੰਦੂ ਵੀ, ਮੁਸਲਮਾਨ ਵੀ ਅਤੇ ਈਸਾਈ ਆਦਿ। ਇਸੇ ਤਰ੍ਹਾਂ ਮਿਹਨਤ ਮੋਜ਼ਦੂਰੀ ਕਰਨ ਵਾਲਿਆਂ ਵਿਚ ਵੀ ਹਿੰਦੂ, ਸਿੱਖ, ਮੁਸਲਮਾਨ, ਈਸਾਈ ਅਤੇ ਦੂਸਰੇ ਧਰਮਾਂ ਦੇ ਲੋਕ ਮੌਜੂਦ ਹਨ। ਭਲਾ ਇਕ ਸਿੱਖ ਮਜ਼ਦੂਰ ਜਾਂ ਇਕ ਗਰੀਬ ਕਿਸਾਨ ਦਾ ਕੋਈ ਹਿੰਦੂ ਜਾਂ ਮੁਸਲਮਾਨ ਮਜ਼ਦੂਰ ਜਾਂ ਗਰੀਬ ਕਿਸਾਨ ਕਿਵੇਂ ਦੁਸ਼ਮਣ ਹੋ ਸਕਦਾ ਹੈ।

ਅਸਲੀਅਤ ਇਹ ਹੈ ਕਿ ਜਦੋਂ ਭੀ ਅਕਾਲੀਆਂ ਦੀਆਂ ਗੱਦੀਆਂ ਖੁੱਸੀਆਂ ਤਾਂ ਉਹਨਾਂ ਨੇ 'ਪੰਥ ਨੂੰ ਖਤਰਾ' ਹੋਣ ਦਾ ਨਾਹਰਾ ਦਿੱਤਾ ਅਤੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਵੱਧ ਤੋਂ ਵੱਧ ਵੋਟਾਂ ਲੈਣ ਦੀ ਚਾਲ ਚੱਲੀ। ਆਪਣੇ ਮੋਰਚੇ ਨੂੰ ਧਰਮ-ਯੁੱਧ ਦਾ ਨਾਉਂ ਦੇ ਕੇ ਉਹ ਖ਼ੁਦ ਪੰਜਾਬ ਵਿਚ ਫਿਰਕਾਪ੍ਰਸਤੀ ਫ਼ੈਲਾਉਣ ਲਈ ਜ਼ਿੰਮੇਵਾਰ ਹਨ। ਅਕਾਲੀ ਆਗੂਆਂ ਦੇ ਇਹ ਬਿਆਨ ਬਿਲਕੁਲ ਥੋਥੇ ਹਨ ਕਿ ਉਹਨਾਂ ਦਾ ਹਿੰਸਕ ਕਾਰਵਾਈਆਂ ਨਾਲ ਕੋਈ ਸਬੰਧ ਨਹੀਂ ਕਿਉਂਕਿ ਜਰਨੈਲ ਸਿੰਘ ਭਿੰਡਰਾਂਵਾਲਾ, ਜੋ ਕਿ ਨਿਰੰਕਾਰੀਆਂ ਅਤੇ ਹਿੰਦੂਆਂ ਦੇ ਕਤਲਾਂ ਨੂੰ ਸ਼ਰੇਆਮ ਜੀ ਆਇਆਂ ਕਹਿੰਦਾ ਹੈ ਅਤੇ ਕ਼ਾਤਲਾਂ ਨੂੰ ਸਿਰੋਪੇ ਭੇਟ ਕਰਦਾ ਹੈ, ਅੱਜ ਤੱਕ ਹਰਿਮੰਦਰ ਸਾਹਿਬ ਵਿਚ ਮੌਜੂਦ ਹੈ। ਸਿਰਫ ਇਥੇ ਹੀ ਬੱਸ ਨਹੀਂ ਉਹ ਅਕਾਲੀ ਵੱਲੋਂ ਚਲਾਏ 'ਧਰਮ-ਯੁੱਧ' ਦੇ ਉਚ ਆਗੂਆਂ ਵਿਚੋਂ ਵੀ ਹੈ।

## ਖਾਲਿਸਤਾਨ ਕੋਈ ਹੱਲ ਨਹੀਂ

ਖਾਲਿਸਤਾਨੀ ਅਤੇ ਸਿੱਖ ਜਨੂੰਨੀ ਲੀਡਰ ਸਿੱਖ ਜਨਤਾ ਵਿਚ ਇਹ ਪਰਚਾਰ ਕਰ ਰਹੇ ਹਨ ਕਿ ਸਿੱਖਾਂ ਦੀਆਂ ਮੁਸ਼ਕਲਾਂ ਦੀ ਜੜ੍ਹ 'ਹਿੰਦੂ ਸਾਮਰਾਜ' ਹੈ ਅਤੇ ਖਾਲਿਸਤਾਨ ਬਨਣ ਨਾਲ ਸਾਰੇ ਦੁੱਖ ਦੂਰ ਹੋ ਜਾਣਗੇ। 1947 ਵੱਲ ਨਜ਼ਰ ਘੁਮਾਇਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਧਰਮ ਦੇ ਅਧਾਰ 'ਤੇ ਦੇਸ਼ ਦੀ ਵੰਡ ਕਰਨਾ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ। ਉਹ ਮੁਸਲਮਾਨ ਜੋ ਮੁਸਲਮ ਕੌਮ ਦੇ ਨਾਹਰੇ ਹੇਠ ਬਹਿਸ਼ਤ ਦੀ ਭਾਲ ਵਿਚ ਪਾਕਿਸਤਾਨ ਚਲੇ ਗਏ ਅੱਜ ਵੀ ਪਾਕਿਸਤਾਨ ਦੇ ਜ਼ਾਬਰ ਹਾਕਮਾਂ ਤੋਂ ਦੁਖੀ ਹਨ।

ਕੋਈ ਸਿੱਖ ਰਾਜ ਜਾ ਹਿੰਦੂ ਰਾਜ ਮਿਹਨਤਕਸ਼ ਲੋਕਾਂ ਦਾ ਰਾਜ ਨਹੀਂ ਹੋ ਸਕਦਾ। ਧਰਮ ਦੇ ਆਧਾਰ 'ਤੇ ਬਣਿਆ ਕੋਈ ਵੀ ਰਾਜ ਕਦੇ ਵੀ ਲੋਕਾਂ ਨੂੰ ਲੁਟ ਅਤੇ ਜਬਰ ਤੋਂ ਬਚਾ ਨਹੀਂ ਸਕਿਆ। ਧਰਮ 'ਤੇ ਆਧਾਰਤ ਰਾਜਾਂ ਪਾਕਿਸਤਾਨ, ਇਰਾਨ, ਇਸਰਾਈਲ ਆਦਿ ਦੇ 'ਬਹਿਸ਼ਤਾਂ' ਨੂੰ ਹਰ ਕੋਈ ਜਾਣਦਾ ਹੈ।

## ਸਥਾਨਕ ਮੌਕਾਪ੍ਰਸਤਾਂ ਤੋਂ ਬਚੋ

ਕੈਨੇਡਾ ਅਤੇ ਅਮਰੀਕਾ ਵਿਚ ਵੀ ਕਈ ਭੱਦਰ-ਪੁਰਸ਼ ਮੌਜੂਦ ਹਨ ਜੋ ਆਪਣੇ ਆਪ ਨੂੰ ਪੰਜਾਬ ਵਿਚ ਸਿੱਖਾਂ ਦੇ ਹਿੱਤੂ ਅਖਵਾ ਰਹੇ ਹਨ। ਕੈਨੇਡਾ ਅਤੇ ਅਮਰੀਕਾ ਦੇ ਕੁਝ ਸਥਾਨਕ ਗੁਰਦੁਆਰਿਆਂ ਦੀਆਂ ਕਮੇਟੀਆਂ ਵਿਚ ਵੀ ਇਹ ਮੌਜੂਦ ਹਨ ਅਤੇ ਸਿੱਖ ਜਨਤਾ ਕੋਲੋਂ ਪੈਸੇ ਇਕੱਠੇ ਕਰਕੇ ਅਤਿਵਾਦੀਆਂ ਨੂੰ ਭੇਜ ਰਹੇ ਹਨ। ਉਤਰੀ ਅਮਰੀਕਾ ਵਿਚ ਰਹਿ ਰਹੇ ਹਿੰਦੋਸਤਾਨੀਆਂ ਦੀ ਬਹੁ-ਗਿਣਤੀ ਮਜ਼ਦੂਰੀ ਕਰਨ ਵਾਲਿਆਂ ਦੀ ਹੈ। ਇਹਨਾਂ ਕਾਮਿਆਂ ਨਾਲ ਹਰ ਖੇਤਰ ਵਿਚ ਵਿਤਕਰਾ ਹੁੰਦਾ ਹੈ ਇਸਦੇ ਨਾਲ ਨਾਲ ਸਾਡੇ ਲੋਕਾਂ ਨਾਲ ਨਸਲੀ ਵਿਤਕਰਾ ਵੀ ਹੁੰਦਾ ਹੈ। ਇਹ ਸੱਜਣ ਜੋ ਪੰਜਾਬ ਵਿਚ ਫਿਰਕੂ ਜਨੂੰਨੀਆਂ ਦੀਆਂ ਕਾਰਵਾਈਆਂ ਦੀ ਪ੍ਰੋੜ੍ਹਤਾ ਕਰਦੇ ਹਨ ਤੇ ਆਪਣੇ ਆਪ ਨੂੰ 'ਪੰਥਕ-ਦਰਦੀ' ਕਹਾਉਂਦੇ ਹਨ, ਕੀ ਅਸੀਂ ਇਹਨਾਂ ਨੂੰ ਪੁੱਛ ਸਕਦੇ ਹਾਂ ਕਿ ਸਾਡੇ ਲੋਕਾਂ ਨਾਲ ਇਥੇ ਹੋ ਰਹੇ ਵਿਤਕਰਿਆਂ ਵਿਰੁੱਧ ਇਹਨਾਂ ਦੀ ਕੀ ਦੇਣ ਹੈ? ਇਹਨਾਂ ਵਿਚੋਂ ਬਹੁਤੇ ਹਿੰਦੋਸਤਾਨ ਵਿਚ ਪੱਕੇ ਤੌਰ 'ਤੇ ਰਹਿਣ ਲਈ ਮੁੜ ਕੇ ਜਾਣ ਵਾਲੇ ਨਹੀਂ। ਪਰ ਇਥੋਂ ਦੇ ਸਮਾਜ ਵਿਚ ਸਾਡੇ ਲੋਕਾਂ ਲਈ ਇਕ ਇਜ਼ਤ ਵਾਲਾ ਸਥਾਨ ਬਣਾਉਣ ਲਈ ਚੱਲ ਰਹੇ ਘੋਲਾਂ ਵਿਚ ਹਿੱਸਾ ਪਾਉਣ ਲਈ ਇਹ ਭੱਦਰਪੁਰਸ਼ ਬਹੁਤ ਸੰਕੋਚ ਕਰਦੇ ਹਨ। ਇਹਨਾਂ ਵਿਚੋਂ ਕਈ ਜੋ ਪਹਿਲਾਂ ਖ਼ੁਦ ਕਲੀਨ-ਸ਼ੇਵ ਸਨ ਮੌਕੇ ਦੀ ਨਜ਼ਾਕਤਾ ਨੂੰ ਦੇਖਦਿਆਂ ਹੋਇਆਂ 'ਸਿੰਘ' ਸਜ ਗਏ। ਕੱਲ੍ਹ ਨੂੰ ਜੇ ਹਵਾ ਦਾ ਰੁੱਖ ਦੂਸਰੇ ਪਾਸੇ ਨੂੰ ਹੋ ਗਿਆ ਤਾਂ ਪੈਂਤੜਾ ਬਦਲਣ ਲੱਗਿਆਂ ਇਹਨਾਂ ਸੰਕੋਚ ਨਹੀਂ ਕਰਨਾ।

ਇਹ "ਪੰਥਕ ਦਰਦੀ", ਜੋ ਇਹਨਾਂ ਵਾਲੀ ਹੀ ਸੁਰ ਨਹੀਂ ਵਜਾਉਂਦਾ ਜਾਂ ਕੋਈ ਵਿਅਕਤੀ ਜਾਂ ਸੰਸਥਾ ਫਿਰਕਾਪ੍ਰਸਤੀ ਅਤੇ ਫਿਰਕੂਆਂ ਨੂੰ ਨੰਗਿਆਂ ਕਰਨ ਲਈ ਆਵਾਜ਼ ਉਠਾਉਂਦੀ ਹੈ, ਉਸਨੂੰ ਇਹ ਮਹਾਸ਼ੇ ਜਾਂ ਕਾਂਗਰਸੀ ਕਹਿਕੇ ਆਪਣੀ ਮੌਕਾਪ੍ਰਸਤੀ ਉਪਰ ਪਰਦਾ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਇਹੋ ਜਿਹੇ ਭੱਦਰਪੁਰਸ਼ਾਂ ਤੋਂ ਸਾਰੀ ਕਮਿਉਨਿਟੀ ਨੂੰ ਸੁਚੇਤ ਰਹਿਣਾ ਚਾਹੀਦਾ ਹੈ।

## 1947 ਮੁੜ ਨਹੀਂ ਦੁਹਰਾਉਣਾ

ਅਸੀਂ ਬਾਹਰਲੇ ਮੁਲਕਾਂ ਵਿਚ ਰਹਿ ਰਹੇ ਸਾਰੇ ਹਿੰਦੋਸਤਾਨੀ ਭੈਣਾਂ ਅਤੇ ਭਰਾਵਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਅੰਨੀ ਫਿਰਕਾਪ੍ਰਸਤੀ ਵਿਰੁੱਧ ਆਵਾਜ਼ ਉਠਾਉਣ। ਦੇਸ਼ ਦੀ ਅਖੰਡਤਾ, ਏਕਤਾ ਅਤੇ ਹਿੰਦੂਆਂ ਤੇ ਸਿੱਖਾਂ ਦੀ ਆਪਸੀ ਸਾਂਝ ਨੂੰ ਬਰਕਰਾਰ ਰੱਖਣ ਲਈ ਜਨੂੰਨੀਆਂ ਦੀਆਂ ਹਰਕਤਾਂ ਨੂੰ ਨੰਗਿਆਂ ਕਰਨਾ ਬਹੁਤ ਜ਼ਰੂਰੀ ਹੈ। ਜੇ ਇਹ ਜਨੂੰਨੀ ਆਪਣੀਆਂ ਕੋਝੀਆਂ ਹਰਕਤਾਂ ਵਿਚ ਕਾਮਯਾਬ ਹੋ ਜਾਂਦੇ ਹਨ ਤਾਂ ਅੱਜ ਦਾ ਪੰਜਾਬ ਮੁੜ 1947 ਦਾ ਪੰਜਾਬ ਬਣ ਜਾਵੇਗਾ। ਜਿੰਨ੍ਹਾਂ ਲੋਕਾਂ ਨੇ 1947

ਵਿਚ ਬੁੱਢੇ, ਔਰਤਾਂ, ਮਰਦਾਂ ਅਤੇ ਭੋਲੇ ਭਾਲੇ ਬੱਚਿਆਂ ਦੇ ਧਰਮ ਦੇ ਨਾਂਅ ਹੇਠ ਹੋਏ ਬੇਰਹਿਮ ਕਤਲਾਂ ਨੂੰ ਦੇਖਿਆ ਹੈ, ਉਹ ਇਹਨਾਂ ਧਾਰਮਿਕ ਜਨੂੰਨੀਆਂ ਵਲੋਂ ਪੰਜਾਬ ਵਿਚ ਪੈਦਾ ਕੀਤੇ ਗਏ ਹਾਲਾਤ ਦਾ ਜ਼ਰੂਰ ਡਟਵਾਂ ਵਿਰੋਧ ਕਰਨਗੇ।

1947 ਵਿਚ ਦੋਹਾਂ ਦੇਸ਼ਾਂ ਵਿਚੋਂ ਘਰੋਂ ਬੇਘਰ ਹੋਏ ਲੋਕ, ਮਾਵਾਂ ਦੀਆਂ ਝੋਲੀਆਂ ਵਿਚ ਕੀਤੇ ਗਏ ਮਾਸੂਮਾਂ ਦੇ ਕਤਲ, ਧੀਆਂ ਭੈਣਾਂ ਦੀ ਹੋਈ ਬੇਪਤੀ ਨੂੰ ਅਜੇ ਬਹੁਤੀ ਦੇਰ ਨਹੀਂ ਹੋਈ। ਸੰਨ ਸੰਤਾਲੀ ਦੇ ਇਸ ਘੱਲੂਘਾਰੇ ਵਿਰੁੱਧ ਅਨੇਕਾਂ ਫਿਲਮਾਂ ਬਣੀਆਂ, ਸੈਂਕੜੇ ਨਾਵਲ ਤੇ ਕਹਾਣੀਆਂ ਲਿਖੇ ਗਏ, ਜਿੰਨ੍ਹਾਂ ਵਿਚ ਉਸ ਦਰਦਨਾਕ ਕਹਾਣੀ ਨੂੰ ਵਾਰ ਵਾਰ ਦੁਹਰਾਇਆ ਗਿਆ ਤਾਂਕਿ 1947 ਤੋਂ ਬਾਅਦ ਜਨਮੇ ਲੋਕਾਂ ਨੂੰ ਵੀ ਉਸ ਭਿਆਨਕ ਘੱਲੂਘਾਰੇ ਤੋਂ ਜਾਣੂ ਰੱਖਿਆ ਜਾਵੇ। ਅੱਜ ਫਿਰ ਧਰਮ ਦੇ ਇਹ ਠੇਕੇਦਾਰ ਧਰਮ ਦੀ ਆੜ ਲੈ ਕੇ ਪੰਜਾਬ ਅਤੇ ਹਰਿਆਣੇ ਦੀ ਧਰਤੀ ਨੂੰ ਲਹੂ-ਲੁਹਾਨ ਕਰਨ 'ਤੇ ਤੁਲੇ ਹੋਏ ਹਨ। ਵੀਹਵੀਂ ਸਦੀ ਦੇ ਇਹਨਾਂ ਮਸੰਦਾਂ ਵਿਰੁੱਧ ਹਰ ਉਸ ਵਿਅਕਤੀ ਨੂੰ ਜੋ ਆਪਣੇ ਦੇਸ਼ ਅਤੇ ਲੋਕਾਂ ਨਾਲ ਪਿਆਰ ਰੱਖਦਾ ਹੈ, ਆਵਾਜ਼ ਉਠਾਉਣੀ ਚਾਹੀਦੀ ਹੈ। ਆਪਣੇ ਰਿਸ਼ਤੇਦਾਰਾਂ, ਮਿਤਰਾਂ ਤੇ ਸੰਬੰਧੀਆਂ ਨੂੰ ਇਹਨਾਂ ਜਨੂੰਨੀਆਂ ਦੀਆਂ ਵਹਿਸ਼ੀ ਹਰਕਤਾਂ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ। ਵੱਖੋ-ਵੱਖਰੇ ਸ਼ਹਿਰਾਂ ਵਿਚ ਕਮੇਟੀਆਂ ਬਣਾ ਕੇ ਲੋਕਾਂ ਨੂੰ ਫਿਰਕਾ ਪ੍ਰਸਤੀ ਵਿਰੁੱਧ ਸੁਚੇਤ ਕੀਤਾ ਜਾਣਾ ਚਾਹੀਦਾ ਹੈ।

ਕੈਨੇਡਾ ਅਤੇ ਅਮਰੀਕਾ ਵਿਚ ਸਾਡੇ ਲੋਕਾਂ ਦੀ ਬਹੁਗਿਣਤੀ ਪੰਜਾਬ ਦੀ ਮੌਜੂਦਾ ਹਾਲਾਤ ਤੋਂ ਦੁਖੀ ਹੈ, ਪਰ ਅਜੇ ਚੁੱਪ ਬੈਠੀ ਹੈ। ਸਾਨੂੰ ਯਕੀਨ ਹੈ ਕਿ ਇਹ ਲੋਕ ਪੰਜਾਬ ਅਤੇ ਹਰਿਆਣੇ ਵਿਚ ਹੋ ਰਹੇ ਮਾਸੂਮਾਂ ਦੇ ਕਤਲਾਂ ਧਾਰਮਿਕ ਜਨੂੰਨ ਅਤੇ ਫਿਰਕਾਪ੍ਰਸਤੀ ਵਿਰੁੱਧ ਜ਼ਰੂਰ ਲਾਮਬੰਦ ਹੋਣਗੇ। ਇਹ ਸਾਡਾ ਸਭ ਦਾ ਫਰਜ਼ ਹੈ ਕਿ ਅਸੀਂ ਹਿੰਦੂ-ਸਿੱਖ ਸਦਭਾਵਨਾ ਨੂੰ ਕਾਇਮ ਰੱਖੀਏ ਅਤੇ ਆਪਣੇ ਹੱਕਾਂ ਲਈ ਇਕੱਠੇ ਹੋ ਕੇ ਜਦੋਜਹਿਦ ਕਰੀਏ।

23 ਮਈ, 1984

**ਇਹ ਬਿਆਨ ਹੇਠ ਲਿਖੀਆਂ ਵੱਲੋਂ ਸਾਂਝੇ ਤੌਰ ਤੇ ਜਾਰੀ ਕੀਤਾ ਗਿਆ :**

1. Dr. Ambedkar Memorial Association of Canada 6341 Sophia Street, *Vancouver*, B.C. V5W 2W7
2. Anti-47 Front, P.O.Box 2805, Bakerfield, CA. 93303, U.S.A
3. India People's Association in North America (IPANA), P.O.Box 69646, Stn. K, Vancouver, B.C. V5K 4W7
4. *Punjab Literary Association* Edmonton,3539-61 Street, Edmonton Alberta
5. Punjabi Literary & Cultural Association Winnipeg International Centre, 700 Elgin Ave. Winnipeg, *Manitoba*
6. *Vancouver Sath*, P.O. Box 67681, Stn. 'O', Vancouver, B.C. V5W V5W 3V2
7. Watno Dur, P.O.Box 9545, Edmonton, Alberta T6W 5X2

## ਪਾਠਕ ਲੇਖਕ ਫੋਰਮ

### 1. ਇੱਕ ਚਿੱਠੀ ਕੈਲੀਫੋਰਨੀਆ ਤੋਂ

—ਕੈਲੀਫੋਰਨੀਆਂ ਵਿੱਚ ਤੇ ਲਾਜ਼ਮੀ ਪੰਜਾਬ ਵਿੱਚ ਇਹ ਸਪਸ਼ਟ ਹੈ ਕਿ ਜਨੂੰਨੀ ਖਾਲਸਤਾਨੀ ਤੇ ਫਿਰਕੂ (ਖਾਸ ਕਰਕੇ ਭਿੰਡਰਾਂਵਾਲਾ) ਸਾਡੀ ਕਿਸਮਤ ਲਈ ਕੀ ਬੈਠੇ ਹਨ ? ਇਹ ਜੜ੍ਹ ਕਿਥੋਂ ਤੁਰਦੀ ਹੈ ਤੇ ਵਧ ਫੁੱਲ ਕੇ ਕਿਹੋ ਜਿਹੇ ਫਲ ਲਈ ਬੈਠੀ ਹੈ ? ਆਮ ਜਮਹੂਰੀ ਸਮਝ ਰੱਖਣ ਵਾਲੇ ਵੀ (ਕਮਿਊਨਿਸਟਾਂ ਨੂੰ ਤਾਂ ਹੈ ਹੀ) ਸਮਝ ਸਕਦੇ ਹਨ ਮੁਢਲੋ ਰੂਪ 'ਧਰਮ' ਹੀ ਅਸਲੋਂ ਇਹੋ ਪੁਆੜਿਆਂ ਦੀ ਜੜ੍ਹ ਹੈ। ਮਾਰਕਸ ਲੈਨਿਨ ਮਾਉ ਹੁਰਾਂ ਇਸ ਬਾਬਤ ਤੇ ਇਸਨੂੰ ਨਜਿੱਠਣ ਬਹੁਤ ਸਮੱਗਰੀ ਪ੍ਰਦਾਨ ਕੀਤੀ ਹੈ ਜੋ ਅਸੀਂ ਸਭ ਵਰਤਦੇ ਹਾਂ ਸਮਝਦੇ ਹਾਂ।

ਅੱਜ ਇੰਨਾ ਜ਼ਰਵਾਣਿਆਂ ਨਾਲ ਟੱਕਰ ਵਿਚਾਰ-ਧਾਰਕ ਨਹੀਂ ਹੈ। (ਭਾਰੂ) ਵਿਚਾਰਧਾਰਕ ਟੱਕਰ 1921 ਤੋਂ ਅਜੇ ਤਕ ਹਮੇਸ਼ਾ ਹੀ ਕਮਿਊਨਿਸਟ ਲੈਂਦੇ ਰਹੇ ਹਨ (ਕਮੀਆਂ ਰਹਿਣੀਆਂ ਵੱਖਰੀ ਗੱਲ ਹੈ!) ਅੱਜ ਜਦੋਂ ਇਹ ਜਰਵਾਣਾਂ ਜਮਹੂਰੀ ਲਹਿਰ ਦੇ ਕੁੱਲ ਕਾਰਕੁਨਾਂ ਤੇ ਹਮਦਰਦਾਂ ਤੱਕ ਦੇ ਕੁੱਲ ਸ਼ਹਿਰੀ ਤੇ ਪੇਂਡੂ ਸਿਰਨਾਵੇਂ ਲਈ ਬੈਠਾ ਹੈ ਤੇ ਤਕਰੀਬਨ ਸਭ ਨੂੰ ਕਹਿਰੀ ਨਿਗਾਹ ਨਾਲ ਦੇਖ ਰਿਹਾ ਹੈ ਕਿ ਕਦੋਂ ਖੋਮੀਨੀ ਵਾਂਗੂ ਇਨਾਂ ਨੂੰ wipe out ਕਰਾਂ ਤਾਂ ਮੈਨੂੰ ਦਸੋ ਮਈ ਦੇ ਮਹੀਨੇ 7-ਤੋਂ 15 ਤੱਕ ਪੇਜ ਕਾਲੇ ਕਰਨ ਦਾ ਕੀ ਅਰਥ ਹੈ ? ਕੀ ਤੁਹਾਨੂੰ ਕਲੀਅਰ ਨਹੀਂ ਹੈ ਕਿ ਪਹਿਲਾਂ ਤਾਂ ਤਿੰਨ ਹਫਤੇ ਇਹ ਲੀਗੀ (4-5 ਜਣੇ) ਸੈਦ ਸਣੇ ਗੁਰੂ ਘੰਟਾਲਾਂ ਦੇ ਕਿਤਾਬਾਂ ਨਾਲ ਝੱਖ ਮਾਰਦੇ ਰਹੇ ਹੋਣਗੇ ਲੇਖ ਲਿਖਣ ਨੂੰ ਫਿਰ ਮਈ ਸਮਤਾ ਦੇ 40 ਪੇਜਾਂ ਚੋਂ 1/4 ਹਿੱਸਾ ਇਨਾਂ ਖਾ ਲਿਆ-ਪਾਠਕਾਂ ਦਾ ਟੈਮ ਤੇ ਝੱਖ ਮਾਰਨ ਚੋਂ ਸਿਰ

ਦੁਖਣੀ ਵਾਧੂ—ਇਸ ਲੇਖ 'ਚ ਦਰਜ ਸਮਝ ਸਾਰੇ ਮਾਰਕਸਵਾਦੀ ਲੈਨਿਨਵਾਦੀ ਲਿਟਰੇਚਰ ਵਿਚ ਦਰਜ ਹੈ।

ਗੁਰਸ਼ਰਨ ਜੀ ਤੁਸੀਂ ਇਨਸਾਫ ਕਰੋ—ਬਠਿੰਡੇ ਦੇ 20 ਪਿੰਡਾਂ 'ਚ ਇਹ ਲੇਖ ਵੰਡ ਦਿਉ—20 'ਚੋਂ 10-20 ਜਣੇ ਬੜੀ ਖਾਤਰ ਮਿਲਣਗੇ ਜਿੰਨਾ ਦੇ ਕੁਝ ਪਲੇ ਪਊ—8 ਕੁ ਇਹੋ ਜਿਹੇ ਹੋਣਗੇ ਜਿਹੜੇ ਪਹਿਲਾਂ ਹੀ ਇਸ ਤੋਂ ਵਧੀਆ ਸਮਝ ਰਖਦੇ ਹੋਣਗੇ—ਦੋ ਤਿੰਨਾਂ ਦੀ ਉਮਰ ਬੀਤ ਗਈ ਹੋਊ ਇਹੋ ਕਾਸੇ ਦੇ ਸਕੂਲ ਲਾਉਂਦਿਆਂ 20 ਪਿੰਡਾਂ ਲਈ ਇਸਨੇ ਕੀ ਸੁਆਰਿਆ ? ਬਿਫਰੇ ਸ਼ਰੀਨ-ਵਾਂਗ ਸਾਡੀਆਂ ਹਿੱਕਾਂ 'ਤੇ ਗੜ੍ਹਕ ਰਹੇ ਸ਼ਰੀਕ ਦੇ ਸਿੰਗ ਇਨਾਂ ਪਿੰਡਾਂ ਦੀ ਜਾਨ੍ਹਦਾਰ ਤਾਕਤ ਨੇ ਹੀ ਭੋਰਨੇ ਹਨ—ਸੁਆਲ ਹੈ ਇਹੋ ਜਿਹੀ ਚਰਚਾ 'ਜੈਕਾਰੇ' 'ਚ ਕੀਤੀ ਜਾ ਸਕਦੀ ਹੈ ਇਹ ਮਹਿਜ਼ ਪ੍ਰਚਾਰ ਲਈ ਉਹ ਰਾਖਵਾਂ ਹੀ ਤਾਂ ਹੈ। ਸਮਤਾ ਨੂੰ ਕਿਉਂ ਉਸੇ ਸਾਣ ਤੇ 'ਲਾ ਰਹੇ ਹੋ ? ਸਮਤਾ ਤੇ ਅਗਾਂਹਵਧੂ ਪਰਚੇ ਜਨਤਾ ਦੀ ਕਮਾਈ ਤੇ ਪਲ੍ਹਦੇ ਹਨ—ਸਮਤਾ ਨੇ ਮੁੱਲ (ਹੁਣ ਦੇ ਪ੍ਰਸੰਗ 'ਚ) ਭੀ ਮੋੜਿਆ ਹੈ—ਜਨਤਾ ਨਾਲ ਵਫ਼ਾ ਜ਼ਰੂਰੀ ਹੈ।

ਮਸਲਾ ਇਹ ਨਹੀਂ ਕਿ ਅੱਜ ਦੀ ਜਰਵਾਣੀ ਦਹਿਸ਼ਤ ਪਸੰਦਾਂ ਦੀ ਸਿਧਾਂਤਕ ਜੜ੍ਹ ਕਿਥੇ ਹੈ ਇਹਦੇ ਲਈ 'ਜੈਕਾਰਾ' ਵਰਗੇ ਹੈ ਹੀ ਹਨ—ਮਸਲਾ ਇਹ ਕਿ ਇਸ ਜਰਵਾਣੇ ਤੇ ਇਸਦੇ ਲੰਗ ਲਾਵੇ ਦੇ ਸਿੰਗ ਕਿਵੇਂ ਭੋਰੇ ਜਾਣ—ਇਹ ਮਸਲਾ ਪ੍ਰੋਲਤਾਰੀ ਇਨਕਲਾਬ ਜਦੋਂ ਹੋ ਗਿਆ ਉਦੋਂ ਤਾਂ ਹੋਣਾ ਹੀ ਨਹੀਂ।

ਆਹ ਜੇਹੜੇ ਸਾਨੂੰ ਮੋਗੇ ਪੀਪਲਜ਼ ਬੁੱਕ ਸੈਂਟਰ ਤੇ ਕਿਤਾਬਾਂ ਨੀ ਵੇਚਣ ਦਿੰਦੇ, ਘੱਲਾਂ ਤੋਂ ਸਾਡੇ ਸਾਥੀਆਂ ਨੂੰ ਘਰੋਂ ਚੁੱਕ ਲੈਂਦੇ ਹਨ—ਕਾਰਬਾਈਨਾਂ ਨਾਲ ਲੈਸ ਹੋ ਕੇ ਹੇੜਾਂ ਦੀਆਂ ਹੇੜਾਂ ਰੋਡੇ ਘੁੰਮਦੀਆਂ ਹਨ—ਇਨ੍ਹਾਂ ਦਾ ਕੀ ਬਣਾਇਆ ਜਾਵੇ ? ਕਿਵੇਂ ਬਣਾਇਆ ਜਾਵੇ ? 1921 ਤੋਂ ਕਮਿਊਨਿਸਟ ਸਿਧਾਂਤਕ ਜੱਦੋਜਹਿਦ ਦਿੰਦੇ ਆਏ ਹਨ ਧਰਮ ਬਾਬਤ—ਮਸਲਾ, ਸਿੱਧਾਂਤਕ ਘਾਤਤਾਂ ਦਾ (ਉਤਲੇ ਸਰਕਲਾਂ 'ਚ ਹੋਊ ਅਬੂਲ ਤਾਂ ਸਭ ਜਾਣਦੇ ਹਨ) ਹੀ ਨਹੀਂ—ਕੋਈ ਠੋਸ ਸੰਕੀਮ ਬਲੀਊ ਪਰਿੰਟ ਦੇਣ ਦਾ ਹੈ ਕਿ ਇਨਾ ਜਰਵਾਣਿਆਂ ਨਾਲ ਕਿਵੇਂ ਭਿੜੀਏ, ਤੇ ਫ਼ੈਸਲਾਕੁੰਨ ਸੱਟ ਮਾਰਕੇ—(ਜਿਹੜੀ ਅੱਜ ਕੁਝ ਹੱਦ ਤੱਕ ਆਪਣੇ ਆਪ ਨੂੰ ਸੁੱਕਾਂ ਬਚਾ ਕੇ ਬਚ ਨਿਕਲਨਾ ਹੀ ਹੈ) ਅੱਗੇ ਵਧੀਏ; ਲੀਗੀਆਂ ਨੂੰ ਕਹੋ ਅਕੈਡਮੀ ਖੋਲ੍ਹ ਲੈਣ ਸਿਰਨਾਵਾਂ ਸਮਤਾ ਛਾਪ ਦੇਵੇ— ਜੀਹਨੂੰ ਲੋੜ ਹੋਊ—ਅਕੈਡਮੀ 'ਚ ਇਨ੍ਹਾਂ ਦੇ ਸਕੂਲ ਲਾ ਆਇਆ ਕਰੂ—ਸਿੱਧੇ ਮੱਥੇ ਜਰਵਾਣੇ ਨੂੰ ਸੰਬੋਧਤ ਹੋਵੋ ਜਿਵੇਂ ਹੋਰ ਹੋ ਰਹੇ ਹਨ।

ਲਖਵਿੰਦਰ 'ਲਿੱਟ

## 2. ਸਮਤਾ ਜੂਨ 'ਚ ਛਪੀ ਹੁੰਦਲ ਦੀ ਚਿੱਠੀ ਬਾਰੇ

ਹੋਰਨਾਂ ਪਰਚਿਆਂ ਦਾ ਪਾਠਕ ਲੇਖਕ ਫ਼ੋਰਮ ਕੋਈ ਏਡਾ ਤਕੜਾ ਨਹੀਂ, ਉਂਝ ਕਈ ਪਰਚੇ ਤਾਂ ਇਸ ਕਿਸਮ ਦੀ ਚੂੰਝ ਚਰਚਾਂ ਤੋਂ ਬਿਲਕੁਲ ਕੋਰੇ ਹਨ। ਪਰ "ਸਮਤਾ" ਵਿਚ ਛਪੀਆਂ ਚਿੱਠੀਆਂ ਅਦਬੀ ਅਮਲ ਹੇਠ ਕਾਫ਼ੀ ਮਹੱਤਤਾ ਰਖਦੀਆਂ ਹਨ। ਇਸ ਕਿਸਮ ਦੀ ਸ਼ੁਰੂਆਤ ਦਾ ਅਪਣਾ ਹੀ ਵੱਖਰਾ ਮੂਲ ਵਿਧਾਨ ਤੇ ਵੱਖਰੀ ਹੀ ਪਛਾਣ ਹੈ। ਇਸ ਕਿਸਮ ਦੇ ਰਚਨਾਤਮਕ ਅਮਲ ਵਿਚ ਸਮਤਾ ਕਾਫ਼ੀ ਅੱਗੇ ਹੈ। ਪਰ ਕਈ ਵਾਰੀ ਜਦੋਂ ਤੰਗ ਨਜ਼ਰੀਏ ਵਾਲੀਆਂ ਚਿੱਠੀਆਂ ਸਮਤਾ 'ਚ ਛਪਦੀਆਂ ਹਨ ਤਾਂ ਤੁਹਾਡੀ ਸੋਚ ਤੇ ਕਿੰਤੂ ਕਰਨ ਨੂੰ ਜੀ ਕਰਦਾ ਹੈ। ਉਮੀਦ ਹੈ ਏਸ ਕਿਸਮ ਦੇ ਰਚਨਾਤਮਕ ਅਮਲ ਅਥਵਾ ਆਲੋਚਨਾਤਮਕ ਇਲਮ ਨੂੰ ਪਾਠਗਤ ਸਤਾ 'ਚ ਪਠਨ-ਪਾਠਨ ਲਈ ਦਿੰਦੇ ਰਹੋਗੇ।

ਹੁੰਦਲ ਦੀ ਸਮਤਾ ਜੂਨ 'ਚ ਛਪੀ ਚਿੱਠੀ ਜਿਸ ਵਿਚ ਉਸ ਨੇ ਗੁਰਨਾਮ ਸਿੰਘ ਉਪੂਰ ਅਪਣੀ ਸੌੜੀ ਸੋਚ ਰਾਹੀ ਚਿਕੜ ਉਛਾਲਿਆ ਹੈ, ਬਾਰੇ ਕੁਝ ਕਹਿਣ ਤੋਂ ਪਹਿਲਾਂ ਮੈਂ ਉਸ ਨੂੰ ਪੁਛਣਾਂ ਚਾਹੁੰਦਾ ਹਾਂ ਕਿ ਉਹ ਕਿਹੜੇ ਐਕਰੀ ਕਾਮਰੇਡਾਂ ਵਿਚੋਂ ਹੈ ਜਿਹੜਾ ਗੁਰਨਾਮ ਸਿੰਘ ਵਰਗੇ ਸਿਆਣੇ ਤੇ ਸੂਝਵਾਨ ਵਿਅਕਤੀ ਉਪਰ ਮੱਲੋਜੋਰੀ ਨਿਹੋਰੇ ਕਰ ਰਿਹਾ ਹੈ। ਜ਼ਾਤਪਾਤ ਦੇ ਵਿਰੁੱਧ ਬੋਲਣ ਵਾਲੇ ਖਦ ਕਿਸ ਤੇ ਕਿਹੜੀ ਕਿਸਮ ਦੀ ਜਾਤ ਦੇ ਪੱਖ ਪਾਤੀ ਹੁੰਦੇ ਹਨ ਹੁੰਦਲ ਸਾਹਿਦ ਸ਼ਪਸ਼ਟ ਤਾਂ ਕਰਨ। ਸਮਾਜ ਵਿਚਲੀਆਂ ਕੁਰਹਿਤਾਂ ਤੇ ਕਮੀਨਗੀਆਂ ਦੇ ਖਿਲਾਫ਼ ਲਿਖਣਾ ਹੁੰਦਾ ਹੈ ਜਾਂ ਇਸ ਦੇ ਹੱਕ ਵਿਚ ਭੁਗਤਨਾ। ਕੀ ਜਾਤਪਾਤੀ ਕਲਚਰ ਦੇ ਖਿਲਾਫ਼ ਲਿਖ ਕੇ ਏਸ ਕਲਚਰ ਦੇ ਪ੍ਰਤੀ ਪਾਠਗਤ ਜਗਤ ਵਿਚ ਵਿਦਰੋਹ ਪੈਦਾ ਕਰਨਾ ਸੁਚੇਤ ਕਲਾਕਾਰ ਦਾ ਫ਼ਰਜ਼ ਨਹੀਂ ? ਕੀ ਅਸੀਂ ਚੇਤੰਨ ਲੋਕ ਹੱਥ ਤੇ ਹੱਥ ਰੱਖ ਕੇ ਬੈਠ ਰਹੀਏ ? 1923 ਤੋਂ ਚਲੀ ਕਮਿਊਨਿਸਟ ਲਹਿਰ ਜਾਂ ਸਦੀਆਂ ਤੋਂ ਚੱਲਿਆਂ ਆ ਰਿਹਾ ਸਿੱਖ ਧਰਮ ਜੇਕਰ ਲੋਕਾਂ ਨੂੰ ਏਸ ਗੰਦੇ ਕਲਚਰ ਦੇ ਖਿਲਾਫ਼ ਨਹੀਂ ਉਠਾ ਸਕਿਆ ਤਾਂ ਇਸ ਦਾ ਸਭ ਤੋਂ ਵੱਡਾ ਤੇ ਠੋਸ ਕਾਰਣ ਏਸ ਸਮਾਜ ਵਿਚ ਜਾਤਪਾਤ ਦਾ ਡੂੰਘੀ ਤਰਾਂ ਗੁਸਿਆ ਹੋਣਾ ਹੈ। ਜੇਕਰ ਕਮਿਊਨਿਸਟ ਬਣਨਾ ਹੀ ਸਮਾਜ ਦੀ ਖੁਸ਼ਕਿਸਮਤੀ ਹੈ ਤੇ ਕਮਿਊਨਿਸਟ ਹੀ ਜ਼ਾਤਪਾਤ ਨੂੰ ਚੰਗੀ ਤਰ੍ਹਾਂ ਦੂਰ ਕਰ ਸਕਦੇ ਹਨ ਤਾਂ ਪਹਿਲਾਂ ਇਹ ਦਸੋ ਕਿ 60 ਸਾਲਾਂ ਵਿੱਚ ਤੁਸੀਂ ਕਿੰਨੀ ਕੁ ਜ਼ਾਤਪਾਤ ਦੂਰ ਕੀਤੀ ਹੈ। ਜੇਕਰ 5% ਹੋਈ ਵੀ ਹੈ ਤਾਂ ਸਿਰਫ ਪੜ੍ਹੇ ਲਿਖੇ ਵਾਰਗ ਤੇ ਨੌਕਰੀਅਫ਼ਤਾਂ ਲੋਕਾਂ ਵਿਚ ਹੋਈ ਹੈ। ਤੁਹਾਡੀ ਲੀਡਰਸ਼ਿਪ ਤੇ ਬ੍ਰਾਹਮਣ ਬਾਣੀਏ ਦੇ ਹੱਥਾਂ ਵਿਚ ਹੈ, ਤੁਸੀਂ ਫੜ੍ਹਾਂ ਮਾਰਦੇ ਹੋ ਕਿ ਸਿਵਾਇ ਕਮਿਊਨਿਸਟਾਂ ਤੋਂ ਇਸ ਕੋਹੜ ਨੂੰ ਹੋਰ ਕੋਈ

ਲਹਿਰ ਦੂਰ ਹੀ ਨਹੀਂ ਕਰ ਸਕਦੀ। ਜਦੋਂ ਤੱਕ ਵਾਗ-ਡੋਰ ਮਜ਼ਦੂਰ ਦੇ ਹੱਥਾਂ ਵਿਚ ਨਹੀਂ ਆਉਂਦੀ, ਉਦੋਂ ਤੱਕ ਤੁਸੀ ਕੁਝ ਵੀ ਪ੍ਰਾਪਤ ਨਹੀਂ ਕਰ ਸਕੋਗੇ।

ਕੀ ਜੱਟ ਕਾਮਰੇਡ ਕਹਿਣਾ ਇਸ ਗੰਦੇ ਜਾਤਪਾਤੀ ਕਲਚਰ ਦੇ ਹੱਕ ਵਿਚ ਨਹੀਂ ਭੁਗਤਦਾ ਜਿਸਦਾ ਜ਼ਿਕਰ ਹੁੰਦਲ ਹੈ ਚਿੱਠੀ ਵਿਚ ਵੀ ਕੀਤਾ ਹੈ। ਹੁੰਦਲ ਨੂੰ ਸ਼ਾਇਦ ਭੁਲੇਖਾ ਹੈ ਕਿ ਭਾਰਤ ਵਿਚੋਂ ਬ੍ਰਾਹਮਣੀ ਕਲਚਰ ਖ਼ਤਮ ਹੋ ਗਿਆ ਹੈ। ਏਥੇ ਤਾਂ ਹਾਲਾ ਸਵਰਨਜਾਤੀਆਂ ਵਿਚ ਵੀ ਅੰਤਰ ਜਾਤੀ ਵਿਆਹ ਸੰਭਵ ਨਹੀਂ ਹੋ ਸਕੇ, ਭਲਾਂ ਫਿਰ ਗੁਰਨਾਮ ਸਿੰਘ ਏਸ ਕਿਸਮ ਦੇ ਖਿਆਲ ਅਪਣੀ ਚਿੱਠੀ ਵਿਚ ਕਿਉਂ ਵਿਅਕਤ ਕਰੇ। ਲਗਦਾ ਹੈ ਕਿ ਹੁੰਦਲ ਨੇ ਅਪਣ ਹੀ ਕਿਸਮ ਦੇ ਅਰਥ ਕੱਢ ਕੇ ਕਿਹੋਰਾ ਕੀਤਾ ਹੈ। ਏਥ ਤਾਂ ਸੂਦਰ ਅਤੀ ਸੂਦਰ ਨੂੰ ਨਫ਼ਰਤ ਕਰਦਾ ਹੈ। ਬ੍ਰਾਹਮਣਾਂ ਵਿਚ ਵੀ ਜਾਤਾਂ ਹਨ, ਵੈਸ਼ਾਂ ਵਿੱਚ ਵੀ ਜਾਤਾਂ ਹਨ ਖ਼ਤਰੀਆਂ ਵਿਚ ਵੀ ਜਾਤਾਂ ਹਨ। ਇਹੋ ਜਹੇ ਬ੍ਰਾਹਮਣ ਭਾਰਤ ਵਿਚ ਮਿਲ ਜਾਣਗੇ ਜਿਹੜੇ ਬ੍ਰਾਹਮਣਾਂ ਨੂੰ ਹੀ ਨਫ਼ਰਤ ਕਰਦੇ ਹਨ। ਹੁੰਦਲ ਸਾਹਿਬ ਦੀ ਪਾਰਟੀ ਏਸ ਕਿਸਮ ਦੇ ਸੰਸਕਾਰਾਂ ਨੂੰ ਤੋੜਨ ਲਈ ਕੀ ਕਰ ਰਹੀ ਹੈ? ਦੋਸਤ ਮੈਂ ਬਹੁਤ ਹੀ ਛੋਟੀ ਉਮਰ ਦੇ ਤਜੁਰਬੇ ਨਾਲ ਦਾਵਾਂ ਕਰਦਾ ਹਾਂ ਕਿ ਭਾਰਤ ਵਿਚ ਕੋਈ ਸਰਕਾਰ, ਕੋਈ ਪਾਰਟੀ ਅਥਵਾ ਲਹਿਰ ਭਾਵੇਂ ਉਹ ਸਮਾਜਿਕ ਹੋਏ ਰਾਜਨੀਤਿਕ ਅਥਰਾ ਹਭਿਆਚਾਰਕ ਹੋਵੇ, ਜਾਤਪਾਤੀ ਕਲਚਰ ਖ਼ਤਮ ਕੀਤੇ ਬਿਨਾ ਸਮਾਜਵਾਦ ਨਹੀਂ ਲਿਆ ਸਕਦੀ।

ਹਿਦੂੰਆਂ ਨੇ ਆਪਣੀ ਜਾਤ ਦੇ ਆਧਾਰ ਤੇ ਲੜਾਈ ਛੇੜ ਰੱਖੀ ਹੈ। ਸਿੱਖ ਆਪਣੇ ਹੱਕ ਜਤਾ ਰਹੇ ਹਨ। ਦਲਿਤ DS 4 ਦੇ ਨਾਂ ਥੱਲੇ ਇਕੱਠਾ ਹੋ ਰਿਹਾ ਹੈ। ਪੇਸ਼ਾ ਇਕ ਪੱਖ ਤੋਂ ਅਧਿਆਪਕ ਵੱਖਰੇ ਰੂਪ ਵਿਚ ਸੰਘੂਰਸ਼ ਕਰ ਰਹੇ ਹਨ, ਬੈਂਕ ਕਰਮਚਾਰੀ ਅਪਣੇ ਮੰਗ ਚਾਰਟ ਛਪਾਈ ਵਰਗ ਫ਼ਿਰਦੇ ਹਨ, ਯਾਨੀ ਹਰ ਵਰਗ ਅਪਣੀਆਂ ਸਮੂਹਿਕ ਮੰਗਾਂ ਲਈ ਸਿਰਤੋੜ ਯਤਨ ਕਰ ਰਿਹਾਂ ਹੈ। ਸਮਾਜਵਾਦ ਲਈ ਨਹੀਂ ਇਹ ਤੇ ਮੋਰੀ ਜਾਚੇ ਸਮਾਂਜਵਾਦ ਦੀ ਪੂਛ ਫੜਨ ਬਰਾਬਰ ਹੈ।

ਜੇਕਰ ਕੋਈ ਸਵਾਰਨਜਾਤੀ ਵਿਚੋਂ ਚਪੜਾਸੀ ਲੱਗਿਆ ਆਦਮੀ ਬਸ ਤੋਂ ਉੱਤੇਰ ਕੇ ਆ ਰਿਹਾ ਹੈ ਤਾਂ ਉਸ ਨੂੰ ਆਖਣਗੇ ਸਰਦਾਰ ਲਖੰਾ ਸਿੰਘ ਦਾਂ ਮੁੰਡਾ ਸ੍ਰ, ਜੰਗੀਰ ਸਿੰਘ ਆ ਰਿਹੈ ਪਰੰ ਜੇਕਰ ਦਲਿਤੰ ਵਰਗ ਦਾ ਕੋਈ ਉਚੇ ਅਹੁਦੇ ਤੇ ਲੱਗਿਆ ਕਰਮਚਾਰੀ ਆਂ ਰਿਹਾ ਹੋਵੇ ਤਾਂ ਹੁੰਦਲ ਦੀ ਸੋਚ ਦੇ ਆਤੀ ਆਖਣਗੇ 'ਸਾਧੂ ਚਮਾਰ ਦਾ ਮੁੰਡਾ ਮੀਤ ਆਂ ਰਿਹੈ, ਉਸੰ ਦਾ ਪੂਰਾ ਨਾਂ ਵੀ ਨਹੀਂ ਲੈਂਦੇ। ਕੀ ਏਸ ਕਿਸਮੰ ਦੇ ਘਟੀਆ ਕਲਚਰ ਦੇ ਖਿਲਾਫ਼ ਲਿਖਣਾ ਗੁਨਾਹ ਹੈ? ਕਿਰਤ ਦੀ ਕੀਮਤ ਨੂੰ ਸਮਝਣਾ ਤੇ ਕਿਰਤੀ ਨੂੰ ਮਾਣ ਦੇਣਾ ਮਾਰਕਸੀਅਨ ਥਿਊਰੀ ਹੈ ਤਾਂ ਹੁੰਦਲ ਸਾਹਿਬ ਵਾਰਗੇ ਕਾਮਰੇਡਾਂ ਨੂੰ ਲੱਖ ਲੱਖ ਵਾਰੀ ਸਲਾਮ।

ਅੱਜ ਲੋੜ ਹੈ ਇਸ ਕਿਸਮ ਦੀਆਂ ਤੇ ਨਕਾਰੀਆਂ ਸੋਚਾਂ ਨੂੰ ਤਿਲਾਂਜਲੀ ਦੇਂਦੇ ਨਵੀਆਂ ਰਾਹਾਂ ਤੇ ਟੁਰੀਏ'।

ਗੁਰਮੀਤ ਕਲੱਰ ਮਾਜਰੀ, ਪਟਿਆਲਾ

## 3. ਸਮਤਾ ਦੀ ਸੰਪਾਦਕੀ ਬਾਰੇ

ਸਮਤਾ ਦੇ ਹਰ ਇਕ ਅੰਕ ਤੋਂ ਇਕ ਨਵੀਂ ਪ੍ਰੇਰਨਾ ਮਿਲਦੀ ਹੈ। ਸਪਸ਼ਟ ਸ਼ਬਦਾਂ ਵਿਚ ਔਖੀ ਤੋਂ ਔਖੀ ਗੱਲ ਸਮਝ ਪੈਂਦੀ ਹੈ। ਦਲੀਲ ਦੀ ਆਵਾਜ਼ ਉੱਚੀ ਕਰੋ, ਅਤਿਵਾਦੀ ਵੱਖ਼ਵਾਦੀ ਤਹਿਰੀਕ ਵਿਰੁੱਧ ਲੜਾਈ ਦਾ ਪੈਂਤੜਾ ਤੇ ਕਾਲ੍ਹੇ ਹਾਸ਼ੀਏ ਦਾ ਇਤਹਾਸ ਐਸੀਆਂ ਲਿਖਤਾਂ ਹਨ ਜੋ ਲੋਕਾਂ ਵਿਚ ਚਲ ਰਹੀ ਆਮ ਚਰਚਾਂ 'ਚ ਸਾਨੂੰ ਸਹੀ ਪੈਂਤੜਾ ਲੈਣ 'ਚ ਮਦਦ ਕਰਦੀਆਂ ਹਨ। ਕਾਲੇ ਹਾਸ਼ੀਏ ਦੇ ਇਤਹਾਸ ਦੇ ਪਾਤਰਾਂ ਬਾਰੇ ਆਪ ਜੀ ਦਾ ਨਿਰਨਾ ਠੀਕ ਹੈ। ਬੀਬੇ ਮੂੰਹ ਵਾਲੇ ਇਹ ਪਾਤਰ ਬੜਾ ਸ਼ਾਨਦਾਰ ਖਲਨਾਇਕੀ ਦਾ ਰੋਲ ਨਿਭਾ ਰਹੇ ਹਨ। ਸਾਡੀ ਚੈਂਪੀਅਨ ਲੋਕਾਈ ਦਾ ਹੁਣ ਆਪਣਾ ਰੋਲ ਬਣਦਾ ਹੈ ਕਿ ਉਹ ਖਲਨਾਇਕਾਂ ਨੂੰ ਤਹਿਸ਼ ਨਹਿਸ਼ ਕਰਨ ਲਈ ਅੱਗੇ ਆਏ। ਡਾਕਟਰ ਕਾਵੂਰ ਬਾਰੇ ਜੋ ਆਪ ਨੇ ਦਿਤਾ ਹੈ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਸਿਆਣੇ ਕੀਤਾ ਜਾ ਸਕੇ। ਨਵਜੋਤ ਦਾ ਇਹ ਸੁਝਾਅ ਕਿ ਲੋਕ ਪੱਖੀ ਪੇਪਰਾਂ ਅਤੇ ਪਾਰਟੀਆਂ ਤੇ ਗਰੁੱਪਾਂ ਨੂੰ ਘੱਟ ਤੋਂ ਘੱਟ ਪ੍ਰੋਗਰਾਮ ਤੇ ਸਹਿਮਤ ਹੋ ਕੇ ਫਿਰਕਾਪ੍ਰਸਤੀ ਦੇ ਵਿਰੁੱਧ ਐਕਸ਼ਨ ਕਮੇਟੀ ਬਣਾ ਲੈਣੀ ਚਾਹੀਦੀ ਹੈ, ਬਹੁਤ ਠੀਕ ਹੈ ਅਤੇ ਉਹਨਾਂ ਲੋਕਾਂ ਦੀ ਤਰਜਮਾਂਨੀ ਕਰਦਾਂ ਹੈ ਜੋ ਲੋਕ-ਪੱਖੀ ਪਾਰਟੀਆਂ ਅਤੇ ਗਰੁੱਪਾਂ ਦੀ ਹਰ ਮਸਲੇ ਤੇ ਵਧ ਤੋਂ ਵਧ ਏਕਤਾ ਵੇਖਣਾ ਚਾਹੁੰਦੇ ਹਨ। 'ਅੰਨਦਾਤਾ ਕਿ ਭਿਖਾਰੀ' ਲੇਖ ਤੇ ਟਿਪਣੀ ਕਰਦੇ ਹੋਏ ਗਾਂਧੀ ਨਗਰ ਤੋਂ ਫੌਜੀ ਦੀ ਚਿੱਠੀ ਵਿਚ ਅੰਦਰਲਾ ਦਰਦ ਬੋਲਿਆ ਹੈ। ਇਸ ਵਿਤਕਰੇ ਭਰੇ ਸਮਾਜ ਦੀ ਜੀਂਦੀ ਜਾਗਦੀ ਤਸਵੀਰ ਹਿੰਦੋਸਤਾਨੀ ਫੌਜ ਵਿਚ ਇਕ ਜਵਾਨ ਦੀ ਜ਼ਿੰਦਗੀ, ਅਫ਼ਸਰਾਂ ਦੀ ਜ਼ਿੰਦਗੀ ਦੇ ਟਕਰਾਅ ਵਿਚ ਵੇਖੀ ਜਾ ਸਕਦੀ ਹੈ।

ਸੁਰਜੀਤ ਗ੍ਰਾਮੀ ਤਲਵਾੜਾ

## 4. ਕਵੈਂਟਰੀ ਤੋਂ ਇਕ ਚਿੱਠੀ

'ਸਮਤਾ' ਰਾਹੀਂ ਹਰ ਮਹੀਨੇ ਮੁਲਾਕਾਤ ਹੋ ਜਾਂਦੀ ਹੈ ਅਤੇ ਜੀਣ ਉਤਸ਼ਾਹ ਨੂੰ ਇਕ ਨਵੀਂ ਸ਼ਕਤੀ ਮਿਲ ਜਾਂਦੀ ਹੈ। ਤੁਸੀਂ ਆਪਣੀ ਵਲਾਇਤ ਫੇਰੀ ਨਾਲ ਆਪਣੇ ਅਣਗਿਣਤ ਮੱਦਾਹ ਬਣਾ ਗਏ ਹੋ। ਇਹ ਪ੍ਰਸ਼ੰਸਕ ਤੁਹਾਡੀ ਮਿਸਾਲ ਤੋਂ ਉਤਸ਼ਾਹ ਲੈਂਦੇ ਹਨ ਮੈਂ ਉਨਾਂ

ਵਲੋਂ ਤੁਹਾਡਾ ਅਤੇ ਤੁਹਾਡੇ ਵਲੋਂ 'ਸਮਤਾ' ਵਿਚ ਦਿੱਤੀ ਨਿਡਰ ਅਤੇ ਲੋਕ-ਹਿਤੀ ਸੇਧ ਲਈ ਧੰਨਵਾਦ ਕਰਨਾ ਚਾਹੁੰਦਾ ਹਾ।

ਅੱਜ ਦੇ ਪੰਜਾਬ (ਅਤੇ ਭਾਰਤ) ਦੇ ਹਾਲਾਤ ਵਿਚ ਜਿਸ ਦਲੇਰੀ ਨਾਲ ਤੁਸੀਂ ਫਿਰਕੂਪੁਣੇ, ਵੱਖਵਾਦੀ ਅਤੇ ਅਤਿਵਾਦੀ ਗੁੰਡੀਗਰਦੀ ਵਿਰੁਧ ਆਵਾਜ਼ ਬੁਲੰਦ ਕੀਤੀ ਹੈ ਉਹ ਕਾਬਲੇ ਤਾਰੀਫ ਹੈ। ਇਸ ਤੋਂ ਬਿਨਾਂ 'ਸਮਤਾ' ਆਪਣੇ ਵਿਚ ਵੰਡੀਆਂ ਖੱਬੇ-ਪੱਖੀ ਸ਼ਕਤੀਆਂ ਲਈ ਇਕ ਚੰਗਾ ਫੋਰਮ ਮੁਹੱਈਆ ਕਰ ਰਹੀ ਹੈ ਅਤੇ ਮੇਰੀ ਜਾਚੇ ਉਨ੍ਹਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਲਈ ਕਾਫੀ ਲਾਭਦਾਇਕ ਸਾਬਤ ਹੋ ਸਕਦੀ ਹੈ।

ਅਜੋਕੀ ਦੁਨੀਆਂ ਵਿਚ ਕਹਿਣੀ ਅਤੇ ਕਰਨੀ ਦਾ ਪਾੜਾ ਇਕ ਵੱਡਾ ਦੁਖਾਂਤ ਹੈ ਜਿਹੜਾ ਨਿਰਾਸ਼ਾ ਨੂੰ ਜਨਮ ਦਿੰਦਾ ਹੈ ਪਰ ਤੁਹਾਡੇ ਵਰਗੇ ਦਿਲਗੁਰਦੇ ਵਾਲੇ ਪੁਰਸ਼ ਤਪਦੇ ਰੇਗਿਸਤਾਨ ਵਿਚ ਨਖਲਿਸਤਾਨ ਹਨ ਜਿਹੜੇ ਲੋਕਾਂ ਨੂੰ ਆਸ ਦਾ ਚਾਨਣ ਦੇ ਕੇ ਘੋਲ ਲਈ ਪ੍ਰੇਰਦੇ ਹਨ।

ਬਰਤਾਨੀਆਂ ਦੇ ਕੁਝ ਲੇਖਕਾਂ ਨੇ ਤੁਹਾਡੇ ਕੋਲੋਂ ਉਤਸ਼ਾਹ ਲੈ ਕੇ ਆਪਣੇ ਆਪ ਜਥੇਬੰਦ ਕਰਨ ਦਾ ਫੈਸਲਾ ਕੀਤਾ ਹੈ ਅਤੇ 'ਲੋਕ-ਸੱਥ ਬਰਤਾਨੀਆ' ਦੀ ਨੀਂਹ ਰੱਖੀ ਹੈ। 'ਲੋਕ ਸੱਥ' ਮੈਂ ਫਿਰ ਲਿਖਾਂਗਾ। ਇਸ ਵਾਰੀ ਤਾਂ ਸਿਰਫ਼ ਇਸ ਲਈ ਜ਼ਿਕਰ ਕੀਤਾ ਹੈ ਕਿ ਇਸ ਦੀ ਸਥਾਪਤੀ ਵਿਚ (ਭਾਵੇਂ ਅਸਿੱਧੇ ਢੰਗ ਨਾਲ ਹੀ ਸਹੀ) ਤੁਹਡਾ ਵੀ ਹੱਥ ਹੈ, ਜਿਸ ਲਈ ਧੰਨਵਾਦ।

ਇਥੇ ਦੋ ਸ਼ਹਿਰਾਂ ਵਿਚ (ਸਾਊਥਾਲ ਅਤੇ ਬ੍ਰੈਡਫੋਰਡ ਵਿਚ) ਭਾਰਤੀ ਮਜ਼ਦੂਰ ਸਭਾ ਦੀਆਂ ਸਟੇਜਾਂ ਉਤੇ ਤੁਹਾਡਾ ਲਿਖਿਆ ਡਰਾਮਾ 'ਇਕ ਮੋਰਚਾ, ਇਕ ਕੁਰਸੀ...' ਖੇਡਿਆ ਗਿਆ ਜੋ ਬਹੁਤ ਸਫਲ ਰਿਹਾ ਅਤੇ ਲੋਕਾਂ ਵਲੋਂ ਬਹੁਤ ਪਸੰਦ ਕੀਤਾ ਗਿਆ। ਮੁਬਾਰਕ!

**ਅਜਮੇਰ (ਕਵੈਂਟਰੀ)**

## 5. ਵਿਨੀਪੈਗ ਤੋਂ ਇਕ ਚਿੱਠੀ

ਪੰਜਾਬ ਦੀਆਂ ਖਬਰਾਂ ਪੜ੍ਹ ਸੁਣ ਕੇ ਬਹੁਤ ਚਿੰਤਾ ਅਤੇ ਦੁੱਖ ਹੁੰਦਾ ਹੈ। ਖਾਸ ਕਰਕੇ ਅਗਾਂਹਵਧੂ ਲੋਕਾਂ ਦੇ ਕਤਲਾਂ ਦੀਆਂ ਖਬਰਾਂ ਪੜ੍ਹ ਕੇ। ਸਮਤਾ ਵਿਚੋਂ ਖਬਰਾਂ ਪੜ੍ਹ ਕੇ ਕੁਝ ਤਸੱਲੀ ਵੀ ਹੁੰਦੀ ਹੈ ਪਰ ਫੇਰ ਵੀ ਚਿੰਤਾ ਰਹਿੰਦੀ ਹੈ। ਸਾਡੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਸਭਾ ਦੀ ਨਵੀਂ ਚੋਣ ਹੋਈ ਹੈ। ਵਿਧਾਨ ਵੀ ਅਸਾਂ ਆਪਣਾ ਬਣਾ ਲਿਆ ਹੈ। ਛੇ ਮਈ ਨੂੰ ਅਸੀਂ ਭਗਤ ਸਿੰਘ ਤੇ ਸਾਰੇ ਸ਼ਹੀਦਾਂ ਦਾ ਦਿਨ ਮਨਾਇਆ। 250 ਦੇ ਲਗ ਭਗ ਲੋਕੀਂ ਆਏ ਸਨ। ਦੋ ਫਿਲਮਾਂ ਵਿਖਾਈਆਂ ਤੇ ਭਗਤ ਸਿੰਘ ਤੇ ਸਾਥੀਆਂ ਦੇ ਉਦੇਸ਼ਾਂ ਬਾਰੇ ਇਕ ਬਜ਼ੁਰਗ ਸ. ਮਹਿੰਗਾ ਸਿੰਘ ਹੁਰਾਂ ਤਕਰੀਰ ਕੀਤੀ; ਫਿਰਕਾਪ੍ਰਸਤੀ ਨੂੰ ਭੰਡਿਆ। ਤਿੰਨ ਕਵਿਤਾਵਾਂ ਸਨ। ਸੋਹਣਾ ਪ੍ਰੋਗਰਾਮ ਸੀ। ਜਿੰਨੀ ਕੁ ਸਾਡੀ ਹਿੰਮਤ ਹੁੰਦੀ ਹੈ ਕਰੀ ਜਾਨੇ ਹਾਂ।

19 ਮਈ ਨੂੰ ਇੰਟਰਨੈਸ਼ਨਲ ਸੈਂਟਰ ਵਿਖੇ ਮੀਟਿੰਗ ਵਿਚ ਸਭਾ ਵੱਲੋਂ ਚੰਗਿਆੜੀ ਦੇ ਸੰਪਾਦਕ ਸੁਖਰਾਜ ਸਿੰਘ ਖੱਦਰ ਦੇ ਫਿਰਕਾਪ੍ਰਸਤਾਂ ਦੇ ਹੱਥੋਂ ਕਤਲ ਕੀਤੇ ਜਾਣ ਦੀ ਅਤੇ ਪੰਜਾਬ ਤੇ ਹਰਿਆਣੇ ਦੀ ਦਿਨ-ਬ-ਦਿਨ ਵਿਗੜ ਰਹੀ ਸਥਿਤੀ ਤੇ ਡੂੰਘਾ ਦੁੱਖ ਅਤੇ ਚਿੰਤਾ ਪ੍ਰਗਟ ਕੀਤੀ ਗਈ। **ਅਮਰਜੀਤ ਸਿੰਘ, ਕੈਨੇਡਾ**

## ਫੌਜੀ ਮੁਹਿੰਮ ਬਲਿਊ ਸਟਾਰ (OPERATION BLUE STAR)

ਹਿਦੁਸਤਾਨ ਦੀ ਫੌਜ ਵੱਲੋਂ ਦਰਬਾਰ ਸਾਹਿਬ ਵਿਚ ਜੋ ਕਾਰਵਾਈ ਕੀਤੀ ਗਈ ਹੈ, ਇਹਦਾ ਕੋਡ ਨਾਂ ਫੌਜੀ ਦਸਤਾਵੇਜ਼ਾਂ ਵਿਚ 'ਔਪਰੇਸ਼ਨ ਬਲਿਊ ਸਟਾਰ' ਦਿਤਾ ਗਿਆ ਹੈ। ਸਮਤਾ ਦੇ ਪਾਠਕਾਂ ਲਈ ਇਸਦਾ ਅੱਖੀਂ ਵੇਖਿਆ ਹਾਲ ਦਿਤਾ ਜਾ ਰਿਹਾ ਹੈ, ਜੋ 'ਇੰਡੀਆ ਟੂਡੇ' ਦੇ ਸ਼ੇਖਰ ਗੁਪਤਾ ਦੀ ਕਲਮ ਤੋਂ ਹੈ/ਸੰਪਾਦਕ

ਫੌਜੀ ਕਾਰਵਾਈ ਜੋ ਕੀਤੀ ਗਈ, ਇਸ ਦਾ ਫੈਸਲਾ ਭਾਵੇਂ 30 ਮਈ ਨੂੰ ਲਿਆ ਗਿਆ, ਪਰ ਇਸਦੀ ਤਿਆਰੀ ਪਹਿਲੋਂ ਤੋਂ ਪੂਰੀ ਤਰ੍ਹਾਂ ਕੀਤੀ ਗਈ ਸੀ। ਇਕ ਥਾਂ 'ਚਕਰਾਤਾ' ਵਿਚ ਦਰਬਾਰ ਸਾਹਿਬ ਕੰਪਲੈਕਸ ਦਾ ਪੂਰਾ ਪੂਰਾ ਮਾਡਲ ਬਣਾ ਕੇ ਕਮਾਂਡੋ ਸਿਪਾਹੀਆਂ ਦੀ ਸਿਖਲਾਈ ਕੀਤੀ ਗਈ ਸੀ ਕਿ ਲੋੜ ਪੈਣ ਤੇ ਦਰਬਾਰ ਸਾਹਿਬ ਵਿਚ ਕਿਸ ਤਰ੍ਹਾਂ ਕਾਰਵਾਈ ਕਰਨੀ ਹੈ। 30 ਮਈ ਸ਼ਾਮ ਦੇ ਹਨੇਰੇ ਵਿਚ ਪ੍ਰਸਿਧ 9 ਇਨਫੈਂਟਰੀ ਡਿਵ ਦੇ ਦਸਤੇ ਮੇਰਠ ਵਲੋਂ ਪੰਜਾਬ ਦੇ ਸ਼ਹਿਰਾਂ ਵਲ ਵਧਨਾ ਸ਼ੁਰੂ ਹੋ ਗਏ ਸਨ। ਲੋਕਾਂ ਨੇ ਸੜਕਾਂ ਤੇ ਇਹ ਨਕਲੋ ਹਰਕਤ ਵੇਖੀ ਪਰ ਉਹਨਾਂ ਨੇ ਇਸਨੂੰ ਇਸੇ ਤਰ੍ਹਾਂ ਹੀ ਲਿਆ ਕਿ ਫੌਜ ਵਾਲੇ ਇਕ ਥਾਂ ਤੋਂ ਦੂਜੀ ਥਾਂ ਤੇ ਜਾਂਦੇ ਹੀ ਰਹਿੰਦੇ ਹਨ ਤੇ ਇਸ ਵਿਚ ਕੋਈ ਨਵੀਂ ਗੱਲ ਨਹੀਂ।

ਗਿਆਨੀ ਜ਼ੈਲ ਸਿੰਘ ਹੋਰਾਂ ਦਾ ਨੇਫਾ ਵਲ ਦਾ ਦੌਰਾ ਕੈਂਸਲ ਕਰ ਦਿਤਾ ਗਿਆ। ਫੌਜ ਦੇ ਮੁੱਖੀਆ ਜਨਰਲ ਏ. ਐਸ ਵੈਦੀਆਂ ਨੂੰ ਸ੍ਰੀ ਨਗਰ ਤੋਂ ਦਿਲ੍ਹੀ ਬੁਲਾ ਲਿਆ ਗਿਆ। ਅੰਮ੍ਰਿਤਸਰ ਕਾਰਵਾਈ ਦਾ ਆਰੰਭ ਹੋਇਆ, ਜਦੋਂ ਸ਼ੁਕਰਵਾਰ ਪਹਿਲੀ ਜੂਨ 7 ਘੰਟੇ ਸੀ. ਆਰ. ਪੀ. ਐਫ ਅਤੇ ਦਰਬਾਰ ਸਾਹਿਬ ਵਿਚ ਬੈਠੇ ਅਤਿਵਾਦੀਆਂ ਦੇ ਦਰਮਿਆਨ ਗੋਲੀ ਚਲੀ ਤੇ ਫੇਰ ਸ਼ਹਿਰ ਵਿਚ ਕਰਫੀਊ ਲਗਾ ਦਿੱਤਾ ਗਿਆ। ਹੁਣ ਪਤਾ ਚਲਿਆ ਹੈ ਕਿ ਇਹ ਗੋਲੀ ਦਾ ਚਲਣਾ ਵੀ ਇਕ ਸਕੀਮ ਦੇ

ਅਨੁਸਾਰ ਸੀ ਕਿਉਂਕਿ ਫੌਜ ਵਾਲੇ ਦਰਬਾਰ ਸਾਹਿਬ ਦੇ ਅੰਦਰ ਮੋਰਚਾ ਬੰਦੀ ਦੀ ਸੂਹ ਲਗਾਉਣਾ ਚਾਹੁੰਦੇ ਸਨ ਅਤੇ ਉਹਨਾਂ ਨੇ ਇਹ ਵਖ ਲਿਆ ਕਿ ਉੱਚੇ ਬੁਰਜਾਂ ਤੇ ਮੋਰਚਾਬੰਦੀ ਦੀ ਕੀ ਪੁਜ਼ੀਸ਼ਨ ਹੈ। ਦਰਬਾਰ ਸਾਹਿਬ ਦੇ ਅੰਦਰ ਵਾਲੇ ਜਰਨੈਲ ਨੇ ਫੌਜ ਦੀ ਇਹ ਚਾਲ ਸ਼ਾਇਦ ਤਾੜ ਲਈ ਸੀ, ਇਸ ਲਈ ਅਕਾਲ ਤਖਤ ਤੋਂ ਜਿਥੇ ਭਿੰਡਰਾਂਵਾਲੇ ਦਾ ਮੋਰਚਾ ਸੀ, ਕੋਈ ਗੋਲੀ ਨਾ ਚਲਾਈ ਗਈ। ਇਸ ਬਾਰੇ 3 ਜੂਨ ਨੂੰ ਸੰਤ ਭਿੰਡਰਾਂਵਾਲੇ ਨੇ ਆਪਣੀ ਆਖਰੀ ਪ੍ਰੈਸ ਕਾਨਫਰੰਸ ਵਿਚ ਇਹ ਗੱਲ ਆਖੀ 'ਸ਼ੇਰ ਜਦੋਂ ਸੁੱਤਾ ਹੋਵੇ ਤਾਂ ਉਹ ਚਿੜੀਆਂ ਦੀ ਚੂੰ-ਚੂੰ ਨਾਲ ਆਪਣੀ ਨੀਂਦਰ ਖਰਾਬ ਨਹੀਂ ਕਰਦਾ।' ਸੀ. ਆਰ. ਪੀ. ਨਾਲ ਆਪਸੀ ਗੋਲੀ ਵਾਕਈ ਚਿੜੀਆਂ ਦੀ ਚੂੰ-ਚੂੰ ਸੀ, ਇਹ ਆਉਣ ਵਾਲੇ ਹਾਲਾਤ ਨੇ ਸਾਬਤ ਕੀਤਾ।

ਪਹਿਲੀ ਜੂਨ ਤੋਂ ਲੈ ਕੇ 24 ਘੰਟਿਆਂ ਵਿਚ ਹੀ ਸੱਤਰ ਹਜ਼ਾਰ ਫੌਜ ਪੰਜਾਬ ਦੇ 12168 ਪਿੰਡਾਂ ਵਿਚ ਫੈਲ ਚੁੱਕੀ ਸੀ ਤਾਕਿ ਦਰਬਾਰ ਸਾਹਿਬ ਤੇ ਕਾਰਵਾਈ ਦੇ ਪ੍ਰਤੀਕਰਮ ਵਿਚ ਹੋਈ ਕਿਸੇ ਵੀ ਘਟਨਾ ਦਾ ਫੌਜੀ ਤਰੀਕੇ ਨਾਲ ਮੁਕਾਬਲਾ ਕੀਤਾ ਜਾ ਸਕੇ। ਇਸ ਤੋਂ ਬਾਅਦ ਘਟਨਾਵਾਂ ਦਾ ਚੱਕਰ ਬੜੀ ਤੇਜ਼ੀ ਨਾਲ ਚਲਿਆ। ਦੋ ਜੂਨ, ਰਾਤ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਰੇਡੀਓ ਅਤੇ ਟੈਲੀਵੀਜਨ ਤੇ ਏਲਾਨ ਕੀਤਾ ਕਿ ਭਾਰਤ ਸਰਕਾਰ ਆਤੰਕ-ਵਾਦ ਵਿਰੁੱਧ ਫੌਜੀ ਪੱਧਰ ਤੇ ਨਿਪਟਣਾ ਚਾਹੁੰਦੀ ਹੈ। ਉਹਨੇ ਅਕਾਲੀਆਂ ਨੂੰ ਅਪੀਲ ਕੀਤੀ ਕਿ ਉਹ ਮੋਰਚੇ ਦਾ ਰਾਹ ਛੱਡ ਦੇਣ ਅਤੇ ਇਕ ਢਾਂਚਾ ਜਿਹਾ ਵੀ ਦਸ ਦਿੱਤਾ ਜਿਸ ਦੇ ਅੰਦਰ ਅੰਦਰ ਅਕਾਲੀ ਮੰਗਾਂ ਮੰਨੀਆਂ ਜਾ ਸਕਦੀਆਂ ਹਨ। ਪ੍ਰਧਾਨ ਮੰਤਰੀ ਜਦੋਂ ਰੇਡੀਓ ਤੇ ਟੈਲੀਵੀਜ਼ਨ ਤੇ ਏਲਾਨ ਕਰ ਰਹੀ ਸੀ, ਉਸ ਵੇਲੇ ਤੱਕ ਸਾਰੇ ਫੈਸਲੇ ਲਏ ਜਾ ਚੁੱਕੇ ਸਨ। ਬਹੁਤ ਸਾਰੇ ਆਰਡੀਨੈਂਸਾਂ ਦਾ ਐਲਾਨ ਕੀਤਾ ਗਿਆ, ਜਿਸ ਨਾਲ ਬਾਰਡਰ ਬੰਦ ਕਰ ਦਿਤਾ ਗਿਆ ਅਤੇ ਹਰ ਇਕ ਵਿਦੇਸ਼ੀ ਨੂੰ 8 ਘੰਟੇ ਦੇ ਅੰਦਰ ਅੰਦਰ ਪੰਜਾਬ ਤੋਂ ਬਾਹਰ ਨਿਕਲਣ ਲਈ ਆਖ ਦਿਤਾ ਗਿਆ। ਬਾਹਰਲੇ ਮੁਲਕਾਂ ਦੇ ਪੱਤ੍ਰਕਾਰਾਂ ਨੂੰ ਵੀ ਅਤੇ ਅਪਣੇ ਮੁਲਕ ਦੇ ਪੱਤ੍ਰਕਾਰਾਂ ਨੂੰ ਵੀ ਜੋ ਵਿਦੇਸ਼ੀ ਅਖਬਾਰਾਂ ਲਈ ਕੰਮ ਕਰਦੇ ਸਨ, ਪੰਜਾਬ ਤੋਂ ਬਾਹਰ ਨਿਕਲਣ ਲਈ ਆਖਿਆ ਗਿਆ। 3 ਜੂਨ, ਰਾਤ 9 ਵਜੇ ਸਾਰੇ ਪੰਜਾਬ ਨੂੰ ਬੜੇ ਸਖਤ ਕਰਫਿਊ ਦੇ ਥੱਲੇ ਲੈ ਆਂਦਾ ਗਿਆ। ਬਸਾਂ, ਗੱਡੀਆਂ ਤੇ ਹਰ ਕਿਸਮ ਦੀ ਟਰਾਂਸਪੋਰਟ ਬਿਲਕੁਲ ਬੰਦ ਕੀਤੀ ਗਈ। ਕਰਫ਼ਿਊ ਲਈ ਕੋਈ ਪਾਸ ਕਿਸੇ ਨੂੰ ਨਾ ਦਿਤਾ ਗਿਆ। ਪਿੰਡਾਂ ਵਿਚ ਵੀ ਪੂਰੀ ਤਰ੍ਹਾਂ ਕਰਫ਼ਿਊ ਲਗ ਗਿਆ। ਇਹੋ ਜਿਹਾ ਸਖਤ ਕਰਫ਼ਿਊ ਪੰਜਾਬ ਦੀ ਹਿਸਟਰੀ ਵਿਚ ਪਹਿਲੀ ਵਾਰ ਲਗਿਆ।

ਜਿਸਨੇ ਇਹ ਵੀ ਸਾਬਤ ਕੀਤਾ ਕਿ ਜਦੋਂ ਫੌਜ ਦੀ ਕੋਈ ਕਾਰਵਾਈ ਹੋਏ ਤਾਂ ਫੌਜ ਵਾਲੇ ਕਿਸੇ ਕਿਸਮ ਦੀ ਢਿੱਲ ਨੂੰ ਬਰਦਾਸ਼ਤ ਨਹੀਂ ਕਰਦੇ।

3 ਜੂਨ, ਰਾਤ 9 ਵਜੇ ਜਦੋਂ 36 ਘੰਟੇ ਦਾ ਕਰਫ਼ਿਊ ਲਗਾਇਆ ਗਿਆ ਤਾਂ ਦਰਬਾਰ ਸਾਹਿਬ ਦੇ ਆਲੇ ਦੁਆਲੇ ਬਿਹਾਰ ਰੈਜੀਮੈਂਟ ਨੇ ਆਪਣਾ ਘੇਰਾ ਪੂਰੀ ਤਰ੍ਹਾਂ ਮਜ਼ਬੂਤ ਕਰ ਲਿਆ ਸੀ। ਲਾਊਡ ਸਪੀਕਰਾਂ ਰਾਹੀਂ ਅੰਦਰ ਘਿਰਿਆਂ ਨੂੰ ਅਪੀਲ ਕੀਤੀ ਗਈ ਕਿ ਉਹ ਬਾਹਰ ਆ ਜਾਣ, ਪਰ ਇਹਦਾ ਜਵਾਬ ਉਹਨਾਂ ਨੂੰ ਹਰ ਵੇਲੇ ਮਸ਼ੀਨਗਨਾਂ ਤੋਂ ਛੱਡੀਆਂ ਗੋਲੀਆਂ ਨਾਲ ਦਿਤਾ ਜਾਂਦਾ ਰਿਹਾ, ਜਿਸਤੋਂ ਸਾਫ਼ ਸੀ ਕਿ ਅੰਦਰ ਵਾਲੇ ਲੜਣ ਮਰਨ ਲਈ ਤਿਆਰ ਹਨ। ਫੌਜ ਵਲੋਂ ਪਹਿਲੇ ਮਸ਼ੀਨਗਨਾਂ ਨਾਲ ਫਾਇਰ ਖੋਲ੍ਹਿਆ ਗਿਆ, ਪਰ ਇਹ ਨਾਕਾਫੀ ਸਮਝਿਆ ਗਿਆ। ਕਿਉਂਕਿ 'ਅੰਦਰ ਵਾਲਿਆਂ' ਨੇ ਸੀਮਟ ਕਨਕਰੀਟ ਦੀ ਪੱਕੀ ਮੋਰਚਾਬੰਦੀ ਕੀਤੀ ਹੋਈ ਸੀ 4 ਜੂਨ, ਸਵੇਰੇ ਤਕ ਫੌਜ ਨੇ ਉੱਚੇ ਬੁਰਜਾਂ ਦੇ ਮੋਰਚੇ ਤੋੜ ਲਏ ਸਨ। ਅੰਮ੍ਰਿਤਸਰ ਸ਼ਹਿਰੀਆਂ ਨੇ ਬੁਰਜਾਂ ਦੀਆਂ ਇਟਾਂ ਨਾਲ ਬੰਦੇ ਵੀ ਹਵਾ ਵਿਚ ਉੱਡਦੇ ਵੇਖੇ। ਹੈਲੀ-ਕਾਪਟਰਾਂ ਰਾਹੀਂ ਫੌਜ ਨੂੰ ਨਿਸ਼ਾਨਾ ਲਗਾਉਣ ਲਈ ਹਿਦੈਤਾਂ ਦਿਤੀਆਂ ਜਾਂਦੀਆਂ ਰਹੀਆਂ। ਚਾਰ ਜੂਨ ਸਾਰੀ ਰਾਤ ਤੇ 5 ਜੂਨ ਸਾਰਾ ਦਿਨ ਲੰਗਰ ਬਿਲਡਿੰਗ ਦਾ ਮੋਰਚਾ ਸਰ ਕਰਨ ਵਿਚ ਲਗ ਗਿਆ। ਰਾਤ ਦੋ ਵਜੇ ਸੰਤ ਲੌਂਗੋਵਾਲ, ਟੋਹਰਾ, ਰਾਮੂਵਾਲੀਆ, ਅਮਰਜੀਤ ਕੌਰ ਨੂੰ ਫੌਜ ਨੇ ਤੇਜਾ ਸਿੰਘ ਸਮੁੰਦਰੀ ਹਾਲ ਤੋਂ ਬਾਹਰ ਲਿਆਂਦਾ। ਫੌਜ ਨੂੰ ਹਿਦੈਤ ਸੀ ਕਿ ਉਹਨਾਂ ਦਾ ਬਚਾਅ ਕਰਨਾ ਹੈ, ਕਿਉਂਕਿ ਇਹ ਸਾਫ਼ ਸੀ ਕਿ ਉਸ ਪਾਸੇ ਤੋਂ ਫੌਜ ਵਲ ਕੋਈ ਗੋਲੀ ਨਹੀਂ ਸੀ ਆ ਰਹੀ ਤੇ ਨਾਲੇ ਸੰਤ ਲੌਂਗੋਵਾਲ ਦੀ ਐਲਾਨੀਆ ਨੀਤੀ ਸੀ ਕਿ ਉਹਨਾਂ ਦੀ ਲੜਾਈ ਪੁਰਅਮਨ ਹੈ। ਜਦੋਂ ਇਨਾਂ ਲੀਡਰਾਂ ਨੂੰ ਤੇ ਹੋਰਨਾਂ ਨੂੰ ਬਾਹਰ ਲਿਆਇਆ ਜਾ ਰਿਹਾ ਸੀ ਤਾਂ ਲੰਗਰ ਬਿਲਡਿੰਗ ਵਲੋਂ ਗੋਲੀਆਂ ਦੀ ਬੁਛਾੜ ਆ ਰਹੀ ਸੀ। ਫੌਜ ਵਾਲਿਆਂ ਦਾ ਕਹਿਣਾ ਹੈ ਕਿ ਉਹਨਾਂ ਦੇ ਸੱਤ ਜਵਾਨ ਇਸ ਕਾਰਵਾਈ ਵਿਚ ਮਾਰੇ ਗਏ। 4-5 ਜੂਨ ਦੀ ਦਰਮਿਆਨੀ ਰਾਤ ਦੀ ਲੜਾਈ ਵਿਚ ਫੌਜ ਨੂੰ ਆਪਣਾ ਕਾਫ਼ੀ ਨੁਕਸਾਨ ਕਰਵਾਉਣ ਤੋਂ ਬਾਅਦ ਸਪਸ਼ਟ ਹੋ ਗਿਆ ਸੀ ਕਿ ਅੰਦਰ ਵਾਲਿਆਂ ਕੋਲ ਹਰ ਕਿਸਮ ਦੇ ਵੱਡੀ ਤਾਕਤ ਵਾਲੇ ਮਾਰੂ ਹਥਿਆਰ ਹਨ ਅਤੇ ਟੈਂਕਾਂ ਦੀ ਵਰਤੋਂ ਜ਼ਰੂਰੀ ਹੈ। ਟਾਂਵੀ ਟਾਂਵੀ ਜੋ ਖਬਰ ਅੰਮ੍ਰਿਤਸਰ ਦੇ ਸ਼ਹਿਰੀਆਂ ਨੂੰ ਮਿਲ ਰਹੀ ਸੀ, ਤੇ ਗੋਲਾਬਾਰੀ ਦੀਆਂ ਜੋ ਆਵਾਜ਼ਾਂ ਆ ਰਹੀਆਂ ਸਨ,

Registered with the Registrar, News Papers, Vide No. MA/12397-D dated 18.4.80
Post Office No. P/AR—133

ਉਸ ਤੋਂ ਪਤਾ ਲਗਿਆ ਕਿ 5 ਤਰੀਖ ਸਵੇਰੇ ਤਕ ਫੌਜ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋਈ ਸੀ ਅਤੇ ਅੰਦਰ ਵਾਲੇ ਆਪਣੀਆਂ ਪੁਜ਼ੀਸ਼ਨਾਂ ਤੇ ਕਾਇਮ ਸਨ। 60 ਘੰਟੇ ਘੇਰੇ ਦੇ ਲੰਘ ਚੁੱਕੇ ਸਨ। ਸਮਾਂ ਗੁਜ਼ਰ ਰਿਹਾ ਸੀ। ਬਾਹਰੋਂ ਸੁਨਿਹਾ ਤੇ ਸੁਨਿਹਾ ਆ ਰਿਹਾ ਸੀ ਕਿ ਛੇਤੀ ਕਰੋ, ਕਿਉਂਕਿ ਹਰ ਖਤਰਾ ਸੀ ਕਿ ਪਿੰਡਾਂ ਵਾਲੇ ਲੋਕ ਸ਼ਹਿਰ ਵਲ ਨੂੰ ਨਾ ਵਧ ਪੈਣ। ਆਖਰ ਕਿੰਨੇ ਕੁ ਨਿਹਥਿਆਂ ਨੂੰ ਤੇ ਉਹ ਵੀ ਆਪਣੇ ਲੋਕਾਂ ਨੂੰ ਗੋਲੀਆਂ ਨਾਲ ਮਾਰਿਆ ਜਾ ਸਕਦਾ ਸੀ। 25 ਕਿਲੋਮੀਟਰ ਦੂਰ ਗੋਲਵੜ ਪਿੰਡ ਵਿਚ ਤਾਂ 30,000 ਪਿੰਡਾਂ ਦੇ ਲੋਕ ਜਮਾਂ ਵੀ ਹੋ ਗਏ ਸਨ। ਬਾਬਾ ਬਿਧੀਚੰਦ, ਜਿਹੜੇ ਉਸ ਇਲਾਕੇ ਵਿਚ ਪ੍ਰਸਿਧ ਮਹੰਤ ਹਨ, ਉਹਨਾਂ ਦੀ ਅਗਵਾਈ ਵਿਚ ਲੋਕ ਅਮ੍ਰਿਤਸਰ ਵਲ ਚਲ ਪਏ ਸਨ। ਫੌਜ ਨੂੰ ਉਹਨਾਂ ਨੂੰ ਖਿੰਡਾਉਣ ਵਿਚ ਕਾਫੀ ਸਖਤ ਕਾਰਵਾਈ ਕਰਨੀ ਪਈ। ਕੁਝ ਜਾਨੀ ਨੁਕਸਾਨ ਵੀ ਹੋਇਆ। ਇਸੇ ਤਰ੍ਹਾਂ ਹੈਲੀਕੋਪਟਰਾਂ ਰਾਹੀਂ ਚੌਕ ਮਹਿਤਾ ਤੇ ਵੇਰਕੇ ਵੀ ਭੀੜ ਇਕੱਠੀ ਹੁੰਦੀ ਦੇਖੀ ਗਈ ਤੇ ਟੈਂਕਾਂ ਦੇ ਵਿਖਾਵੇ ਨਾਲ ਇਹਨਾਂ ਨੂੰ ਰੋਕਿਆ ਗਿਆ।

5–6 ਜੂਨ ਦੀ ਰਾਤ ਕਹਿਰ ਦੀ ਰਾਤ ਸੀ। 5 ਜੂਨ ਹਨੇਰਾ ਪੈਣ ਤੇ ਲੰਗਰ ਵਾਲੇ ਗੇਟ ਅਤੇ ਮੰਜੀ ਸਾਹਿਬ ਵਲੋਂ ਫੌਜਾਂ ਨੇ ਮੁੱਖ ਪ੍ਰਕਰਮਾ ਵਿਚ ਦਾਖਲਾ ਸ਼ੁਰੂ ਕੀਤਾ। ਬੜੀ ਸਖਤ ਗੋਲਾਬਾਰੀ ਉਹਨਾਂ ਉਤੇ ਹੋਈ। ਪ੍ਰਕਰਮਾਂ ਦੇ ਥਲਿਓਂ ਮੈਨਹੋਲਾਂ ਵਿਚੋਂ ਸ਼ਕਤੀਸ਼ਾਲੀ ਹੈਂਡ ਗਰਨੇਡਾਂ ਰਾਹੀਂ ਵੀ ਹਮਲਾ ਹੋਇਆ ਤੇ ਪ੍ਰਕਰਮਾ ਦੇ ਸਾਰੇ ਪਾਸੇ ਉਤੋਂ ਵੀ ਮੋਰਚਿਆਂ ਤੋਂ ਵੱਡੀ ਫਾਇਰਿੰਗ ਹੋਈ। ਫੌਜ ਦਾ ਕਾਫ਼ੀ ਨੁਕਸਾਨ ਹੋਇਆ। ਟੈਂਕ ਪ੍ਰਕਰਮਾ ਵਿਚ ਲਿਆਂਦੇ ਗਏ, ਉਹਨਾਂ ਉਤੇ ਵੀ ਮੀਜ਼ਾਇਲਾਂ ਨਾਲ ਹਮਲਾ ਹੋਇਆ। ਇਕ ਟੈਂਕ ਪੂਰੀ ਤਰ੍ਹਾਂ ਨਾਕਾਰਾ ਵੀ ਕਰ ਦਿਤਾ ਗਿਆ। ਹਰਮੰਦਰ ਸਾਹਿਬ ਤੋਂ ਵੀ ਗੋਲੀ ਆ ਰਹੀ ਸੀ ਪਰ ਫੌਜ ਨੇ ਹਰਮੰਦਰ ਸਾਹਿਬ ਵਲ ਗੋਲੀ ਨਹੀਂ ਦਾਗੀ। ਜਿਉਂ ਜਿਉਂ ਅਕਾਲ ਤਖਤ ਵਲ ਵਧਦੇ ਗਏ, ਲੜਾਈ ਦੀ ਭਿਆਨਕਤਾ ਵਧਦੀ ਗਈ। ਅਕਾਲ ਤਖਤ ਤੇ ਸੰਤ ਭਿੰਡਰਾਂਵਾਲਾ, ਮੇਜਰ ਜਨਰਲ ਸ਼ਾਹਬੇਗ ਸਿੰਘ, ਭਾਈ ਅਮਰੀਕ ਸਿੰਘ ਤੇ ਹੋਰ ਉਹਨਾਂ ਦੇ ਚੁਣੇ ਹੋਏ ਸਾਥੀ ਮੋਰਚਾ ਲਗਾਕੇ ਬੈਠੇ ਸਨ। ਸ਼ਾਹਬੇਗ ਸਿੰਘ 'ਵਾਕੀ ਟਾਕੀ' ਰਾਹੀਂ ਸਾਰੀ ਲੜਾਈ ਦੇ ਆਦੇਸ਼ ਦੇ ਰਿਹਾ ਸੀ। ਗਨਾਂ, ਮਸ਼ੀਨਗਨਾਂ, ਤੋਪਾਂ, ਮੀਜ਼ਾਇਲ ਹਰ ਕਿਸਮ ਦੇ ਹਥਿਆਰਾਂ ਦੀ ਵਰਤੋਂ ਹੋ ਰਹੀ ਸੀ। ਅਮ੍ਰਿਤਸਰ ਸ਼ਹਿਰ ਦੇ ਦਰਵਾਜ਼ੇ ਖਿੜਕੀਆਂ ਦੂਰ ਦੂਰ ਦੀਆਂ ਆਬਾਦੀਆਂ ਤਕ ਹਿਲ ਰਹੇ ਸਨ। ਇਹੋ ਜਿਹੀ ਜ਼ਬਰਦਸਤ ਲੜਾਈ 1965 ਤੇ 1971 ਦੀ ਯਾਦ ਤਾਜ਼ਾ ਕਰ ਰਹੀ ਸੀ। ਉਸ ਰਾਤ ਕੀ ਹੋਇਆ, ਦਸਣਾ ਬਹੁਤ ਮੁਸ਼ਕਿਲ ਹੈ। ਪ੍ਰਕਰਮਾ ਦੇ ਆਲੇ ਦੁਆਲੇ ਸਾਰੀਆਂ ਬਿਲਡਿੰਗਾਂ ਗੋਲੀਆਂ ਨਾਲ ਛਲਣੀ ਛਲਣੀ ਹੋ ਗਈਆਂ। ਅਕਾਲ ਤਖਤ ਢੇਰ ਹੋ ਗਿਆ। ਹਰਮੰਦਰ ਸਾਹਿਬ ਕਿਸ ਤਰ੍ਹਾਂ ਬਚ ਗਿਆ, ਇਹ ਵੀ ਆਪਣੇ ਆਪ ਵਿਚ ਇਕ ਅਚੰਭਾ ਹੈ। ਦੋਨੋਂ ਪਾਸੇ ਤੋਂ ਅੰਧਾਧੁੰਦ ਚਲ ਰਹੀ ਗੋਲਾਬਾਰੀ ਵਿਚ ਕੋਈ ਗੋਲਾ ਉਥੇ ਵੀ ਪੈ ਜਾਂਦਾ ਤਾਂ ਕੋਈ ਅਣਹੋਣੀ ਗੱਲ ਨਹੀਂ ਸੀ ਹੋਣੀ। ਭਿੰਡਰਾਂਵਾਲੇ ਤੇ ਉਹਦੇ ਸਾਥੀਆਂ ਨੇ ਅਕਾਲ ਤਖਤ ਦੇ ਭੋਰੇ ਤੋਂ ਆਖਰੀ ਜੰਗ ਦਿੱਤੀ। ਸਵੇਰੇ ਚਾਰ-ਪੰਜ ਦੇ ਕਰੀਬ ਉਹਨਾਂ ਦਾ ਅੰਤ ਹੋਇਆ। ਸੰਤ ਭਿੰਡਰਾਂਵਾਲੇ ਦੇ ਅੰਤ ਨਾਲ ਹੀ ਪੰਜਾਬ ਦੇ ਇਤਹਾਸ ਦਾ ਇਕ ਕਾਂਡ ਖਤਮ ਹੁੰਦਾ ਹੈ। ਇਕ ਟੁੱਟਦੇ ਹੋਏ ਤਾਰੇ ਵਾਂਗ ਉਹ ਇਕ ਚਮਕਦਾਰ ਰੂਪ ਵਿਚ ਪੰਜਾਬ ਦੇ ਅਕਾਸ਼ 'ਤੇ ਦਿਸਿਆ। ਤੇ ਫੇਰ ਅਲੋਪ ਹੋ ਗਿਆ। 6 ਤਰੀਖ ਸਵੇਰੇ ਹਰਵਿੰਦਰ ਸੰਧੂ ਤੇ 22 ਸਾਥੀਆਂ ਨੇ ਹਰਿਮੰਦਰ ਸਾਹਿਬ ਤੋਂ ਆਪਣੇ ਆਪ ਨੂੰ ਫੌਜ ਦੇ ਹਵਾਲੇ ਕੀਤਾ।

ਓਪਰੇਸ਼ਨ 'ਬਲਿਊ ਸਟਾਰ' ਮੁਕੰਮਲ ਹੋ ਗਿਆ ਹੈ। ਆਤੰਕਵਾਦ ਦਾ ਕਿਲ੍ਹਾ ਸਰ ਹੋ ਗਿਆ ਹੈ। ਇਹ ਦੇਸ਼ ਦੀ ਏਕਤਾ ਲਈ ਇਕ ਖਤਰਨਾਕ ਸੰਭਾਵਨਾ ਸਾਬਤ ਹੋ ਸਕਦਾ ਸੀ। ਦਰਬਾਰ ਸਾਹਿਬ ਦੇ ਕੰਪਲੈਕਸ ਵਿਚ ਹਰਿਮੰਦਰ ਸਾਹਿਬ ਤੋਂ ਸਿਵਾ ਕੁਝ ਵੀ ਸਬੂਤਾ ਨਹੀਂ ਹਰਿਮੰਦਰ ਸਾਹਿਬ ਦੇ ਗੁੰਬਦ ਵਿਚ ਵੀ ਪਹਿਲੀ ਤਰੀਖ ਦੀ ਫਾਇਰਿੰਗ ਨਾਲ 26 ਗੋਲੀ ਦੀਆਂ ਮੋਰੀਆਂ ਗਿਣੀਆਂ ਗਈਆਂ ਹਨ। ਗੁਰੂ ਰਾਮਦਾਸ ਸਰਾਂ, ਲਾਇਬਰੇਰੀ, ਸਮੁੰਦਰੀ ਹਾਲ, ਲੰਗਰ ਬਿਲਡਿੰਗ, ਪ੍ਰਕਰਮਾ ਦੇ ਆਲੇ ਦੁਆਲੇ ਦੇ ਕਮਰੇ, ਸਿਖ ਰੈਫਰੈਂਸ ਲਾਇਬਰੇਰੀ, ਘੜੀਆਂ, ਅਕਾਲ ਤਖਤ ਸਭ ਦਾ ਨੁਕਸਾਨ ਹੋਇਆ ਹੈ। ਮਾਸੂਮਾਂ ਵਿਚੋਂ ਮਾਸੂਮ ਪੰਛੀ ਕਬੂਤਰ ਵੀ ਹੁਣ ਉਥੇ ਨਹੀਂ, ਸ਼ਾਇਦ ਉਡ ਗਏ, ਸ਼ਾਇਦ ਧਮਾਕਿਆਂ ਨਾਲ ਦਮ ਤੋੜ ਗਏ। ਇਹ ਸਭ ਕੁਝ ਕੀ ਹੋਇਆ, ਕਿਉਂ ਹੋਇਆ? ਆਉਣ ਵਾਲਾ ਸਮਾਂ ਇਹਦੇ ਬਾਰੇ ਕੁਝ ਚਾਨਣ ਪਾਏਗਾ, ਪਰ ਜੋ ਕੁਝ ਵੀ ਹੋਇਆ। ਇਕ ਵੱਡੇ 'ਦੁਖਾਂਤ' ਤੋਂ ਸਿਵਾ ਇਸਨੂੰ ਕੁਝ ਨਹੀਂ ਕਿਹਾ ਜਾ ਸਕਦਾ।

(ਸ਼ੇਖਰ ਗੁਪਤਾ ਦੀ ਰੀਪੋਰਟ ਦਾ ਸੰਖੇਪ ਰੂਪ)